
ਵ. ਇ. ਲੈਨਿਨ

# ਕਾਰਲ ਮਾਰਕਸ ਤੇ ਉਹਨਾਂ ਦੀ ਸਿੱਖਿਆ



ਸਾਰੇ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ !

ਵ. ਇ. ਲੈਨਿਨ

# ਕਾਰਲ ਮਾਰਕਸ ਤੇ ਉਹਨਾਂ ਦੀ ਸਿੱਖਿਆ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ ਰਾਹੁਲ ਫਾਊਂਡੇਸ਼ਨ-ਲਖਨਊ)

ਕਾਰਲ ਮਾਰਕਸ ਅਤੇ ਉਹਨਾਂ ਦੀ ਸਿੱਖਿਆ — ਵ. ਇ. ਲੈਨਿਨ

Karl Marx And His Teachings — V. I. Lenin

ਇਹ ਐਡੀਸ਼ਨ — ਅਪ੍ਰੈਲ 2010

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

**ਕੀਮਤ** : 35 **ਰੁਪਏ**

# ਤਤਕਰਾ


ਕਾਰਲ ਮਾਰਕਸ (ਕਾਰਲ ਮਾਰਕਸ ਦੀ ਜੀਵਨੀ ਸਹਿਤ ਮਾਰਕਸਵਾਦ ਦੀ ਸੰਖੇਪ ਰੂਪ-ਰੇਖਾ) - - - - 5

ਭੂਮਿਕਾ - - - - 5

ਮਾਰਕਸਵਾਦੀ ਮੱਤ - - - - 10

ਦਾਰਸ਼ਨਿਕ ਪਦਾਰਥਵਾਦ - - - - 10

ਦਵੰਦਵਾਦ - - - - 13

ਇਤਿਹਾਸ ਦਾ ਪਦਾਰਥਵਾਦੀ ਸੰਕਲਪ - - - - 15

ਜਮਾਤੀ-ਘੋਲ਼ - - - - 18

ਮਾਰਕਸ ਦਾ ਆਰਥਕ ਮੱਤ - - - - 20

ਕਦਰ - - - - 20

ਵਾਧੂ ਕਦਰ - - - - 22

ਸਮਾਜਵਾਦ - - - - 31

ਪ੍ਰੋਲੇਤਾਰੀ ਦੇ ਜਮਾਤੀ ਘੋਲ਼ ਦੇ ਦਾਅ-ਪੇਚ - - - - 35

ਫ਼ਰੈਡਰਿਕ ਏਂਗਲਜ਼ - - - - 40

ਮਾਰਕਸਵਾਦ ਦੇ ਤਿੰਨ ਸੋਮੇ ਤੇ ਤਿੰਨ ਅੰਗ-ਰੂਪ ਹਿੱਸੇ - - - - 50

ਮਾਰਕਸਵਾਦ ਦੇ ਇਤਿਹਾਸਕ ਵਿਕਾਸ ਦੇ ਕੁੱਝ ਲੱਛਣ - - - - 56

ਕਾਰਲ ਮਾਰਕਸ ਦੀ ਸਿੱਖਿਆ ਦੀ ਇਤਿਹਾਸਕ ਹੋਣੀ - - - - 61

ਮਾਰਕਸਵਾਦ ਤੇ ਸੋਧਵਾਦ - - - - 65

ਨੋਟ - - - - 74

ਨਾਮਾਵਲੀ - - - - 89

# ਕਾਰਲ ਮਾਰਕਸ

## (ਕਾਰਲ ਮਾਰਕਸ ਦੀ ਜੀਵਨੀ ਸਹਿਤ ਮਾਰਕਸਵਾਦ ਦੀ ਸੰਖੇਪ ਰੂਪ-ਰੇਖਾ)[1]

### ਭੂਮਿਕਾ

ਕਾਰਲ ਮਾਰਕਸ ਸਬੰਧੀ ਲੇਖ, ਜਿਹੜਾ ਹੁਣ ਵੱਖਰੀ ਛਾਪ ਵਜੋਂ ਛਪ ਰਿਹਾ ਹੈ, (ਜਿੱਥੋਂ ਤੱਕ ਮੈਨੂੰ ਚੇਤੇ ਹੈ) 1913 ਵਿੱਚ ਗਰਾਨਾਤ ਮਹਾਨ–ਕੋਸ਼ ਲਈ ਲਿਖਿਆ ਗਿਆ ਸੀ। ਮਾਰਕਸ ਸਬੰਧੀ ਇੱਕ ਚੋਖੀ ਵਿਸਥਾਰ–ਪੂਰਵਕ ਪੁਸਤਕ–ਸੂਚੀ, ਵਧੇਰੇ ਵਿਦੇਸ਼ੀ, ਲੇਖ ਨਾਲ਼ ਨੱਥੀ ਕੀਤੀ ਗਈ ਸੀ। ਇਸ ਸੰਸਕ੍ਰਣ ਵਿੱਚ ਇਹ ਪੁਸਤਕ–ਸੂਚੀ ਸ਼ਾਮਲ ਨਹੀਂ ਕੀਤੀ ਗਈ। ਆਪਣੀ ਵਾਰੀ ਮਹਾਨ–ਕੋਸ਼ ਦੇ ਸੰਪਾਦਕਾਂ ਨੇ, ਸੈਂਸਰਸ਼ਿਪ ਦੇ ਕਾਰਨਾਂ ਕਰਕੇ ਮਾਰਕਸ ਸਬੰਧੀ ਲੇਖ ਦਾ ਅਖ਼ੀਰੀ ਹਿੱਸਾ ਕੱਟ ਦਿੱਤਾ ਹੈ, ਮਤਲਬ, ਉਹਦੇ ਇਨਕਲਾਬੀ ਦਾਅ–ਪੇਚਾਂ ਸਬੰਧੀ ਹਿੱਸਾ। ਮੰਦੇ–ਭਾਗੀਂ ਮੈਂ ਇੱਥੇ ਉਹ ਅਖ਼ੀਰੀ ਹਿੱਸਾ ਨਕਲ ਕਰਨੋਂ ਅਸਮੱਰਥ ਹਾਂ, ਕਿਉਂਕਿ ਖਰੜਾ ਕਿਧਰੇ ਕਰੈਕੋਵ ਜਾਂ ਸਵਿਟਜ਼ਰਲੈਂਡ ਵਿੱਚ ਮੇਰੇ ਕਾਗਜ਼ਾਂ ਵਿੱਚ ਰਹਿ ਗਿਆ ਹੈ। ਮੈਨੂੰ ਕੇਵਲ ਇੰਨਾ ਚੇਤੇ ਹੈ ਕਿ ਅਖ਼ੀਰੀ ਹਿੱਸੇ ਵਿੱਚ, ਹੋਰ ਗੱਲਾਂ ਤੋਂ ਬਿਨਾਂ, ਮੈਂ ਮਾਰਕਸ ਵੱਲੋਂ ਏਂਗਲਜ਼ ਨੂੰ 16 ਅਪ੍ਰੈਲ 1856 ਦੇ ਖ਼ਤ ਵਿੱਚੋਂ ਇੱਕ ਟੋਟੇ ਦੀ ਟੂਕ ਦਿੱਤੀ ਸੀ, ਜਿਸ ਵਿੱਚ ਉਹਨਾਂ ਨੇ ਲਿਖਿਆ ਸੀ: "ਜਰਮਨੀ ਵਿੱਚ ਸਾਰੀ ਗੱਲ ਪ੍ਰੋਲੇਤਾਰੀ ਇਨਕਲਾਬ ਦੀ ਪੁਸ਼ਟੀ ਕਿਸਾਨ ਯੁੱਧ ਦੇ ਕਿਸੇ ਦੂਜੇ ਸੰਸਕ੍ਰਣ ਨਾਲ਼ ਕਰਨ ਉੱਤੇ ਨਿਰਭਰ ਹੈ। ਫਿਰ ਮਾਮਲਾ ਸ਼ਾਨਦਾਰ ਹੋਵੇਗਾ।" ਇਹ ਉਹ ਗੱਲ ਹੈ ਜਿਹੜੀ ਸਾਡੇ ਮੈਨਸ਼ਵਿਕ, ਜਿਹੜੇ ਸੋਸ਼ਲਿਜ਼ਮ ਨਾਲ਼ ਨਿਪਟ ਵਿਸਾਹਘਾਤ ਅਤੇ ਭਗੌੜੇ ਬਣ ਕੇ ਬੁਰਜੂਆਜ਼ੀ ਵੱਲ ਚੱਲੇ ਜਾਣ ਤੱਕ ਨਿਘਰ ਗਏ ਹਨ, 1905 ਤੋਂ ਲੈ ਕੇ ਸਮਝਣੋਂ ਅਸਮਰਥ ਰਹੇ ਹਨ।

**- ਨ. ਲੈਨਿਨ**

ਮਾਸਕੋ, 14 ਮਈ, 1918

**ਕਾਰਲ ਮਾਰਕਸ** ਦਾ ਜਨਮ 5 ਮਈ, 1818 (ਨਵੇਂ ਕਲੰਡਰ ਅਨੁਸਾਰ) ਨੂੰ ਸ਼ਹਿਰ ਟਰੀਏਰ (ਰ੍ਹਾਈਨਿਸ਼ ਪਰੂਸ਼ੀਆ) ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਇੱਕ ਵਕੀਲ ਸਨ, ਯਹੂਦੀ, ਜਿਨ੍ਹਾਂ ਨੇ 1824 ਵਿੱਚ ਪ੍ਰੋਟੈਸਟੈਂਟ ਮੱਤ ਧਾਰਨ ਕਰ ਲਿਆ ਸੀ। ਪਰਿਵਾਰ ਰੱਜਿਆ-ਪੁੱਜਿਆ ਤੇ ਸੱਭਿਆ ਸੀ, ਪਰ ਇਨਕਲਾਬੀ ਨਹੀਂ ਸੀ। ਟਰੀਏਰ ਦੇ ਇੱਕ ਹਾਈ ਸਕੂਲ ਤੋਂ ਪੜ੍ਹਾਈ ਖਤਮ ਕਰਨ ਤੋਂ ਪਿੱਛੋਂ, ਮਾਰਕਸ ਪਹਿਲਾਂ ਬੋਨ ਤੇ ਮਗਰੋਂ ਬਰਲਿਨ ਯੂਨੀਵਰਸਿਟੀ ਵਿੱਚ ਦਾਖਲ ਹੋਏ, ਜਿੱਥੇ ਉਨ੍ਹਾਂ ਨੇ ਕਾਨੂੰਨ ਦੀ ਤੇ ਮੁੱਖ ਕਰਕੇ ਇਤਿਹਾਸ ਤੇ ਦਰਸ਼ਨ ਦੀ ਪੜ੍ਹਾਈ ਕੀਤੀ। 1841 ਵਿੱਚ, ਏਪੀਕਿਉਰਸ ਦੇ ਦਰਸ਼ਨ ਬਾਰੇ ਡਾਕਟਰੀ ਲਈ ਥੀਸਿਸ ਪੇਸ਼ ਕਰਨ ਨਾਲ਼ ਉਨ੍ਹਾਂ ਨੇ ਆਪਣੀ ਯੂਨੀਵਰਸਿਟੀ ਦੀ ਪੜ੍ਹਾਈ ਖ਼ਤਮ ਕੀਤੀ। ਉਸ ਸਮੇਂ ਮਾਰਕਸ ਆਪਣੇ ਵਿਚਾਰਾਂ ਵਿੱਚ ਹੀਗਲਵਾਦੀ-ਵਿਚਾਰਵਾਦੀ ਸਨ। ਬਰਲਿਨ ਵਿੱਚ, ਉਹ "ਖੱਬੇ ਹੀਗਲਵਾਦੀਆਂ" (ਬਰੂਨੋ ਬਾਵੇਰ ਆਦਿ) ਦੇ ਹਲਕੇ ਨਾਲ਼ ਸਬੰਧ ਰੱਖਦੇ ਸਨ, ਜਿਹੜੇ ਹੀਗਲ ਦੇ ਦਰਸ਼ਨ ਤੇ ਅਨੀਸ਼ਵਰਵਾਦੀ ਤੇ ਇਨਕਲਾਬੀ ਸਿੱਟੇ ਕੱਢਣ ਦੀ ਕੋਸ਼ਿਸ਼ ਕਰਦੇ ਸਨ।

ਗਰੈਜੂਏਸ਼ਨ ਕਰਨ ਤੋਂ ਪਿੱਛੋਂ, ਮਾਰਕਸ ਪ੍ਰੋਫੈਸਰ ਬਣਨ ਦੀ ਆਸ ਨਾਲ਼ ਬੋਨ ਆ ਗਏ। ਪਰ ਸਰਕਾਰ ਦੀ ਪਿਛਾਂਹਖਿਚੂ ਨੀਤੀ ਨੇ, ਜਿਸ ਨੇ 1832 ਵਿੱਚ ਲुडਵਿਗ ਫਿਊਰਬਾਖ ਨੂੰ ਪ੍ਰੋਫੈਸਰੀ ਤੋਂ ਵਾਂਝਿਆਂ ਕਰ ਦਿੱਤਾ ਸੀ ਅਤੇ 1836 ਵਿੱਚ ਵਾਪਸ ਯੂਨੀਵਰਸਿਟੀ ਵਿੱਚ ਆਉਣ ਤੋਂ ਉਸ ਨੂੰ ਰੋਕ ਦਿੱਤਾ ਸੀ, ਤੇ 1841 ਵਿੱਚ ਨੌਜਵਾਨ ਪ੍ਰੋਫੈਸਰ ਬਰੂਨੋ ਬਾਵੇਰ ਨੂੰ ਬੋਨ ਵਿੱਚ ਲੈਕਚਰ ਦੇਣ ਤੋਂ ਮਨਾਹੀ ਕਰ ਦਿੱਤੀ ਸੀ, ਮਾਰਕਸ ਨੂੰ ਵਿੱਦਿਅਕ ਖੇਤਰ ਵਿੱਚ ਨੌਕਰੀ ਦਾ ਵਿਚਾਰ ਛੱਡਣ ਉੱਤੇ ਮਜਬੂਰ ਕਰ ਦਿੱਤਾ। ਖੱਬੇ ਹੀਗਲਵਾਦੀ ਵਿਚਾਰਾਂ ਦਾ ਉਸ ਵੇਲ਼ੇ ਜਰਮਨੀ ਵਿੱਚ ਤੇਜ਼ੀ ਨਾਲ਼ ਪ੍ਰਭਾਵ ਵੱਧ ਰਿਹਾ ਸੀ। ਲੁਡਵਿਗ ਫਿਊਰਬਾਖ ਨੇ, ਖਾਸ ਕਰਕੇ 1836 ਤੋਂ ਪਿੱਛੋਂ, ਧਰਮ-ਵਿੱਦਿਆ[2] ਦੀ ਆਲੋਚਨਾ ਕਰਨੀ, ਤੇ ਪਦਾਰਥਵਾਦ ਵੱਲ ਆਉਣਾ ਸ਼ੁਰੂ ਕਰ ਦਿੱਤਾ, ਜਿਸ ਦਾ 1841 ਵਿੱਚ ਉਸ ਦੇ ਦਰਸ਼ਨ ਵਿੱਚ ਉਪਰਲਾ ਹੱਥ ਹੋ ਗਿਆ ("ਈਸਾਈ ਮੱਤ ਦਾ ਤੱਤ")। ਸੰਨ 1843 ਵਿੱਚ ਉਸ ਦੀ ਪੁਸਤਕ "ਭਵਿੱਖ ਦੇ ਦਰਸ਼ਨ ਦੇ ਅਸੂਲ" ਛੱਪ ਕੇ ਸਾਹਮਣੇ ਆਈ। ਇਹਨਾਂ ਕਿਤਾਬਾਂ ਦਾ "ਬੰਦਖਲਾਸੀ ਕਰਨ ਵਾਲ਼ਾ ਪ੍ਰਭਾਵ ਬੰਦੇ ਲਈ ਆਪ ਮਹਿਸੂਸ ਕਰਨਾ ਜ਼ਰੂਰੀ ਸੀ, "ਏਂਗਲਜ਼ ਨੇ ਮਗਰੋਂ ਫਿਊਰਬਾਖ ਦੀਆਂ ਇਹਨਾਂ ਕਿਰਤਾਂ ਬਾਰੇ ਲਿਖਿਆ। "ਅਸੀਂ" (ਭਾਵ, ਮਾਰਕਸ ਸਮੇਤ, ਸਾਰੇ ਖੱਬੇ ਹੀਗਲਵਾਦੀ) "ਸਾਰੇ ਇੱਕਦਮ ਫਿਊਰਬਾਖਵਾਦੀ[3] ਹੋ ਗਏ"। ਉਸ ਵੇਲ਼ੇ, ਰ੍ਹਾਈਨਲੈਂਡ ਵਿਚਲੇ ਕੁੱਝ ਉਗਰਵਾਦੀ ਬੁਰਜੂਆ ਬੰਦਿਆਂ ਨੇ, ਜਿਹੜੇ ਖੱਬੇ ਹੀਗਲਵਾਦੀਆਂ ਨਾਲ਼ ਕੁੱਝ ਸਾਂਝ ਰੱਖਦੇ ਸਨ, ਕੋਲੋਨ ਵਿੱਚ ਇੱਕ ਵਿਰੋਧੀ ਦਲ ਦੇ ਅਖ਼ਬਾਰ "ਰ੍ਹਾਈਨ ਦੈਨਿਕ" ("Rheinische Zeitung" ਦੀ ਨੀਂਹ ਰੱਖੀ, ਪਹਿਲਾ ਅੰਕ 1 ਜਨਵਰੀ, 1842 ਵਿੱਚ ਪ੍ਰਕਾਸ਼ਤ ਹੋਇਆ)। ਮਾਰਕਸ ਤੇ ਬਰੂਨੋ ਬਾਵੇਰ ਨੂੰ ਇਸ ਦੇ ਮੁੱਖ ਕਾਰਕੁੰਨ ਬਣਨ ਦਾ ਸੱਦਾ ਦਿੱਤਾ ਗਿਆ ਤੇ ਅਕਤੂਬਰ 1842 ਵਿੱਚ ਮਾਰਕਸ ਇਸ ਦੇ ਮੁੱਖ ਸੰਪਾਦਕ ਬਣ ਗਏ ਤੇ ਬੋਨ ਤੋਂ ਕੋਲੋਨ ਚਲੇ ਗਏ। ਮਾਰਕਸ ਦੇ ਸੰਪਾਦਨ ਹੇਠ ਅਖ਼ਬਾਰ ਦਾ ਇਨਕਲਾਬੀ-ਜਮਹੂਰੀ

ਰੁਝਾਣ ਦਿਨੋ-ਦਿਨ ਵਧੇਰੇ ਪ੍ਰਬਲ ਹੁੰਦਾ ਗਿਆ ਤੇ ਸਰਕਾਰ ਨੇ ਪਹਿਲਾਂ ਅਖ਼ਬਾਰ ਉੱਤੇ ਦੂਹਰੀ ਤੇ ਤੀਹਰੀ ਸੈਂਸਰਸ਼ਿਪ ਠੋਸੀ ਤੇ ਫਿਰ 1 ਜਨਵਰੀ, 1843 ਨੂੰ ਇਸ ਨੂੰ ਬੰਦ ਕਰ ਦੇਣ ਦਾ ਫੈਸਲਾ ਕਰ ਲਿਆ। ਮਾਰਕਸ ਨੂੰ ਇਸ ਤਰੀਕ ਤੋਂ ਪਹਿਲਾਂ ਹੀ ਸੰਪਾਦਕ ਦੀ ਪਦਵੀ ਤੋਂ ਅਸਤੀਫ਼ਾ ਦੇਣਾ ਪਿਆ, ਪਰ ਉਨ੍ਹਾਂ ਦਾ ਅਸਤੀਫ਼ਾ ਵੀ ਅਖ਼ਬਾਰ ਨੂੰ ਬਚਾ ਨਾ ਸਕਿਆ ਤੇ ਮਾਰਚ 1843 ਵਿੱਚ ਇਸ ਦਾ ਪ੍ਰਕਾਸ਼ਨ ਬੰਦ ਕਰ ਦਿੱਤਾ ਗਿਆ। ਮਾਰਕਸ ਵੱਲੋਂ "ਰ੍ਹਾਈਨ ਦੈਨਿਕ" ਵਿੱਚ ਲਿਖੇ ਗਏ ਮੁੱਖ ਲੇਖਾਂ ਵਿੱਚ ਹੇਠਾਂ ਦਿੱਤੇ ਗਏ ਲੇਖਾਂ ਤੋਂ ਇਲਾਵਾ (ਦੇਖੋ **ਪੁਸਤਕ-ਸੂਚੀ**[4]), ਏਂਗਲਜ਼ ਮੋਜ਼ੇਲ[5] ਵਾਦੀ ਵਿਚਲੇ ਅੰਗੂਰ ਉਤਪਾਦਕ ਕਿਸਾਨਾਂ ਦੀ ਹਾਲਤ ਬਾਰੇ ਇੱਕ ਲੇਖ ਦਾ ਜ਼ਿਕਰ ਕਰਦੇ ਹਨ। ਮਾਰਕਸ ਦੀ ਪੱਤਰਕਾਰ ਵਜੋਂ ਸਰਗਰਮੀ ਨੇ ਉਨ੍ਹਾਂ ਨੂੰ ਵਿਸ਼ਵਾਸ ਕਰਵਾ ਦਿੱਤਾ ਕਿ ਉਨ੍ਹਾਂ ਨੂੰ ਰਾਜਨੀਤਕ ਆਰਥਕਤਾ ਦਾ ਕਾਫ਼ੀ ਗਿਆਨ ਨਹੀਂ ਸੀ ਤੇ ਉਹ ਜ਼ੋਰ-ਸ਼ੋਰ ਨਾਲ਼ ਇਸ ਦਾ ਅਧਿਐਨ ਕਰਨ ਵਿੱਚ ਜੁੱਟ ਗਏ।

1843 ਵਿੱਚ ਮਾਰਕਸ ਦਾ, ਕਰੇਇਤਸਨਾਖ ਵਿੱਚ ਜੈਨੀ ਫਾਨ ਵੈਸਟਫਾਲੇਨ ਨਾਲ਼ ਵਿਆਹ ਹੋ ਗਿਆ, ਜਿਹੜੀ ਉਨ੍ਹਾਂ ਦੀ ਬਚਪਨ ਦੀ ਦੋਸਤ ਸੀ ਤੇ ਜਿਸ ਨਾਲ਼ ਵਿਦਿਆਰਥੀ ਹੁੰਦਿਆਂ ਹੀ ਉਨ੍ਹਾਂ ਦੀ ਕੁੜਮਾਈ ਹੋ ਗਈ ਸੀ। ਉਨ੍ਹਾਂ ਦੀ ਪਤਨੀ ਪਰੂਸ਼ੀਆ ਦੇ ਰਾਠ ਘਰਾਣਿਆਂ ਦੇ ਇੱਕ ਪਿਛਾਂਹਖਿਚੂ ਪਰਿਵਾਰ ਦੀ ਜਮਪਲ ਸੀ। ਉਸ ਦਾ ਵੱਡਾ ਭਰਾ ਅਤਿ ਦੇ ਪਿਛਾਂਹਖਿਚੂ ਦੌਰ — 1850-1858— ਵਿੱਚ ਪਰੂਸ਼ੀਆ ਦਾ ਗ੍ਰਹਿ ਮੰਤਰੀ ਸੀ। 1843 ਦੀ ਪਤਝੜ ਵਿੱਚ ਮਾਰਕਸ ਆਰਨੋਲਡ ਰੂਗੇ (1802-1880; ਖੱਬਾ ਹੀਗਲਵਾਦੀ; 1825-1830 ਵਿੱਚ ਕੈਦ ਵਿੱਚ ਰਹੇ; 1848 ਤੋਂ ਮਗਰੋਂ ਰਾਜਸੀ ਜਲਾਵਤਨ ਤੇ 1866-1870 ਤੋਂ ਮਗਰੋਂ ਬਿਸਮਾਰਕਪੱਖੀ) ਨਾਲ਼ ਮਿਲ ਕੇ ਵਿਦੇਸ਼ਾਂ ਤੋਂ ਇੱਕ ਉਗਰਵਾਦੀ ਰਸਾਲਾ ਕੱਢਣ ਲਈ ਪੈਰਿਸ ਚਲੇ ਗਏ। ਇਸ ਰਸਾਲੇ "Deutsch-Franzosische Jahrbucher" ("ਜਰਮਨ-ਫ਼ਰਾਂਸੀਸੀ ਸਾਲਨਾਮਾ"), ਦਾ ਸਿਰਫ਼ ਇੱਕ ਅੰਕ ਛਪਿਆ। ਜਰਮਨੀ ਵਿੱਚ ਇਸ ਨੂੰ ਖੁਫੀਆ ਤੌਰ 'ਤੇ ਵੰਡਣ ਦੀ ਮੁਸ਼ਕਲ ਕਾਰਨ ਤੇ ਰੂਗੇ ਨਾਲ਼ ਮੱਤਭੇਦ ਕਾਰਨ ਇਸ ਦਾ ਪ੍ਰਕਾਸ਼ਨ ਬੰਦ ਕਰ ਦਿੱਤਾ ਗਿਆ। ਇਸ ਰਸਾਲੇ ਵਿਚਲੇ ਮਾਰਕਸ ਦੇ ਲੇਖਾਂ ਤੋਂ ਪਤਾ ਲੱਗਦਾ ਹੈ ਕਿ ਉਹ ਪਹਿਲਾਂ ਹੀ ਐਸੇ ਇਨਕਲਾਬੀ ਬਣ ਚੁੱਕੇ ਸਨ, ਜਿਹੜਾ "ਹਰ ਮੌਜੂਦ ਚੀਜ਼ ਦੀ ਬੇਤਰਸ ਆਲੋਚਨਾ ਕਰਨ" ਦੀ, ਤੇ ਖਾਸ ਕਰਕੇ "ਹਥਿਆਰ ਨਾਲ਼ ਆਲੋਚਨਾ ਕਰਨ"[5] ਦੀ ਵਕਾਲਤ ਕਰਦਾ ਸੀ, ਤੇ **ਜਨਤਾ ਨੂੰ** ਤੇ **ਪ੍ਰੋਲੇਤਾਰੀਆਂ ਨੂੰ** ਸੰਬੋਧਨ ਕਰਦਾ ਸੀ।

ਸਤੰਬਰ 1844 ਵਿੱਚ ਫ਼ਰੈਡਰਿਕ ਏਂਗਲਜ਼ ਕੁੱਝ ਦਿਨਾਂ ਲਈ ਪੈਰਿਸ ਆਏ ਤੇ ਉਦੋਂ ਤੋਂ ਹੀ ਮਾਰਕਸ ਦੇ ਸਭ ਤੋਂ ਗੂੜ੍ਹੇ ਦੋਸਤ ਬਣ ਗਏ। ਉਹਨਾਂ ਦੋਵਾਂ ਨੇ ਪੈਰਿਸ ਵਿਚਲੇ ਇਨਕਲਾਬੀ ਗਰੁੱਪਾਂ ਦੇ ਉਸ ਵੇਲੇ ਖੌਲਦੇ ਜੀਵਨ ਵਿੱਚ ਬੇਹੱਦ ਸਰਗਰਮ ਹਿੱਸਾ ਲਿਆ (ਉਸ ਵੇਲੇ ਪਰੂਧੋਂ[7] ਦਾ ਮੱਤ ਖਾਸ ਮਹੱਤਤਾ ਰੱਖਦਾ ਸੀ, ਜਿਸ ਦੇ ਮਾਰਕਸ ਨੇ 1847 ਵਿੱਚ ਆਪਣੀ ਪੁਸਤਕ "ਦਰਸ਼ਨ ਦੀ ਕੰਗਾਲੀ" ਵਿੱਚ ਬਖੀਏ ਉਧੇੜੇ ਸਨ); ਨਿੱਕ-ਬੁਰਜੂਆ ਸੋਸ਼ਲਿਜ਼ਮ ਦੇ ਵੱਖੋ ਵੱਖਰੇ ਮੱਤਾਂ ਦੇ ਖ਼ਿਲਾਫ਼ ਜ਼ੋਰਦਾਰ ਘੋਲ਼ ਚਲਾਉਂਦਿਆਂ, ਉਹਨਾਂ ਨੇ ਇਨਕਲਾਬੀ **ਪ੍ਰੋਲੇਤਾਰੀ ਸੋਸ਼ਲਿਜ਼ਮ** ਜਾਂ ਕਮਿਊਨਿਜ਼ਮ (ਮਾਰਕਸਵਾਦ) ਦਾ ਸਿਧਾਂਤ ਤੇ

ਦਾਅ-ਪੇਚ ਘੜੇ। ਦੇਖੋ **ਪੁਸਤਕ-ਸੂਚੀ** ਵਿੱਚ ਦਿੱਤੀਆਂ ਗਈਆਂ ਮਾਰਕਸ ਦੀਆਂ ਇਸ ਦੌਰ, 1844-1848 ਦੀਆਂ ਕਿਰਤਾਂ। ਪਰੂਸ਼ੀਆ ਦੀ ਸਰਕਾਰ ਵੱਲੋਂ ਮੁੜ-ਮੁੜ ਕਹੇ ਜਾਣ ਉੱਤੇ ਮਾਰਕਸ ਨੂੰ ਖਤਰਨਾਕ ਇਨਕਲਾਬੀ ਵਜੋਂ 1845 ਵਿੱਚ ਪੈਰਿਸ ਵਿੱਚੋਂ ਕੱਢ ਦਿੱਤਾ ਗਿਆ। ਉਹ ਬਰਸੇਲਜ਼ ਚਲੇ ਗਏ। 1847 ਦੀ ਬਸੰਤ ਵਿੱਚ ਮਾਰਕਸ ਤੇ ਏਂਗਲਜ਼ "ਕਮਿਊਨਿਸਟ ਲੀਗ" ਨਾਂ ਦੀ ਇੱਕ ਖੁਫੀਆ ਪ੍ਰਚਾਰ ਸੁਸਾਇਟੀ ਵਿੱਚ ਸ਼ਾਮਲ ਹੋ ਗਏ; ਉਹਨਾਂ ਨੇ ਲੀਗ ਦੀ ਦੂਜੀ ਕਾਂਗਰਸ (ਲੰਡਨ, ਨਵੰਬਰ 1847) ਵਿੱਚ ਉਘਾ ਹਿੱਸਾ ਲਿਆ ਤੇ ਉਸ ਦੇ ਕਹਿਣ ਉੱਤੇ ਉਹਨਾਂ ਨੇ ਪ੍ਰਸਿੱਧ "ਕਮਿਊਨਿਸਟ ਮੈਨੀਫੈਸਟੋ" ਲਿਖਿਆ, ਜਿਹੜਾ ਫ਼ਰਵਰੀ 1848 ਵਿੱਚ ਪ੍ਰਕਾਸ਼ਤ ਹੋਇਆ। ਪ੍ਰਤਿਭਾ ਵਾਲ਼ੀ ਸਪੱਸ਼ਟਤਾ ਤੇ ਰੌਸ਼ਨ-ਦਿਮਾਗੀ ਨਾਲ਼, ਇਹ ਕਿਰਤ ਨਵਾਂ ਸੰਸਾਰ-ਸੰਕਲਪ ਉਲੀਕਦੀ ਹੈ — ਇੱਕਸਾਰ ਪਦਾਰਥਵਾਦ, ਜਿਹੜਾ ਸਮਾਜਕ ਜੀਵਨ ਦੇ ਖੇਤਰ ਨੂੰ ਵੀ ਆਪਣੇ ਕਲਾਵੇ ਵਿੱਚ ਲੈਂਦਾ ਹੈ; ਵਿਕਾਸ ਦੇ ਸਭ ਤੋਂ ਵੱਧ ਸਰਬੰਗੀ ਤੇ ਗੂੜ੍ਹ ਸਿਧਾਂਤ ਵਜੋਂ ਦਵੰਦਵਾਦ; ਜਮਾਤੀ ਘੋਲ਼ ਦਾ, ਤੇ ਪ੍ਰੋਲੇਤਾਰੀ— ਨਵੇਂ, ਕਮਿਊਨਿਸਟ ਸਮਾਜ ਤੇ ਸਿਰਜਨਹਾਰਿਆਂ— ਦੇ ਸੰਸਾਰ-ਇਤਿਹਾਸਕ ਇਨਕਲਾਬੀ ਰੋਲ਼ ਦਾ ਸਿਧਾਂਤ।

ਫ਼ਰਵਰੀ 1848 ਦਾ ਇਨਕਲਾਬ[8] ਸ਼ੁਰੂ ਹੋਣ ਉੱਤੇ, ਮਾਰਕਸ ਨੂੰ ਬੈਲਜੀਅਮ ਵਿੱਚੋਂ ਕੱਢ ਦਿੱਤਾ ਗਿਆ। ਉਹ ਪੈਰਿਸ ਮੁੜ ਆਏ, ਜਿੱਥੋਂ, ਮਾਰਚ ਦੇ ਇਨਕਲਾਬ[9] ਤੋਂ ਮਗਰੋਂ, ਉਹ ਕੋਲੋਨ, ਜਰਮਨੀ ਚਲੇ ਗਏ। ਇੱਥੇ 1 ਜੂਨ, 1848 ਤੋਂ 19 ਮਈ, 1849 ਤੱਕ "Neue Rheinische Zeitung" ("ਨਵਾਂ ਰ੍ਹਾਈਨ ਦੈਨਿਕ") ਪ੍ਰਕਾਸ਼ਤ ਕੀਤਾ ਗਿਆ, ਜਿਸ ਦੇ ਮੁੱਖ ਸੰਪਾਦਕ ਮਾਰਕਸ ਸਨ। 1848-1849 ਦੀਆਂ ਇਨਕਲਾਬੀ ਘਟਨਾਵਾਂ ਦੇ ਪ੍ਰਵਾਹ ਨੇ ਨਵੇਂ ਸਿਧਾਂਤ ਦੀ ਸ਼ਾਨਦਾਰ ਢੰਗ ਨਾਲ਼ ਪੁਸ਼ਟੀ ਕਰ ਦਿੱਤੀ ਸੀ, ਜਿਸ ਤਰ੍ਹਾਂ ਮਗਰੋਂ ਵੀ ਦੁਨੀਆ ਦੇ ਸਾਰੇ ਦੇਸ਼ਾਂ ਵਿਚਲੀਆਂ ਪ੍ਰੋਲੇਤਾਰੀ ਤੇ ਜਮਹੂਰੀ ਲਹਿਰਾਂ ਵੱਲੋਂ ਇਸ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ। ਜੇਤੂ ਉਲਟ-ਇਨਕਲਾਬ ਨੇ ਪਹਿਲਾਂ ਮਾਰਕਸ ਦੇ ਖ਼ਿਲਾਫ਼ ਅਦਾਲਤੀ ਕਾਰਵਾਈ ਕੀਤੀ (ਉਨ੍ਹਾਂ ਨੂੰ 9 ਫ਼ਰਵਰੀ, 1849 ਵਿੱਚ ਬਰੀ ਕਰ ਦਿੱਤਾ ਗਿਆ) ਤੇ ਫਿਰ (16 ਮਈ, 1849 ਨੂੰ) ਉਨ੍ਹਾਂ ਨੂੰ ਜਰਮਨੀ ਤੋਂ ਜਲਾਵਤਨ ਕਰ ਦਿੱਤਾ। ਪਹਿਲਾਂ ਮਾਰਕਸ ਪੈਰਿਸ ਚਲੇ ਗਏ, ਜਿੱਥੋਂ 13 ਜੂਨ, 1849[10] ਦੇ ਮੁਜ਼ਾਹਰੇ ਤੋਂ ਮਗਰੋਂ ਉਨ੍ਹਾਂ ਨੂੰ ਫਿਰ ਕੱਢ ਦਿੱਤਾ ਗਿਆ ਤੇ ਫਿਰ ਉਹ ਲੰਦਨ ਚਲੇ ਗਏ, ਜਿੱਥੇ ਉਹ ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨ ਤੱਕ ਰਹੇ।

ਰਾਜਸੀ ਜਲਾਵਤਨ ਵਜੋਂ ਉਨ੍ਹਾਂ ਦੀ ਜ਼ਿੰਦਗੀ ਬੜੀ ਕਠਿਨ ਸੀ, ਜਿਵੇਂ ਕਿ ਮਾਰਕਸ ਤੇ ਏਂਗਲਜ਼ ਵਿਚਕਾਰ ਚਿੱਠੀ-ਪੱਤਰ (1913[11] ਵਿੱਚ ਪ੍ਰਕਾਸ਼ਤ) ਤੋਂ ਸਪੱਸ਼ਟ ਪਤਾ ਲੱਗਦਾ ਹੈ। ਮਾਰਕਸ ਤੇ ਉਨ੍ਹਾਂ ਦੇ ਪਰਿਵਾਰ ਨੂੰ ਗਰੀਬੀ ਨੇ ਬੁਰੀ ਤਰ੍ਹਾਂ ਦਬਾਇਆ ਹੋਇਆ ਸੀ। ਜੇ ਏਂਗਲਜ਼ ਵੱਲੋਂ ਇੱਕਸਾਰ ਤੇ ਨਿਸ਼ਕਾਮ ਮਾਇਕ ਸਹਾਇਤਾ ਨਾ ਮਿਲਦੀ, ਤਾਂ ਮਾਰਕਸ ਨਾ ਸਿਰਫ਼ "ਸਰਮਾਇਆ" ਨੂੰ ਪੂਰਿਆਂ ਕਰਨ ਤੋਂ ਹੀ ਅਸਮਰਥ ਰਹਿੰਦੇ, ਸਗੋਂ ਅਟੱਲ ਤੌਰ 'ਤੇ ਵਗੋਚੇ ਦੀ ਚੱਕੀ ਵਿੱਚ ਪਿਸ ਜਾਂਦੇ। ਇਸ ਤੋਂ ਛੁੱਟ, ਨਿੱਕ-ਬੁਰਜੂਆ ਸੋਸ਼ਲਿਜ਼ਮ

ਦੇ ਤੇ ਆਮ ਕਰਕੇ ਗ਼ੈਰ-ਪ੍ਰੋਲੇਤਾਰੀ ਸੋਸ਼ਲਿਜ਼ਮ ਦੇ ਪ੍ਰਚੱਲਤ ਮੱਤਾਂ ਤੇ ਰੁਝਾਣਾਂ ਨੇ ਮਾਰਕਸ ਨੂੰ ਲਗਾਤਾਰ ਤੇ ਬੇਕਿਰਕ ਘੋਲ਼ ਚਲਾਉਣ ਲਈ ਤੇ ਕਦੀ ਕਦੀ ਬੇਹੱਦ ਵਹਿਸ਼ੀ ਤੇ ਘਿਣਾਉਣੀ ਹੱਦ ਤੱਕ ਨਿੱਜੀ ਹਮਲਿਆਂ "Herr Vogt"[12] ਨੂੰ ਪਛਾੜਨ ਲਈ ਮਜਬੂਰ ਕਰ ਦਿੱਤਾ। ਮਾਰਕਸ ਨੇ, ਜਿਹੜੇ ਰਾਜਸੀ ਜਲਾਵਤਨਾਂ ਦੇ ਹਲਕਿਆਂ ਤੋਂ ਲਾਂਭੇ ਰਹੇ, ਆਪਣੇ ਆਪ ਨੂੰ ਮੁੱਖ ਤੌਰ 'ਤੇ ਰਾਜਨੀਤਕ ਆਰਥਕਤਾ ਦੇ ਅਧਿਐਨ ਦੇ ਅਰਪਿਤ ਕਰਦਿਆਂ, ਕਈ ਇਤਿਹਾਸਕ ਕਿਰਤਾਂ ਵਿੱਚ (ਦੇਖੋ **ਪੁਸਤਕ-ਸੂਚੀ**) ਆਪਣਾ ਪਦਾਰਥਵਾਦੀ ਸਿਧਾਂਤ ਵਿਕਸਤ ਕੀਤਾ। ਮਾਰਕਸ ਨੇ "ਰਾਜਨੀਤਕ ਆਰਥਕਤਾ ਦੀ ਆਲੋਚਨਾ ਨੂੰ ਇੱਕ ਦੇਣ" (1849) ਤੇ "ਸਰਮਾਇਆ" (ਸੈਂਚੀ-1, 1867) ਵਿੱਚ ਇਸ ਵਿਗਿਆਨ ਵਿੱਚ ਇਨਕਲਾਬ ਲੈ ਆਂਦਾ।

ਛੇਵੇਂ ਦਹਾਕੇ ਦੇ ਅਖ਼ੀਰ ਤੇ ਸਤਵੇਂ ਦਹਾਕੇ ਵਿੱਚ ਜਮਹੂਰੀ ਲਹਿਰਾਂ ਦੇ ਮੁੜ-ਸੁਰਜੀਤ ਹੋਣ ਨਾਲ਼ ਮਾਰਕਸ ਮੁੜ ਅਮਲੀ ਸਰਗਰਮੀ ਵਿੱਚ ਆ ਗਏ। 1864 (28 ਸਤੰਬਰ) ਵਿੱਚ ਲੰਡਨ ਵਿੱਚ "ਕੌਮਾਂਤਰੀ ਮਜ਼ਦੂਰ ਸੰਘ" — ਪ੍ਰਸਿੱਧ ਪਹਿਲੀ ਇੰਟਰਨੈਸ਼ਨਲ— ਦੀ ਨੀਂਹ ਰੱਖੀ ਗਈ। ਮਾਰਕਸ ਇਸ ਜੱਥੇਬੰਦੀ ਦਾ ਰੂਹੇ-ਰਵਾਂ ਸਨ; ਤੇ ਇਸ ਦੇ "ਉਦਘਾਟਣੀ ਭਾਸ਼ਣ"[13] ਦਾ 'ਤੇ ਕਿੰਨੇ ਸਾਰੇ ਮਤਿਆਂ, ਐਲਾਨਨਾਮਿਆਂ ਤੇ ਮੈਨੀਫੈਸਟੋਆਂ ਦੇ ਲੇਖਕ ਸਨ। ਵੱਖੋ-ਵੱਖਰੇ ਦੇਸ਼ਾਂ ਦੀ ਮਜ਼ਦੂਰ ਲਹਿਰ ਨੂੰ ਇਕਮੁੱਠ ਕਰਦਿਆਂ, ਗ਼ੈਰ-ਪ੍ਰੋਲੇਤਾਰੀ, ਪੂਰਵ-ਮਾਰਕਸੀ ਸੋਸ਼ਲਿਜ਼ਮ ਦੇ ਵੱਖੋ-ਵੱਖਰੇ ਰੂਪਾਂ (ਮਾਜ਼ਿਨੀ, ਪਰੂਧੋਂ, ਬਾਕੂਨਿਨ, ਬਰਤਾਨੀਆ ਵਿੱਚਲਾ ਉਦਾਰ ਟਰੇਡ ਯੂਨੀਅਨਵਾਦ, ਜਰਮਨੀ ਵਿੱਚ ਸੱਜੇ ਵੱਲ ਨੂੰ ਲਾਸਾਲਵਾਦੀ ਡੱਕੋ-ਡੋਲੇ ਆਦਿ) ਨੂੰ ਸਾਂਝੀ ਸਰਗਰਮੀ ਵਿੱਚ ਇਕੱਠਿਆਂ ਕਰਨ ਦੀ ਕੋਸ਼ਿਸ਼ ਕਰਦਿਆਂ ਤੇ ਇਹਨਾਂ ਸਾਰੇ ਫਿਰਕਿਆਂ ਤੇ ਸਕੂਲਾਂ ਦੇ ਸਿਧਾਂਤਾਂ ਦਾ ਮੁਕਾਬਲਾ ਕਰਦਿਆਂ, ਮਾਰਕਸ ਨੇ ਵੱਖੋ ਵੱਖਰੇ ਦੇਸ਼ਾਂ ਵਿੱਚ ਮਜ਼ਦੂਰ ਜਮਾਤ ਦੇ ਪ੍ਰੋਲੇਤਾਰੀ ਘੋਲ਼ ਦੇ ਇਕਰੂਪ ਦਾਅ-ਪੇਚ ਘੜੇ। ਪੈਰਿਸ ਕਮਿਊਨ (1871)[14] ਦੇ ਢਹਿ-ਢੇਰੀ ਹੋਣ ਤੋਂ ਮਗਰੋਂ — ਜਿਸ ਦਾ ਮਾਰਕਸ ਨੇ ਏਨਾਂ ਗੂੜ੍ਹ, ਸਪੱਸ਼ਟ, ਸ਼ਾਨਦਾਰ ਤੇ **ਅਸਰਦਾਰ** ਇਨਕਲਾਬੀ ਵਿਸ਼ਲੇਸ਼ਣ ਕੀਤਾ ("ਫ਼ਰਾਂਸ ਵਿੱਚ ਘਰੇਲੂ ਜੰਗ", 1871) — ਤੇ ਇੰਟਰਨੈਸ਼ਨਲ ਵਿੱਚ ਬਾਕੂਨਿਨ ਵੱਲੋਂ[15] ਪਾਈ ਗਈ ਦੁਫੇੜ ਤੋਂ ਮਗਰੋਂ, ਇਹ ਜੱਥੇਬੰਦੀ ਯੂਰਪ ਵਿੱਚ ਹੋਰ ਕਾਇਮ ਨਾ ਰਹਿ ਸਕੀ। ਇੰਟਰਨੈਸ਼ਨਲ ਦੀ ਹੇਗ ਕਾਂਗਰਸ (1872) ਤੋਂ ਮਗਰੋਂ, ਮਾਰਕਸ ਇੰਟਰਨੈਸ਼ਨਲ ਦੀ ਜਨਰਲ ਕੌਂਸਲ ਦਾ ਟਿਕਾਣਾ ਬਦਲ ਕੇ ਨਿਊਯਾਰਕ ਲੈ ਗਏ। ਪਹਿਲੀ ਇੰਟਰਨੈਸ਼ਨਲ ਆਪਣਾ ਇਤਿਹਾਸਕ ਰੋਲ਼ ਅਦਾ ਕਰ ਚੁੱਕੀ ਸੀ ਤੇ ਹੁਣ ਇਸ ਨੇ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਮਜ਼ਦੂਰ ਲਹਿਰ ਦੇ ਕਿਤੇ ਵਧੇਰੇ ਵਿਕਾਸ ਦੇ ਦੌਰ ਨੂੰ ਰਾਹ ਦੇ ਦਿੱਤਾ ਸੀ, ਐਸੇ ਦੌਰ ਨੂੰ, ਜਿਸ ਵਿੱਚ ਇਹ ਲਹਿਰ **ਵਿਸ਼ਾਲਤਾ** ਵਿੱਚ ਵਧੀ ਤੇ ਵੱਖੋ-ਵੱਖਰੇ ਕੌਮੀ ਰਾਜਾਂ ਵਿੱਚ **ਵਿਸ਼ਾਲ** ਸੋਸ਼ਲਿਸਟ ਮਜ਼ਦੂਰ ਜਮਾਤ ਪਾਰਟੀਆਂ ਕਾਇਮ ਕੀਤੀਆਂ ਗਈਆਂ।

ਇੰਟਰਨੈਸ਼ਨਲ ਵਿੱਚ ਮਾਰਕਸ ਦੇ ਸਖ਼ਤ ਕੰਮ ਨੇ ਤੇ ਉਨ੍ਹਾਂ ਦੇ ਹੋਰ ਵੀ ਜ਼ਿਆਦਾ ਸਖ਼ਤ ਸਿਧਾਂਤਕ ਰੁਝੇਵਿਆਂ ਨੇ ਉਨ੍ਹਾਂ ਦੀ ਸਿਹਤ ਖਰਾਬ ਕਰ ਦਿੱਤੀ। ਉਨ੍ਹਾਂ ਨੇ ਰਾਜਨੀਤਕ

ਆਰਥਕਤਾ ਨੂੰ ਮੁੜ ਢਾਲਣ ਦਾ ਤੇ "ਸਰਮਾਇਆ" ਨੂੰ ਪੂਰਿਆਂ ਕਰਨ ਦਾ ਕੰਮ ਜਾਰੀ ਰੱਖਿਆ, ਜਿਸ ਲਈ ਉਨ੍ਹਾਂ ਨੇ ਕਿੰਨਾਂ ਸਾਰਾ ਨਵਾਂ ਮਸਾਲਾ ਇਕੱਠਾ ਕੀਤਾ ਤੇ ਬਹੁਤ ਸਾਰੀਆਂ ਜ਼ੁਬਾਨਾਂ ਸਿੱਖੀਆਂ (ਉਦਾਹਰਣ ਵਜੋਂ, ਰੂਸੀ) ਪਰ ਮਾੜੀ ਸਿਹਤ ਨੇ ਉਨ੍ਹਾਂ ਨੂੰ "**ਸਰਮਾਇਆ**" ਨੂੰ ਪੂਰਿਆਂ ਨਾ ਕਰਨ ਦਿੱਤਾ।

2 ਦਸੰਬਰ, 1881 ਨੂੰ ਉਨ੍ਹਾਂ ਦੀ ਪਤਨੀ ਚਲਾਣਾ ਕਰ ਗਈ ਤੇ 14 ਮਾਰਚ, 1883 ਨੂੰ ਮਾਰਕਸ ਆਪਣੀ ਆਰਾਮ ਕੁਰਸੀ ਵਿੱਚ ਸ਼ਾਂਤੀ ਨਾਲ਼ ਬੈਠੇ ਚੱਲ ਵੱਸੇ। ਉਹ ਲੰਡਨ ਦੇ ਹਾਈਗੇਟ ਕਬਰਿਸਤਾਨ ਵਿੱਚ ਆਪਣੀ ਪਤਨੀ ਦੇ ਨਾਲ਼ ਦਫਨਾਏ ਹੋਏ ਹਨ। ਮਾਰਕਸ ਦੇ ਬੱਚਿਆਂ ਵਿੱਚੋਂ ਕੁੱਝ ਲੰਡਨ ਵਿੱਚ ਨਿੱਕੇ ਹੁੰਦੇ ਹੀ ਮਰ ਗਏ, ਜਦੋਂ ਪਰਿਵਾਰ ਕੰਗਾਲੀ ਦੀਆਂ ਹਾਲਤਾਂ ਵਿੱਚ ਰਹਿ ਰਿਹਾ ਸੀ। ਤਿੰਨ ਧੀਆਂ ਨੇ ਅੰਗਰੇਜ਼ ਤੇ ਫ਼ਰਾਂਸੀਸੀ ਸੋਸ਼ਲਿਸਟਾਂ ਨਾਲ਼ ਵਿਆਹ ਕਰਾ ਲਿਆ: ਐਲੀਨਰ ਏਵਲਿੰਗ, ਲੌਰਾ ਲਫ਼ਾਰਗ ਤੇ ਜੈਨੀ ਲਾਂਗੇ। ਜੈਨੀ ਲਾਂਗੇ ਦਾ ਬੇਟਾ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦਾ ਮੈਂਬਰ ਹੈ।

## ਮਾਰਕਸਵਾਦੀ ਮੱਤ

**ਮਾਰਕਸਵਾਦ** ਮਾਰਕਸ ਦੇ ਵਿਚਾਰਾਂ ਤੇ ਸਿੱਖਿਆਵਾਂ ਦਾ ਪ੍ਰਬੰਧ ਹੈ। ਮਾਰਕਸ ਉਹ ਪ੍ਰਤਿਭਾ ਸਨ, ਜਿਨ੍ਹਾਂ ਨੇ 19ਵੀਂ ਸਦੀ ਦੀਆਂ ਤਿੰਨ ਮੁਖ ਵਿਚਾਰਧਾਰਕ ਰੌਆਂ ਨੂੰ ਅੱਗੇ ਤੋਰਿਆਂ ਤੇ ਸਿਖਰ ਉੱਤੇ ਪੁਚਾਇਆ, ਜਿਵੇਂ ਕਿ ਉਹਨਾਂ ਦੀ ਪ੍ਰਤੀਨਿੱਧਤਾ ਮਨੁੱਖਤਾ ਦੇ ਤਿੰਨ ਸਭ ਤੋਂ ਉੱਨਤ ਦੇਸ਼ ਕਰਦੇ ਸਨ: ਕਲਾਸਕੀ ਜਰਮਨ ਦਰਸ਼ਨ, ਕਲਾਸਕੀ ਅੰਗਰੇਜ਼ ਰਾਜਨੀਤਕ ਆਰਥਕਤਾ ਤੇ ਫ਼ਰਾਂਸੀਸੀ ਸਮਾਜਵਾਦ, ਸਮੇਤ ਆਮ ਕਰਕੇ ਫ਼ਰਾਂਸੀਸੀ ਇਨਕਲਾਬੀ ਮੱਤਾਂ ਦੇ। ਮਾਰਕਸ ਦੇ ਵਿਚਾਰਾਂ ਦੀ ਅਸਾਧਾਰਨ ਇਕਸਾਰਤਾ ਤੇ ਅਖੰਡਤਾ, ਜਿਸ ਨੂੰ ਉਨ੍ਹਾਂ ਦੇ ਵਿਰੋਧੀ ਵੀ ਮੰਨਦੇ ਹਨ, ਜਿਨ੍ਹਾਂ ਦੀ ਸਮੁੱਚਤਾ ਵਿੱਚ ਦੁਨੀਆ ਦੇ ਸਾਰੇ ਸੱਭਿਅ ਦੇਸ਼ਾਂ ਵਿਚਲੀ ਮਜ਼ਦੂਰ ਜਮਾਤ ਲਹਿਰ ਦੇ ਸਿਧਾਂਤ ਤੇ ਪ੍ਰੋਗਰਾਮ ਵਜੋਂ ਆਧੁਨਿਕ ਪਦਾਰਥਵਾਦ ਤੇ ਆਧੁਨਿਕ ਵਿਗਿਆਨਕ ਸਮਾਜਵਾਦ ਸ਼ਾਮਲ ਹਨ, ਸਾਡੇ ਲਈ ਜ਼ਰੂਰੀ ਬਣਾ ਦੇਂਦੀ ਹੈ ਕਿ ਮਾਰਕਸਵਾਦ ਦੀ ਮੁੱਖ ਵਸਤੂ ਭਾਵ ਮਾਰਕਸ ਦੇ ਆਰਥਕ ਮੱਤ ਦੀ ਵਿਆਖਿਆ ਕਰਨ ਤੋਂ ਪਹਿਲਾਂ, ਆਮ ਕਰਕੇ ਉਸ ਦੇ ਸੰਸਾਰ-ਸੰਕਲਪ ਦੀ ਸੰਖੇਪ ਰੂਪ ਰੇਖਾ ਪੇਸ਼ ਕਰੀਏ।

## ਦਾਰਸ਼ਨਿਕ ਪਦਾਰਥਵਾਦ

1844-1845 ਦੇ ਸ਼ੁਰੂ ਤੋਂ ਹੀ, ਜਦੋਂ ਮਾਰਕਸ ਦੇ ਵਿਚਾਰਾਂ ਨੇ ਰੂਪ ਧਾਰਿਆ, ਉਹ ਪਦਾਰਥਵਾਦੀ ਸਨ ਤੇ ਖਾਸ ਕਰਕੇ ਲੁਡਵਿਗ ਫਿਊਰਬਾਖ ਦੇ ਅਨੁਆਈ ਸਨ, ਜਿਸ ਦੇ ਕਮਜ਼ੋਰ ਨੁਕਤੇ ਉਨ੍ਹਾਂ ਨੇ ਮਗਰੋਂ ਜਾ ਕੇ ਸਿਰਫ਼ ਇਸ ਗੱਲ ਵਿੱਚ ਦੇਖੇ ਕਿ ਉਨ੍ਹਾਂ ਦਾ ਪਦਾਰਥਵਾਦ ਕਾਫ਼ੀ ਇਕਸਾਰ ਤੇ ਕਾਫ਼ੀ ਸਰਬੰਗੀ ਨਹੀਂ ਸੀ। ਮਾਰਕਸ ਲਈ ਫਿਊਰਬਾਖ ਦੀ ਇਤਿਹਾਸਕ ਤੇ "ਯੁੱਗ-ਪਲਟਾਊ" ਮਹੱਤਤਾ ਇਸ ਗੱਲ ਵਿੱਚ ਸੀ ਕਿ ਉਨ੍ਹਾਂ ਨੇ ਹੀਗਲ

ਦੇ ਵਿਚਾਰਵਾਦ ਨਾਲ਼ੋਂ ਦ੍ਰਿੜ੍ਹਤਾ ਨਾਲ਼ ਨਾਤਾ ਤੋੜ ਲਿਆ ਤੇ ਪਦਾਰਥਵਾਦ ਦਾ ਐਲਾਨ ਕਰ ਦਿੱਤਾ, ਜਿਹੜਾ ਪਹਿਲਾਂ ਹੀ "ਅਠਾਰ੍ਹਵੀਂ ਸਦੀ ਵਿੱਚ, ਖਾਸ ਕਰਕੇ ਫ਼ਰਾਂਸੀਸੀ ਪਦਾਰਥਵਾਦ ਦੇ ਰੂਪ ਵਿੱਚ, ਨਾ ਸਿਰਫ਼ ਮੌਜੂਦਾ ਰਾਜਸੀ ਸੰਸਥਾਵਾਂ ਦੇ ਖ਼ਿਲਾਫ਼ ਤੇ ਧਰਮ ਤੇ ਧਰਮ-ਵਿੱਦਿਆ ਦੇ ਖ਼ਿਲਾਫ਼ ਹੀ, ਸਗੋਂ ਸਾਰੇ ਅਧਿਆਤਮਵਾਦ" ("ਨਸ਼ਿਆਏ ਕਾਲਪਿਨਕ ਸਿਧਾਂਤ" ਦੇ ਅਰਥਾਂ ਵਿੱਚ, "ਸੂਝਵਾਨ ਦਰਸ਼ਨ" ਤੋਂ ਬਿਲਕੁੱਲ ਵੱਖ) "ਦੇ ਖ਼ਿਲਾਫ਼ ਵੀ ਘੋਲ਼ ਬਣ ਗਿਆ ਸੀ।" ("ਸਾਹਿਤਕ ਵਿਰਸਾ" ਵਿੱਚ "ਪਵਿੱਤਰ ਪਰਿਵਾਰ")। "ਹੀਗਲ ਲਈ...," ਮਾਰਕਸ ਨੇ ਲਿਖਿਆ, "ਸੋਚਣ ਦਾ ਅਮਲ, ਜਿਸ ਨੂੰ 'ਵਿਚਾਰ' ਦੇ ਨਾਂ ਹੇਠ ਉਹ ਸਗੋਂ ਸਵੈਧੀਨ ਵਿਸ਼ੇ ਵਿੱਚ ਵੀ ਬਦਲ ਦੇਂਦਾ ਹੈ, ਅਸਲੀ ਸੰਸਾਰ ਦਾ ਦੇਮੀਊਰਗੋਸ (ਸਿਰਜਨਹਾਰ, ਰਚਨਹਾਰਾ) ਹੈ। ...ਮੇਰੇ ਲਈ, ਇਸ ਤੋਂ ਉਲਟ, ਵਿਚਾਰ-ਵਸਤੂ ਮਨੁੱਖਾ ਮਨ ਵੱਲੋਂ ਪ੍ਰਤੀਬਿੰਬਤ ਕੀਤੇ ਤੇ ਚਿੰਤਨ ਦੇ ਰੂਪਾਂ ਵਿੱਚ ਬਦਲੇ ਪਦਾਰਥਕ ਸੰਸਾਰ ਤੋਂ ਛੁੱਟ ਕੁੱਝ ਨਹੀਂ" ("ਸਰਮਾਇਆ", ਸੈਂਚੀ-1, ਦੂਜੀ ਐਡੀਸ਼ਨ ਦੀ ਅੰਤਕਾ)। ਮਾਰਕਸ ਦੇ ਇਸ ਪਦਾਰਥਵਾਦੀ ਦਰਸ਼ਨ ਦੇ ਬਿਲਕੁੱਲ ਅਨੁਕੂਲ ਤੇ ਇਸ ਦੀ ਵਿਆਖਿਆ ਕਰਦਿਆਂ, ਫ਼ਰੈਡਰਿਕ ਏਂਗਲਜ਼ ਨੇ "ਡੂਹਰਿੰਗ ਵਿਰੁੱਧ" ਵਿੱਚ (ਜਿਸ ਨੂੰ ਮਾਰਕਸ ਨੇ ਖਰੜੇ ਦੇ ਰੂਪ ਵਿੱਚ ਪੜ੍ਹਿਆ ਸੀ) ਲਿਖਿਆ: "ਸੰਸਾਰ ਦੀ ਏਕਤਾ ਇਸ ਦੇ ਹੋਣ ਵਿੱਚ ਨਹੀਂ ਪਾਈ ਜਾਂਦੀ। ...ਸੰਸਾਰ ਦੀ ਅਸਲੀ ਏਕਤਾ ਇਸ ਦੀ ਪਦਾਰਥਕਤਾ ਵਿੱਚ ਪਾਈ ਜਾਂਦੀ ਹੈ ਤੇ ਇਸ ਨੂੰ ਦਰਸ਼ਨ ਤੇ ਕੁਦਰਤੀ ਵਿਗਿਆਨ ਦਾ ਲੰਮਾਂ ਤੇ ਅਕਾਵਾਂ ਵਿਕਾਸ ਸਿੱਧ ਕਰਦਾ ਹੈ।...." "ਹਰਕਤ ਪਦਾਰਥ ਦੀ ਹੋਂਦ ਦਾ ਢੰਗ ਹੈ। ਹਰਕਤ ਤੋਂ ਬਿਨਾਂ ਪਦਾਰਥ ਜਾਂ ਪਦਾਰਥ ਤੋਂ ਬਿਨਾਂ ਹਰਕਤ ਕਦੀ ਵੀ, ਕਿਤੇ ਨਹੀਂ ਰਹੀ ਤੇ ਨਾ ਹੀ ਹੋ ਸਕਦੀ ਹੈ।... ਪਰ ਜੇ ਸਵਾਲ ਇਹ ਪੈਦਾ ਕੀਤਾ ਜਾਂਦਾ ਹੈ: ਚਿੰਤਨ ਤੇ ਚੇਤੰਨਤਾ ਅਸਲ ਵਿੱਚ ਕੀ ਹਨ ਤੇ ਇਹ ਕਿੱਥੋਂ ਆਉਂਦੀਆਂ ਹਨ; ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਮਨੁੱਖਾ ਦਿਮਾਗ ਦੀਆਂ ਉਪਜਾਂ ਹਨ ਤੇ ਮਨੁੱਖ ਖੁਦ ਪ੍ਰਕਿਰਤੀ ਦੀ ਉਪਜ ਹੈ, ਜਿਹੜੀ ਆਪਣੇ ਆਲ਼ੇ-ਦੁਆਲ਼ੇ ਵਿੱਚ ਤੇ ਇਸ ਦੇ ਨਾਲ਼ ਨਾਲ਼ ਵਿਕਾਸ ਕਰਦੀ ਆਈ ਹੈ; ਇਸ ਲਈ ਇਹ ਸਵੈਪ੍ਰਤੱਖ ਹੈ ਕਿ ਮਨੁੱਖਾ ਦਿਮਾਗ ਦੀਆਂ ਉਪਜਾਂ, ਅੰਤਮ ਵਿਸ਼ਲੇਸ਼ਣ ਵਿੱਚ, ਪ੍ਰਕਿਰਤੀ ਦੀਆਂ ਵੀ ਉਪਜਾਂ ਹੋਣ ਕਰਕੇ, ਪ੍ਰਕਿਰਤੀ ਦੇ ਬਾਕੀ ਦੇ ਅੰਤਰ-ਸਬੰਧਾਂ ਦੇ ਉਲਟ ਨਹੀਂ ਜਾਂਦੀਆਂ, ਸਗੋਂ ਉਹਨਾਂ ਦੇ ਨਾਲ਼ ਮੇਲ ਖਾਂਦੀਆਂ ਹਨ...." "ਹੀਗਲ ਵਿਚਾਰਵਾਦੀ ਸੀ, ਜਿਸ ਦਾ ਮਤਲਬ ਹੈ ਕਿ ਉਸ ਦੇ ਮਨ ਦੇ ਅੰਦਰਲੇ ਵਿਚਾਰ ਉਸ ਦੇ ਵਾਸਤੇ ਅਸਲ ਚੀਜ਼ਾਂ ਤੇ ਅਮਲਾਂ ਦੇ ਘੱਟ ਜਾਂ ਵੱਧ ਅਮੂਰਤ ਬਿੰਬ (Abbilder, ਪ੍ਰਤੀਬਿੰਬ, ਏਂਗਲਜ਼ ਕਦੀ-ਕਦੀ "ਛਾਪਾਂ" ਦੀ ਗੱਲ ਕਰਦੇ ਹਨ) ਨਹੀਂ ਸਨ, ਸਗੋਂ ਇਸ ਤੋਂ ਉਲਟ, ਚੀਜ਼ਾਂ ਤੇ ਉਹਨਾਂ ਦਾ ਵਿਕਾਸ ਉਸ ਲਈ, ਦੁਨੀਆ ਦੀ ਹੋਂਦ ਤੋਂ ਪਹਿਲਾਂ ਕਿਸੇ ਨਾ ਕਿਸੇ ਥਾਂ ਮੌਜੂਦ 'ਵਿਚਾਰ' ਦੇ ਠੋਸ ਬਣਾਏ ਗਏ ਸਿਰਫ਼ ਬਿੰਬ ਸਨ।"[16] ਆਪਣੀ ਪੁਸਤਕ "ਲੁਡਵਿਗ ਫਿਊਰਬਾਖ" ਵਿੱਚ—ਜਿਹੜੀ ਫਿਊਰਬਾਖ ਦੇ ਦਰਸ਼ਨ ਬਾਰੇ ਉਨ੍ਹਾਂ ਦੇ ਆਪਣੇ ਤੇ ਮਾਰਕਸ ਦੇ ਵਿਚਾਰਾਂ ਦੀ ਵਿਆਖਿਆ ਕਰਦੀ ਹੈ ਤੇ ਜਿਹੜੀ ਛਪਣ ਲਈ ਉਦੋਂ ਭੇਜੀ ਗਈ ਸੀ, ਜਦੋਂ ਉਸ ਨੇ ਹੀਗਲ, ਫਿਊਰਬਾਖ ਤੇ ਇਤਿਹਾਸ ਦੇ ਪਦਾਰਥਵਾਦੀ

ਸੰਕਲਪ ਬਾਰੇ 1844-1845 ਵਿੱਚ ਮਾਰਕਸ ਵੱਲੋਂ ਤੇ ਖੁਦ ਆਪਣੇ ਵੱਲੋਂ ਲਿਖੀ ਗਈ ਹੱਥ ਲਿਖਤ ਨੂੰ ਮੁੜ ਕੇ ਪੜ੍ਹ ਲਿਆ ਸੀ—ਏਂਗਲਜ਼ ਨੇ ਲਿਖਿਆ: "ਸਾਰੇ ਦਰਸ਼ਨ, ਖਾਸ ਕਰਕੇ ਪਿਛਲੇ ਕੁੱਝ ਸਮੇਂ ਦੇ ਦਰਸ਼ਨ ਦਾ ਮਹਾਨ ਬੁਨਿਆਦੀ ਸਵਾਲ, ਸੋਚ ਤੇ ਵਜੂਦ ਦਾ, ਆਤਮਾ ਤੇ ਪ੍ਰਕਿਰਤੀ ਦਾ ਸਬੰਧ ਹੈ... ਕਿ ਪਹਿਲੀ ਥਾਂ ਉੱਤੇ ਕਿਹੜੀ ਹੈ, ਆਤਮਾ ਜਾਂ ਪ੍ਰਕਿਰਤੀ... ਇਸ ਸਵਾਲ ਦੇ ਜਿਹੜੇ ਜਵਾਬ ਦਰਸ਼ਨਵੇਤਾਵਾਂ ਨੇ ਦਿੱਤੇ, ਉਹਨਾਂ ਨੇ ਉਹਨਾਂ ਨੂੰ ਦੋ ਵੱਡੇ ਧੜਿਆਂ ਵਿੱਚ ਵੰਡ ਦਿੱਤਾ। ਜਿਨ੍ਹਾਂ ਨੇ ਪ੍ਰਕਿਰਤੀ ਉਪਰ ਆਤਮਾ ਨੂੰ ਪਹਿਲ ਦਿੱਤੀ ਤੇ ਇਸ ਲਈ ਆਖਰੀ ਉਦਾਹਰਣ ਵਿੱਚ, ਇੱਕ ਜਾਂ ਦੂਜੇ ਰੂਪ ਵਿੱਚ ਸੰਸਾਰ ਰਚਨਾ ਦੀ ਕਲਪਣਾ ਕੀਤੀ... ਉਹ ਵਿਚਾਰਵਾਦ ਦਾ ਧੜਾ ਬਣਦੇ ਹਨ। ਬਾਕੀ ਦੇ, ਜਿਨ੍ਹਾਂ ਨੇ ਪ੍ਰਕਿਰਤੀ ਨੂੰ ਪਹਿਲੀ ਚੀਜ਼ ਸਮਝਿਆ, ਪਦਾਰਥਵਾਦ ਦੀਆਂ ਵੱਖੋ-ਵੱਖਰੀਆਂ ਪ੍ਰਣਾਲੀਆਂ ਨਾਲ਼ ਸਬੰਧ ਰੱਖਦੇ ਸਨ।" (ਦਾਰਸ਼ਨਿਕ) ਵਿਚਾਰਵਾਦ ਤੇ ਪਦਾਰਥਵਾਦ ਦੇ ਸੰਕਲਪਾਂ ਦੀ ਹੋਰ ਕੋਈ ਵਰਤੋਂ ਸਿਰਫ਼ ਘਚੋਲ਼ਾ ਹੀ ਪੈਦਾ ਕਰਦੀ ਹੈ। ਮਾਰਕਸ ਨੇ ਨਿਸ਼ਚਿਤ ਢੰਗ ਨਾਲ਼ ਨਾ ਸਿਰਫ਼ ਵਿਚਾਰਵਾਦ ਨੂੰ ਹੀ, ਜਿਹੜਾ ਕਿ ਇੱਕ ਜਾਂ ਦੂਜੇ ਤਰੀਕੇ ਨਾਲ਼ ਹਮੇਸ਼ਾ ਧਰਮ ਨਾਲ਼ ਬੱਝਾ ਹੁੰਦਾ ਹੈ, ਸਗੋਂ ਹਿਊਮ ਤੇ ਕਾਂਤ ਦੇ ਵਿਚਾਰਾਂ, ਅਗਿਆਨਾਸਤਕਵਾਦ, ਆਲੋਚਨਾਵਾਦ ਤੇ ਵੱਖੋ-ਵੱਖਰੇ ਰੂਪਾਂ ਵਿੱਚ ਪ੍ਰਤੱਖਵਾਦ[17] ਨੂੰ ਵੀ ਰੱਦ ਕੀਤਾ, ਜਿਹੜੇ ਕਿ ਖਾਸ ਕਰਕੇ ਸਾਡੇ ਸਮੇਂ ਵਿੱਚ ਬਹੁਤ ਫੈਲੇ ਹੋਏ ਹਨ; ਉਹ ਇਸ ਦਰਸ਼ਨ ਨੂੰ ਵਿਚਾਰਵਾਦ ਲਈ ਇੱਕ "ਪਿਛਾਂਹਖਿਚੂ" ਰਿਆਇਤ ਸਮਝਦਾ ਸੀ ਜਾਂ ਜੇ ਸਭ ਤੋਂ ਚੰਗੀ ਤਰ੍ਹਾਂ ਵੀ ਕਿਹਾ ਜਾਏ ਤਾਂ, "ਦੁਨੀਆ ਦੇ ਸਾਹਮਣੇ ਪਦਾਰਥਵਾਦ ਤੋਂ ਇਨਕਾਰ ਕਰਦਿਆਂ, ਇਸ ਨੂੰ ਚੋਰੀ ਚੋਰੀ ਪ੍ਰਵਾਨ ਕਰਨ ਦਾ ਸ਼ਰਮਿੰਦਿਆਂ ਵਾਲ਼ਾ ਤਰੀਕਾ"[18] ਸਮਝਦਾ ਸੀ। ਇਸ ਸਵਾਲ ਉੱਤੇ ਮਾਰਕਸ ਤੇ ਏਂਗਲਜ਼ ਦੀਆਂ ਉਪਰੋਕਤ ਕਿਰਤਾਂ ਤੋਂ ਇਲਾਵਾ, ਦੇਖੋ, 12 ਦਸੰਬਰ, 1866 ਨੂੰ ਮਾਰਕਸ ਵੱਲੋਂ ਏਂਗਲਜ਼ ਨੂੰ ਲਿਖੀ ਗਈ ਚਿੱਠੀ, ਜਿਸ ਵਿੱਚ ਪ੍ਰਕਿਰਤੀਵਾਦੀ ਥਾਮਸ ਹਕਸਲੇ ਦੇ ਇੱਕ ਕਥਨ ਦਾ, ਜਿਹੜਾ ਸਾਧਾਰਨ ਨਾਲ਼ੋਂ "ਵਧੇਰੇ ਪਦਾਰਥਵਾਦੀ ਸੀ" ਤੇ ਉਸ ਵੱਲੋਂ ਇਹ ਮੰਨਣ ਦਾ ਹਵਾਲਾ ਦਿੰਦਿਆਂ ਕਿ "ਜਦੋਂ ਤੱਕ ਅਸੀਂ ਸਚਮੁਚ ਦੇਖਦੇ ਤੇ ਸੋਚਦੇ ਹਾਂ, ਅਸੀਂ ਸ਼ਾਇਦ ਪਦਾਰਥਵਾਦ ਤੋਂ ਬਚ ਨਹੀਂ ਸਕਦੇ", ਮਾਰਕਸ ਨੇ ਹਕਸਲੇ ਨੂੰ ਝਾੜ ਪਾਈ ਸੀ ਕਿ ਉਸ ਨੇ ਅਗਿਆਨਾਸਤਕਵਾਦ ਲਈ, ਹਿਊਮਵਾਦ ਲਈ "ਚੋਰ ਦਰਵਾਜ਼ਾ" ਰਹਿਣ ਦਿੱਤਾ ਸੀ। ਅਜ਼ਾਦੀ ਤੇ ਆਵਸ਼ਕਤਾ ਵਿਚਕਾਰ ਸਬੰਧ ਬਾਰੇ ਮਾਰਕਸ ਦੇ ਵਿਚਾਰ ਵੱਲ ਧਿਆਨ ਦੇਣਾ ਖਾਸ ਕਰਕੇ ਜ਼ਰੂਰੀ ਹੈ। "ਆਵਸ਼ਕਤਾ ਸਿਰਫ਼ ਉਦੋਂ ਤੱਕ ਅੰਨ੍ਹੀਂ ਹੈ, ਜਦੋਂ ਤੱਕ ਇਸ ਨੂੰ ਸਮਝਿਆਂ ਨਹੀਂ ਜਾਂਦਾ। ਅਜ਼ਾਦੀ ਆਵਸ਼ਕਤਾ ਨੂੰ ਸਮਝਣਾ ਹੈ।" ("ਡੂਹਰਿੰਗ ਵਿਰੁੱਧ" ਵਿੱਚ ਏਂਗਲਜ਼) ਇਸ ਦਾ ਮਤਲਬ ਹੈ ਪ੍ਰਕਿਰਤੀ ਵਿੱਚ ਬਾਹਰਮੁਖੀ ਕਾਨੂੰਨਾਂ ਦੀ ਹਕੂਮਤ ਨੂੰ ਤੇ ਆਵਸ਼ਕਤਾ ਦੀ ਅਜ਼ਾਦੀ ਵਿੱਚ ਦਵੰਦਾਤਮਕ ਤਬਦੀਲੀ ਨੂੰ ਮੰਨਣਾ (ਬਿਲਕੁੱਲ ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਬੋਧ ਪ੍ਰਾਪਤ ਕਰਨ ਯੋਗ, ਪਰ ਅੱਜੇ ਤੱਕ ਬੋਧ ਤੋਂ ਬਾਹਰ "ਆਪਣੇ ਆਪ ਵਿੱਚ ਵਸਤੂ" ਦੀ "ਸਾਡੇ ਲਈ ਵਸਤੂ" ਵਿੱਚ, "ਵਸਤੂਆਂ ਦੇ ਤੱਤ" ਦੀ "ਵਰਤਾਰੇ" ਵਿੱਚ ਤਬਦੀਲੀ ਨੂੰ ਮੰਨਣਾ)। ਮਾਰਕਸ ਤੇ ਏਂਗਲਜ਼ ਦਾ ਖਿਆਲ ਸੀ ਕਿ "ਪੁਰਾਣੇ"

ਪਦਾਰਥਵਾਦ ਵਿੱਚ, ਜਿਸ ਵਿੱਚ ਫਿਊਰਬਾਖ ਦਾ (ਤੇ ਹੋਰ ਵੀ ਜ਼ਿਆਦਾ ਬੂਖਨੇਰ, ਫੋਗਤ ਤੇ ਮੋਲੇਸ਼ੋਟ ਦਾ "ਗੰਵਾਰੂ") ਪਦਾਰਥਵਾਦ ਸ਼ਾਮਲ ਹੈ, ਇਹ ਵੱਡੀਆਂ ਕਮੀਆਂ ਸਨ: (1) ਇਹ ਪਦਾਰਥਵਾਦ "ਪ੍ਰਧਾਨ ਰੂਪ ਵਿੱਚ ਮਕੈਨੀਕਲ" ਸੀ, ਜਿਹੜਾ ਰਸਾਇਣ-ਵਿਗਿਆਨ ਤੇ ਜੀਵ-ਵਿਗਿਆਨ ਵਿਚਲੀਆਂ ਸੱਜਰੀਆਂ ਪ੍ਰਾਪਤੀਆਂ ਨੂੰ ਧਿਆਨ ਵਿੱਚ ਰੱਖਣ ਤੋਂ ਅਸਮੱਰਥ ਰਿਹਾ (ਅੱਜ ਨਾਲ਼ ਇਹ ਰਲਾਉਣਾ ਜ਼ਰੂਰੀ ਹੋਵੇਗਾ: ਤੇ ਪਦਾਰਥ ਦੇ ਬਿਜਲਈ ਸਿਧਾਂਤ ਵਿਚਲੀਆਂ ਪ੍ਰਾਪਤੀਆਂ ਵੀ); (2) ਪੁਰਾਣਾ ਪਦਾਰਥਵਾਦ ਅਣ-ਇਤਿਹਾਸਕ ਤੇ ਅਣ-ਦਵੰਦਾਤਮਕ ਸੀ (ਅਧਿਆਤਮਵਾਦੀ, ਦਵੰਦਾਤਮਕ ਵਿਰੋਧੀ ਹੋਣ ਦੇ ਅਰਥਾਂ ਵਿੱਚ) ਤੇ ਵਿਕਾਸ ਦੇ ਦ੍ਰਿਸ਼ਟੀਕੋਣ ਉੱਤੇ ਇਕਸਾਰ ਤਰ੍ਹਾਂ ਨਾਲ਼ ਤੇ ਸਰਬੰਗੀ ਤਰੀਕੇ ਨਾਲ਼ ਨਹੀਂ ਸੀ ਡਟਦਾ; (3) ਇਹ "ਮਾਨਵੀ ਤੱਤ" ਨੂੰ ਅਮੂਰਤ ਰੂਪ ਵਿੱਚ ਲੈਂਦਾ ਸੀ, "ਸਾਰੇ" (ਠੋਸ ਤਰੀਕੇ ਨਾਲ਼ ਤੇ ਇਤਿਹਾਸਕ ਤੌਰ 'ਤੇ ਨਿਸ਼ਚਿਤ ਹੁੰਦੇ) "ਸਮਾਜਕ ਸਬੰਧਾਂ ਦੇ ਤਾਣੇ-ਪੇਟੇ" ਵਜੋਂ ਨਹੀਂ ਤੇ ਇਸ ਲਈ ਇਹ ਸਿਰਫ਼ ਸੰਸਾਰ ਦੀ "ਵਿਆਖਿਆ ਕਰਦਾ ਸੀ", ਜਦ ਕਿ ਮਾਮਲਾ ਇਸ ਨੂੰ ਬਦਲਣ ਦਾ ਸੀ, ਭਾਵ ਇਹ "ਇਨਕਲਾਬੀ ਅਮਲੀ ਸਰਗਰਮੀ" ਦੀ ਮਹੱਤਤਾ ਨਹੀਂ ਸੀ ਸਮਝਦਾ।

## ਦਵੰਦਵਾਦ

ਵਿਕਾਸ ਦੇ ਸਭ ਤੋਂ ਵੱਧ ਸਰਬੰਗੀ ਤੇ ਡੂੰਘੇ ਤੇ ਵਸਤੂ ਵਿੱਚ ਸਭ ਤੋਂ ਭਰਪੂਰ ਮੱਤ ਵਜੋਂ, ਮਾਰਕਸ ਤੇ ਏਂਗਲਜ਼ ਹੀਗਲ ਦੇ ਦਵੰਦਵਾਦ ਨੂੰ ਕਲਾਸਕੀ ਜਰਮਨ ਦਰਸ਼ਨ ਦੀ ਸਭ ਤੋਂ ਵੱਡੀ ਪ੍ਰਾਪਤੀ ਸਮਝਦੇ ਸਨ। ਉਹ ਖਿਆਲ ਕਰਦੇ ਸਨ ਕਿ ਵਿਕਾਸ ਦੇ, ਕਰਮ-ਵਿਕਾਸ ਦੇ ਅਸੂਲ ਦਾ ਹੋਰ ਕੋਈ ਵੀ ਸੂਤਰੀਕਰਨ ਇਕਪਾਸੜ ਤੇ ਵਸਤੂ ਵਿੱਚ ਕੰਗਾਲ ਸੀ ਤੇ ਪ੍ਰਕਿਰਤੀ ਤੇ ਸਮਾਜ ਵਿਚਲੇ ਵਿਕਾਸ ਦੇ ਅਸਲ ਰਾਹ ਨੂੰ ਸਿਰਫ਼ ਵਿਗਾੜ ਤੇ ਕੁਰੂਪ ਹੀ ਬਣਾ ਸਕਦਾ ਹੈ (ਜਿਹੜਾ ਵਿਕਾਸ ਕਿ ਅਕਸਰ ਛਾਲਾਂ ਮਾਰਦਾ ਹੋਇਆ ਤੇ ਤਬਾਹੀਆਂ ਤੇ ਇਨਕਲਾਬਾਂ ਰਾਹੀਂ ਅੱਗੇ ਵੱਧਦਾ ਹੈ)। "ਕਾਫ਼ੀ ਹੱਦ ਤੱਕ ਮਾਰਕਸ ਤੇ ਮੈਂ ਹੀ ਸਾਂ, ਜਿਨ੍ਹਾਂ ਨੇ ਚੇਤੰਨ ਦਵੰਦਵਾਦ ਨੂੰ" (ਵਿਚਾਰਵਾਦ ਹੱਥੋਂ ਸਮੇਤ ਹੀਗਲਵਾਦ ਦੇ ਬਰਬਾਦ ਹੋਣ ਤੋਂ) "ਬਚਾਇਆ ਤੇ ਇਸ ਨੂੰ ਪ੍ਰਕਿਰਤੀ ਦੇ ਪਦਾਰਥਵਾਦੀ ਸੰਕਲਪ ਵਿੱਚ ਲਾਗੂ ਕੀਤਾ।" "ਪ੍ਰਕਿਰਤੀ ਦਵੰਦਵਾਦ ਦਾ ਸਬੂਤ ਹੈ ਤੇ ਆਧੁਨਿਕ ਪ੍ਰਾਕਿਰਤਕ ਵਿਗਿਆਨ ਬਾਰੇ ਇਹ ਕਿਹਾ ਜਾਣਾ ਚਾਹੀਦਾ ਹੈ ਕਿ ਇਸ ਨੇ ਇਸ ਅਜ਼ਮਾਇਸ਼ ਲਈ ਬੇਹੱਦ ਭਰਪੂਰ" (ਇਹ ਗੱਲ ਰੇਡੀਅਮ, ਇਲੈਕਟਰਾਨ, ਤੱਤਾਂ ਦੀ ਅੰਤਰ-ਤਬਦੀਲੀ ਆਦਿ ਤੋਂ ਪਹਿਲਾਂ ਲਿਖੀ ਗਈ ਸੀ !) "ਤੇ ਦਿਨੋ-ਦਿਨ ਵਧਦੀ ਸਮੱਗਰੀ ਮੁਹੱਈਆ ਕੀਤੀ ਹੈ ਤੇ ਇਸ ਤਰ੍ਹਾਂ ਸਾਬਤ ਕੀਤਾ ਹੈ ਕਿ ਅੰਤਮ ਵਿਸ਼ਲੇਸ਼ਣ ਵਿੱਚ ਪ੍ਰਕਿਰਤੀ ਦਾ ਅਮਲ ਦਵੰਦਾਤਮਕ ਹੈ, ਨਾ ਕਿ ਅਧਿਆਤਮਕ।"[19]

"ਮਹਾਨ ਬੁਨਿਆਦੀ ਵਿਚਾਰ", ਏਂਗਲਜ਼ ਲਿਖਦੇ ਹਨ, "ਕਿ ਦੁਨੀਆ ਨੂੰ ਬਣੀਆਂ-ਬਣਾਈਆਂ ਚੀਜ਼ਾਂ ਦੇ ਜਟਿਲ-ਸਮੂਹ ਵਜੋਂ ਨਹੀਂ, ਸਗੋਂ ਅਮਲਾਂ ਦੇ ਜਟਿਲ-

ਸਮੂਹ ਵਜੋਂ ਸਮਝਿਆ ਜਾਣਾ ਚਾਹੀਦਾ ਹੈ, ਜਿਸ ਵਿੱਚ ਚੀਜ਼ਾਂ ਜਿਹੜੀਆਂ ਕਿ ਸਾਡੇ ਸਿਰਾਂ ਵਿੱਚ ਉਹਨਾਂ ਦੇ ਦਿਮਾਗੀ ਬਿੰਬਾਂ, ਸੰਕਲਪਾਂ ਨਾਲ਼ੋਂ ਦੇਖਣ ਵਿੱਚ ਘੱਟ ਸਥਿਰ ਨਹੀਂ ਲੱਗਦੀਆਂ, ਹੋਂਦ ਵਿੱਚ ਆਉਣ ਤੇ ਗੁਜ਼ਰ ਜਾਣ ਦੀ ਨਿਰੰਤਰ ਤਬਦੀਲੀ ਵਿੱਚੋਂ ਲੰਘਦੀਆਂ ਹਨ... ਇਹ ਮਹਾਨ ਬੁਨਿਆਦੀ ਵਿਚਾਰ, ਖਾਸ ਕਰਕੇ ਹੀਗਲ ਦੇ ਸਮੇਂ ਤੋਂ ਲੈ ਕੇ ਸਾਧਾਰਨ ਚੇਤੰਨਤਾ ਵਿੱਚ ਏਨਾ ਪੂਰੀ ਤਰ੍ਹਾਂ ਰਚ ਗਿਆ ਹੈ ਕਿ ਇਸ ਸਾਧਾਰਨਤਾ ਵਿੱਚ ਇਸ ਦਾ ਹੁਣ ਬਹੁਤ ਹੀ ਘੱਟ ਕਿਤੇ ਵਿਰੋਧ ਕੀਤਾ ਜਾਂਦਾ ਹੈ। ਪਰ ਸ਼ਬਦਾਂ ਵਿੱਚ ਇਸ ਬੁਨਿਆਦੀ ਵਿਚਾਰ ਨੂੰ ਮੰਨਣਾ ਤੇ ਖੋਜ ਦੇ ਹਰ ਖੇਤਰ ਵਿੱਚ ਇਸ ਨੂੰ ਵਿਸਥਾਰ ਨਾਲ਼ ਯਥਾਰਥ ਵਿੱਚ ਲਾਗੂ ਕਰਨਾ ਜੋ ਵੱਖੋ ਵੱਖਰੀਆਂ ਗੱਲਾਂ ਹਨ।"... "ਦਵੰਦਵਾਦੀ ਦਰਸ਼ਨ ਲਈ ਕੁੱਝ ਵੀ ਅੰਤਮ, ਪੂਰਨ ਤੇ ਪਵਿੱਤਰ ਨਹੀਂ। ਇਹ ਹਰ ਇੱਕ ਚੀਜ਼ ਵਿੱਚ ਅਸਥਾਈ ਖਾਸਾ ਪ੍ਰਗਟ ਕਰਦਾ ਹੈ; ਇਸਦੇ ਸਾਹਮਣੇ ਕੁੱਝ ਵੀ ਨਹੀਂ ਟਿਕ ਸਕਦਾ ਸਿਵਾਏ ਹੋਂਦ ਵਿੱਚ ਆਉਣ ਤੇ ਗੁਜ਼ਰ ਜਾਣ ਦੇ ਨਿਰੰਤਰ ਅਮਲ ਦੇ, ਹੇਠਾਂ ਤੋਂ ਉਪਰ ਵੱਲ ਨੂੰ ਲਗਾਤਾਰ ਚੜ੍ਹਾਈ ਦੇ ਤੇ ਖੁਦ ਦਵੰਦਾਤਮਕ ਦਰਸ਼ਨ ਸੋਚਣ ਵਾਲ਼ੇ ਦਿਮਾਗ ਵਿਚਲੇ ਇਸ ਅਮਲ ਦੇ ਸਿਰਫ਼ ਪ੍ਰਤੀਬਿੰਬ ਤੋਂ ਵਧੇਰੇ ਕੁੱਝ ਨਹੀਂ।" ਸੋ, ਮਾਰਕਸ ਅਨੁਸਾਰ, ਦਵੰਦਵਾਦ "ਬਾਹਰਲੀ ਦੁਨੀਆ ਤੇ ਮਨੁੱਖਾ ਚਿੰਤਨ ਦੋਹਾਂ ਦੇ ਹੀ ਹਰਕਤ ਦੇ ਆਮ ਕਾਨੂੰਨਾਂ ਦਾ ਵਿਗਿਆਨ ਹੈ।"[20]

ਹੀਗਲ ਦੇ ਦਰਸ਼ਨ ਦਾ ਇਹ ਇਨਕਲਾਬੀ ਪੱਖ ਮਾਰਕਸ ਵੱਲੋਂ ਅਪਣਾਇਆ ਤੇ ਵਿਕਸਾਇਆ ਗਿਆ ਸੀ। ਦਵੰਦਾਤਮਕ ਪਦਾਰਥਵਾਦ ਨੂੰ "ਕਿਸੇ ਐਸੇ ਦਰਸ਼ਨ ਦੀ ਲੋੜ ਨਹੀਂ ਜਿਹੜਾ ਦੂਜੇ ਵਿਗਿਆਨਾਂ ਤੋਂ ਉਪਰ ਖੜਾ ਹੋਵੇ।" ਪਿਛਲੇ ਦਰਸ਼ਨ ਵਿੱਚੋਂ "ਚਿੰਤਨ ਤੇ ਇਸ ਦੇ ਕਾਨੂੰਨ — ਰਸਮੀ ਮੰਤਕ ਤੇ ਦਵੰਦਵਾਦ"[21] ਬਾਕੀ ਰਹਿ ਜਾਂਦੇ ਹਨ। ਦਵੰਦਵਾਦ ਵਿੱਚ, ਜਿਵੇਂ ਇਸ ਨੂੰ ਮਾਰਕਸ ਨੇ ਸਮਝਿਆ ਤੇ ਹੀਗਲ ਦੇ ਵੀ ਜਿਵੇਂ ਕਿ ਇਹ ਅਨੁਕੂਲ ਹੈ, ਉਹ ਕੁੱਝ ਸ਼ਾਮਲ ਹੈ ਜਿਸ ਨੂੰ ਹੁਣ ਗਿਆਨ ਦਾ ਸਿਧਾਂਤ ਜਾਂ ਗਿਆਨ-ਸ਼ਾਸਤਰ ਕਿਹਾ ਜਾਂਦਾ ਹੈ, ਜਿਸ ਨੂੰ ਵੀ ਆਪਣੇ ਵਿਸ਼ੇ-ਵਸਤੂ ਨੂੰ ਇਤਿਹਾਸਕ ਤੌਰ 'ਤੇ ਲੈਣਾ ਚਾਹੀਦਾ ਹੈ, ਗਿਆਨ ਦੇ ਮੁੱਢ ਤੇ ਵਿਕਾਸ ਦਾ, ਅ-ਗਿਆਨ ਤੋਂ ਗਿਆਨ ਵੱਲ ਤਬਦੀਲੀ ਦਾ ਅਧਿਐਨ ਕਰਨਾ ਤੇ ਇਸ ਨੂੰ ਆਮਿਆਉਣਾ ਚਾਹੀਦਾ ਹੈ।

ਸਾਡੇ ਸਮੇਂ ਵਿੱਚ ਵਿਕਾਸ ਦਾ, ਕਰਮ-ਵਿਕਾਸ ਦਾ ਵਿਚਾਰ ਲਗਭਗ ਪੂਰੀ ਤਰ੍ਹਾਂ ਸਮਾਜੀ ਚੇਤੰਨਤਾ ਵਿੱਚ ਵੜ ਚੁੱਕਾ ਹੈ, ਪਰ ਸਿਰਫ਼ ਹੋਰ ਤਰੀਕਿਆਂ ਰਾਹੀਂ, ਹੀਗਲੀ ਦਰਸ਼ਨ ਰਾਹੀਂ ਨਹੀਂ। ਤਾਂ ਵੀ ਇਹ ਵਿਚਾਰ, ਜਿਵੇਂ ਕਿ ਹੀਗਲ ਦੇ ਦਰਸ਼ਨ ਦੇ ਅਧਾਰ ਉੱਤੇ ਇਸ ਨੂੰ ਮਾਰਕਸ ਤੇ ਏਂਗਲਜ਼ ਨੇ ਸੂਤਰਬੱਧ ਕੀਤਾ, ਕਰਮ-ਵਿਕਾਸ ਦੇ ਚਾਲੂ ਵਿਚਾਰ ਨਾਲ਼ੋਂ ਕਿਤੇ ਵਧੇਰੇ ਸਰਬੰਗੀ ਤੇ ਵਸਤੂ ਵਿੱਚ ਕਿਤੇ ਜ਼ਿਆਦਾ ਭਰਪੂਰ ਹੈ। ਐਸਾ ਵਿਕਾਸ ਜਿਹੜਾ ਕਿ ਇੱਕ ਤਰ੍ਹਾਂ ਨਾਲ਼, ਉਹਨਾਂ ਪੜਾਵਾਂ ਨੂੰ ਦੁਹਰਾਉਂਦਾ ਹੈ ਜਿਹੜੇ ਪਹਿਲਾਂ ਹੀ ਲੰਘੇ ਜਾ ਚੁੱਕੇ ਹਨ, ਪਰ ਉਹਨਾਂ ਨੂੰ ਵੱਖਰੀ ਤਰ੍ਹਾਂ ਨਾਲ਼ ਉਚੇਰੇ ਆਧਾਰ ਉੱਤੇ ਦੁਹਰਾਉਂਦਾ ਹੈ ("ਨਿਖੇਧ ਦਾ ਨਿਖੇਧ"), ਐਸਾ ਵਿਕਾਸ ਜਿਹੜਾ, ਸਮਝ ਲਵੋ ਕਿ, ਸਿੱਧੀ ਰੇਖਾ ਨਾਲ਼ ਨਹੀਂ ਸਗੋਂ ਚੱਕਰ ਵਿੱਚ ਚੜ੍ਹਦੀ ਰੇਖਾ ਅਨੁਸਾਰ ਚੱਲਦਾ ਹੈ; ਛਲਾਂਗਾਂ, ਤਬਾਹੀਆਂ ਤੇ ਇਨਕਲਾਬਾਂ ਨਾਲ਼

ਵਿਕਾਸ; "ਲਗਾਤਾਰਤਾ ਵਿੱਚ ਵਿੱਥਾਂ", ਗਿਣਤੀ ਦਾ ਗੁਣ ਵਿੱਚ ਬਦਲਣਾ; ਖਾਸ ਵਜੂਦ ਉਪਰ ਜਾਂ ਖਾਸ ਵਰਤਾਰੇ ਜਾਂ ਖਾਸ ਸਮਾਜ ਦੇ ਅੰਦਰ ਕੰਮ ਕਰ ਰਹੀਆਂ ਵੱਖੋ-ਵੱਖਰੀਆਂ ਤਾਕਤਾਂ ਤੇ ਰੁਝਾਨਾਂ ਦੀਆਂ ਵਿਰੋਧਤਾਈਆਂ ਤੇ ਟੱਕਰਾਂ ਵੱਲੋਂ, ਵਿਕਾਸ ਵੱਲ ਨੂੰ ਦਿੱਤੇ ਗਏ ਅੰਦਰੂਨੀ ਗਤੀ-ਵੇਗ; ਕਿਸੇ ਵੀ ਵਰਤਾਰੇ ਦੇ **ਸਾਰੇ** ਪੱਖਾਂ ਵਿੱਚਕਾਰ ਅੰਤਰ-ਨਿਰਭਰਤਾ ਤੇ ਸਭ ਤੋਂ ਡੂੰਘਾ ਤੇ ਅਟੁੱਟ ਸਬੰਧ (ਇਤਿਹਾਸ ਵੱਲੋਂ ਲਗਾਤਾਰ ਨਵੇਂ ਤੋਂ ਨਵੇਂ ਪੱਖਾਂ ਨੂੰ ਸਾਹਮਣੇ ਲਿਆਂਦਾ ਜਾਣਾ), ਐਸਾ ਸਬੰਧ ਜਿਹੜਾ ਹਰਕਤ ਦਾ ਇਕਸਾਰ ਤੇ ਸਰਬ-ਵਿਆਪੀ ਅਮਲ ਮੁਹੱਈਆ ਕਰਦਾ ਹੈ, ਜਿਹੜਾ ਨਿਸ਼ਚਿਤ ਕਾਨੂੰਨਾਂ ਅਨੁਸਾਰ ਚੱਲਦਾ ਹੈ— ਇਹ ਹਨ ਐਸੇ ਵਿਕਾਸ ਦੇ ਮੱਤ ਵਜੋਂ ਦਵੰਦਵਾਦ ਦੇ ਕੁੱਝ ਲੱਛਣ, ਜਿਹੜਾ ਵਿਕਾਸ ਦੇ ਰਸਮੀ ਮੱਤ ਨਾਲ਼ੋਂ ਵਧੇਰੇ ਭਰਪੂਰ ਹੈ। (ਦੇਖੋ, ਮਾਰਕਸ ਦੀ 8 ਜਨਵਰੀ, 1868 ਨੂੰ ਏਂਗਲਜ਼ ਨੂੰ ਲਿਖੀ ਗਈ ਚਿੱਠੀ, ਜਿਸ ਵਿੱਚ ਉਹ ਸਟਾਈਨ ਦੀਆਂ "ਲੱਕੜ-ਰੂਪੀ ਤਿਹਰ-ਆਤਮਕਤਾਵਾਂ" ਦਾ ਮਜ਼ਾਕ ਉਡਾਉਂਦੇ ਹਨ, ਜਿਨ੍ਹਾਂ ਨੂੰ ਪਦਾਰਥਵਾਦੀ ਦਵੰਦਵਾਦ ਨਾਲ਼ ਗਡਮਡ ਕਰਨਾ ਫਜ਼ੂਲ ਹੋਵੇਗਾ।)

## ਇਤਿਹਾਸ ਦਾ ਪਦਾਰਥਵਾਦੀ ਸੰਕਲਪ

ਪੁਰਾਣੇ ਪਦਾਰਥਵਾਦ ਦੀ ਗ਼ੈਰ-ਇਕਸਾਰਤਾ, ਅਧੂਰੇਪਨ ਤੇ ਇਕਪਾਸੜਪਨ ਦੇ ਗਿਆਨ ਨੇ ਮਾਰਕਸ ਨੂੰ ਯਕੀਨ ਕਰਾ ਦਿੱਤਾ ਕਿ "ਸਮਾਜ ਦੇ ਵਿਗਿਆਨ ਨੂੰ ਪਦਾਰਥਵਾਦੀ ਨੀਂਹ ਨਾਲ਼ ਇਕਸੁਰਤਾ ਵਿੱਚ ਲਿਆਉਣਾ ਤੇ ਇਸ ਦੇ ਉੱਪਰ ਇਸ ਦੀ ਮੁੜ ਉਸਾਰੀ ਕਰਨਾ" ਜ਼ਰੂਰੀ ਹੈ।[22] ਕਿਉਂਕਿ ਪਦਾਰਥਵਾਦ ਆਮ ਕਰਕੇ ਚੇਤੰਨਤਾ ਦੀ ਵਿਆਖਿਆ ਹੋਂਦ ਦੇ ਸਿੱਟੇ ਵਜੋਂ ਕਰਦਾ ਹੈ ਨਾ ਕਿ ਇਸ ਤੋਂ ਉਲਟ, ਤਾਂ ਪਦਾਰਥਵਾਦ ਲਈ, ਜਿਵੇਂ ਕਿ ਇਸ ਨੂੰ ਮਨੁੱਖਤਾ ਦੇ ਸਮਾਜਕ ਜੀਵਨ ਉੱਪਰ ਢੁਕਾਇਆ ਜਾਂਦਾ ਹੈ, **ਸਮਾਜਕ** ਚੇਤੰਨਤਾ ਦੀ ਵਿਆਖਿਆ, **ਸਮਾਜਕ** ਹੋਂਦ ਦੇ ਸਿੱਟੇ ਵਜੋਂ ਕਰਨੀ ਜ਼ਰੂਰੀ ਹੈ। "ਟੈਕਨਾਲੋਜੀ", ਮਾਰਕਸ ਲਿਖਦੇ ਹਨ ("ਸਰਮਾਇਆ", ਸੈਂਚੀ-1) "ਮਨੁੱਖ ਦਾ ਪ੍ਰਕਿਰਤੀ ਨਾਲ਼ ਨਜਿੱਠਣ ਦਾ ਢੰਗ, ਉਤਪਾਦਨ ਦਾ ਫੌਰੀ ਅਮਲ ਸਾਹਮਣੇ ਲਿਆਉਂਦੀ ਹੈ ਜਿਸ ਨਾਲ਼ ਉਹ ਆਪਣਾ ਜੀਵਨ ਕਾਇਮ ਰੱਖਦਾ ਹੈ ਤੇ ਇਸ ਤਰ੍ਹਾਂ ਨਾਲ਼ ਉਸ ਦੇ ਸਮਾਜਕ ਸਬੰਧਾਂ ਦੇ ਤੇ ਉਹਨਾਂ ਤੋਂ ਨਿਕਲਦੇ ਦਿਮਾਗੀ ਸੰਕਲਪਾਂ ਦੇ ਵੀ ਬਣਨ ਦੇ ਢੰਗ ਨੂੰ ਪ੍ਰਤੱਖ ਰੱਖਦੀ ਹੈ।"[23] ਆਪਣੀ ਕਿਰਤ "ਰਾਜਨੀਤਕ ਆਰਥਕਤਾ ਦੀ ਆਲੋਚਨਾ ਨੂੰ ਇੱਕ ਦੇਣ" ਦੀ ਭੂਮਿਕਾ ਵਿੱਚ ਮਾਰਕਸ ਪਦਾਰਥਵਾਦ ਦੇ ਬੁਨਿਆਦੀ ਅਸੂਲਾਂ ਦਾ ਜਿਵੇਂ ਕਿ ਉਹ ਮਨੁੱਖਾ ਸਮਾਜ ਤੇ ਇਸ ਦੇ ਇਤਿਹਾਸ ਉੱਪਰ ਲਾਗੂ ਹੁੰਦੇ ਹਨ, ਇੱਕ-ਜੁੱਟ ਸੂਤਰ ਇਹਨਾਂ ਲਫਜ਼ਾਂ ਵਿੱਚ ਦੇਂਦੇ ਹਨ :

"ਆਪਣੇ ਜੀਵਨ ਦੇ ਸਮਾਜਕ ਉਤਪਾਦਨ ਵਿੱਚ, ਮਨੁੱਖਾਂ ਵਿਚਕਾਰ ਨਿਸ਼ਚਿਤ ਸਬੰਧ ਪੈਦਾ ਹੋ ਜਾਂਦੇ ਹਨ, ਜਿਨ੍ਹਾਂ ਤੋਂ ਬਿਨਾਂ ਗੁਜ਼ਾਰਾ ਨਹੀਂ ਤੇ ਜਿਹੜੇ ਉਹਨਾਂ ਦੀ ਮਰਜ਼ੀ ਤੋਂ ਅਜ਼ਾਦ ਹੁੰਦੇ ਹਨ, ਉਤਪਾਦਨ ਦੇ ਐਸੇ ਸਬੰਧ ਜਿਹੜੇ ਉਹਨਾਂ ਦੀਆਂ ਪਦਾਰਥਕ

ਉਤਪਾਦਨਕਾਰੀ ਸ਼ਕਤੀਆਂ ਦੇ ਵਿਕਾਸ ਦੇ ਨਿਸ਼ਚਿਤ ਪੜਾਅ ਨਾਲ਼ ਮੇਲ ਖਾਂਦੇ ਹਨ।"

"ਉਤਪਾਦਨ ਦੇ ਇਹਨਾਂ ਸਬੰਧਾਂ ਦਾ ਕੁੱਲ ਸਮੂਹ ਮਿਲ ਕੇ ਸਮਾਜ ਦੀ ਆਰਥਕ ਬਣਤਰ, ਅਸਲੀ ਬੁਨਿਆਦ ਬਣਦਾ ਹੈ, ਜਿਸ ਦੇ ਉੱਤੇ ਇੱਕ ਕਾਨੂੰਨੀ ਤੇ ਰਾਜਸੀ ਪਰਾਬਣਤਰ ਉੱਠ ਖੜ੍ਹੀ ਹੁੰਦੀ ਹੈ ਤੇ ਸਮਾਜਕ ਚੇਤੰਨਤਾ ਦੇ ਨਿਸ਼ਚਿਤ ਰੂਪ ਇਸ ਦੇ ਨਾਲ਼ ਮੇਲ ਖਾਂਦੇ ਹਨ। ਆਮ ਕਰਕੇ ਸਮਾਜਕ, ਰਾਜਸੀ ਤੇ ਬੌਧਿਕ ਜੀਵਨ ਦੇ ਅਮਲ ਪਦਾਰਥਕ ਜੀਵਨ ਦੇ ਉਤਪਾਦਨ ਦੇ ਢੰਗ ਉੱਪਰ ਨਿਰਭਰ ਕਰਦੇ ਹਨ। ਮਨੁੱਖਾ ਦੀ ਚੇਤੰਨਤਾ ਨਹੀਂ ਜਿਹੜੀ ਉਹਨਾਂ ਦੀ ਹੋਂਦ ਨੂੰ ਨਿਸ਼ਚਿਤ ਕਰਦੀ ਹੈ, ਸਗੋਂ ਇਸ ਦੇ ਉਲਟ, ਉਹਨਾਂ ਦੀ ਸਮਾਜਕ ਹੋਂਦ ਹੈ ਜਿਹੜੀ ਉਹਨਾਂ ਦੀ ਚੇਤੰਨਤਾ ਨੂੰ ਨਿਸ਼ਚਿਤ ਕਰਦੀ ਹੈ। ਆਪਣੇ ਵਿਕਾਸ ਦੇ ਖਾਸ ਪੜਾਅ ਉੱਤੇ, ਸਮਾਜ ਦੀਆਂ ਪਦਾਰਥਕ ਉਤਪਾਦਨਕਾਰੀ ਸ਼ਕਤੀਆਂ ਉਤਪਾਦਨ ਦੇ ਮੌਜੂਦਾ ਸਬੰਧਾਂ ਨਾਲ਼, ਜਾਂ— ਜੋ ਕਿ ਉਸੇ ਗੱਲ ਦਾ ਕਾਨੂੰਨੀ ਰੂਪ ਵਿੱਚ ਪ੍ਰਗਟਾਅ ਹੈ — ਜਾਇਦਾਦੀ ਸਬੰਧਾਂ ਨਾਲ਼ ਵਿਰੋਧ ਵਿੱਚ ਆ ਜਾਂਦੀਆਂ ਹਨ, ਜਿਨ੍ਹਾਂ ਦੇ ਅੰਦਰ ਕਿ ਇਹ ਉਦੋਂ ਤੱਕ ਕੰਮ ਕਰ ਰਹੀਆਂ ਹੁੰਦੀਆਂ ਹਨ। ਉਤਪਾਦਨਕਾਰੀ ਸ਼ਕਤੀਆਂ ਦੇ ਵਿਕਾਸ ਦੇ ਰੂਪਾਂ ਤੋਂ ਇਹ ਸਬੰਧ ਉਹਨਾਂ ਦੀਆਂ ਬੇੜੀਆਂ ਵਿੱਚ ਬਦਲ ਜਾਂਦੇ ਹਨ। ਉਦੋਂ ਫਿਰ ਸਮਾਜਕ ਇਨਕਲਾਬ ਦਾ ਦੌਰ ਸ਼ੁਰੂ ਹੁੰਦਾ ਹੈ। ਆਰਥਕ ਨੀਂਹ ਦੀ ਤਬਦੀਲੀ ਦੇ ਨਾਲ਼, ਵੱਧ ਜਾਂ ਘੱਟ ਤੇਜ਼ੀ ਨਾਲ਼, ਸਮੁੱਚੀ ਪਰਾਬਣਤਰ ਤਬਦੀਲ ਹੋ ਜਾਂਦੀ ਹੈ। ਇਹੋ ਜਿਹੀਆਂ ਤਬਦੀਲੀਆਂ ਉੱਪਰ ਵਿਚਾਰ ਕਰਦਿਆਂ, ਉਤਪਾਦਨ ਦੀਆਂ ਆਰਥਕ ਹਾਲਤਾਂ ਦੀ ਪਦਾਰਥਕ ਤਬਦੀਲੀ, ਜਿਸ ਨੂੰ ਪ੍ਰਾਕਿਰਤਕ ਵਿਗਿਆਨ ਵਾਲ਼ੀ ਸ਼ੁੱਧਤਾਈ ਨਾਲ਼ ਨਿਸ਼ਚਿਤ ਕੀਤਾ ਜਾ ਸਕਦਾ ਹੈ ਤੇ ਕਾਨੂੰਨੀ, ਰਾਜਸੀ, ਧਾਰਮਕ, ਸੁਹਜ-ਵਿਗਿਆਨਕ ਜਾਂ ਦਾਰਸ਼ਨਿਕ— ਮਤਲਬ ਕੀ ਕਿ ਵਿਚਾਰਧਾਰਕ ਰੂਪਾਂ ਵਿੱਚ ਨਿਖੇੜ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਵਿੱਚ ਮਨੁੱਖ ਇਸ ਵਿਰੋਧ ਤੋਂ ਚੇਤੰਨ ਹੁੰਦੇ ਤੇ ਇਸ ਦੇ ਖ਼ਿਲਾਫ਼ ਲੜਦੇ ਹਨ।

"ਬਿਲਕੁੱਲ ਉਸੇ ਤਰ੍ਹਾਂ ਹੀ, ਜਿਸ ਤਰ੍ਹਾਂ ਕਿ ਕਿਸੇ ਵਿਅਕਤੀ ਬਾਰੇ ਸਾਡੀ ਰਾਏ ਇਸ ਗੱਲ ਉੱਤੇ ਨਿਰਭਰ ਨਹੀਂ ਕਰਦੀ ਕਿ ਉਹ ਆਪਣੇ ਆਪ ਬਾਰੇ ਕੀ ਸੋਚਦਾ ਹੈ, ਅਸੀਂ ਤਬਦੀਲੀ ਦੇ ਇਹੋ ਜਿਹੇ ਦੌਰ ਦਾ ਅੰਦਾਜ਼ਾ ਇਸ ਦੀ ਆਪਣੀ ਚੇਤੰਨਤਾ ਤੋਂ ਨਹੀਂ ਲਗਾ ਸਕਦੇ; ਇਸ ਦੇ ਉਲਟ, ਇਸ ਚੇਤੰਨਤਾ ਦੀ ਸਗੋਂ ਪਦਾਰਥਕ ਜੀਵਨ ਦੀਆਂ ਵਿਰੋਧਤਾਈਆਂ ਦੇ, ਸਮਾਜਕ ਉਤਪਾਦਨਕਾਰੀ ਸ਼ਕਤੀਆਂ ਤੇ ਉਤਪਾਦਨ ਦੇ ਸਬੰਧਾਂ ਵਿਚਲੇ ਮੌਜੂਦਾ ਵਿਰੋਧ ਦੇ ਦ੍ਰਿਸ਼ਟੀਕੋਣ ਤੋਂ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ।..." "ਆਮ ਕਰਕੇ ਏਸ਼ੀਆਈ, ਪੁਰਾਤਨ, ਸਾਮੰਤੀ ਤੇ ਆਧੁਨਿਕ ਬੁਰਜੂਆ ਉਤਪਾਦਨ ਦੇ ਢੰਗਾਂ ਨੂੰ, ਵਿਸ਼ਾਲ ਰੂਪ-ਰੇਖਾ ਵਿੱਚ, ਸਮਾਜ ਦੀ ਆਰਥਕ ਬਣਤਰ ਵਿਚਲੇ ਅਗਾਂਹਵਧੂ ਦੌਰ ਕਿਹਾ ਜਾ ਸਕਦਾ ਹੈ" (ਨਾਲ਼ੇ ਦੇਖੋ 7 ਜੁਲਾਈ, 1866 ਨੂੰ ਏਂਗਲਜ਼ ਨੂੰ ਲਿਖੀ ਚਿੱਠੀ ਵਿੱਚ ਮਾਰਕਸ ਦਾ ਸੰਖੇਪ ਸੂਤਰ: "ਸਾਡਾ ਸਿਧਾਂਤ ਕਿ ਕਿਰਤ ਦੀ ਜੱਥੇਬੰਦੀ ਨੂੰ ਉਤਪਾਦਨ ਦੇ ਢੰਗ ਨਿਸ਼ਚਿਤ ਕਰਦੇ ਹਨ")।

ਇਤਿਹਾਸ ਦੇ ਪਦਾਰਥਵਾਦੀ ਸੰਕਲਪ ਜਾਂ ਵਧੇਰੇ ਠੀਕ ਹੋਵੇਗਾ, ਸਮਾਜਕ ਵਰਤਾਰੇ

ਦੇ ਖੇਤਰ ਵਿੱਚ ਪਦਾਰਥਵਾਦ ਦੀ ਇਕਸਾਰ ਲਗਾਤਾਰਤਾ ਤੇ ਪਸਾਰ, ਨੇ ਇਸ ਤੋਂ ਪਹਿਲਾਂ ਦੇ ਇਤਿਹਾਸਕ ਸਿਧਾਂਤਾਂ ਵਿਚਲੀਆਂ ਦੋ ਮੁੱਖ ਕਮੀਆਂ ਨੂੰ ਦੂਰ ਕਰ ਦਿੱਤਾ। ਪਹਿਲੀ ਥਾਂ ਉੱਤੇ, ਪਹਿਲਾਂ ਦੇ ਇਤਿਹਾਸਕ ਸਬੰਧ ਵੱਧ ਤੋਂ ਵੱਧ ਮਨੁੱਖਾਂ ਦੀਆਂ ਇਤਿਹਾਸਕ ਸਰਗਰਮੀਆਂ ਵਿਚਲੇ ਵਿਚਾਰਧਾਰਕ ਮੰਤਵਾਂ ਦੀ ਹੀ ਸਿਰਫ਼ ਨਿਰਖ-ਪਰਖ ਕਰਦੇ ਸਨ, ਬਿਨਾਂ ਉਹਨਾਂ ਮੰਤਵਾਂ ਦੇ ਮੁੱਢ ਦੀ ਖੋਜ-ਪੜਤਾਲ਼ ਕਰਨ ਦੇ ਜਾਂ ਸਮਾਜਕ ਸਬੰਧਾਂ ਦੀ ਪ੍ਰਣਾਲੀ ਦੇ ਵਿਕਾਸ ਉਪਰ ਲਾਗੂ ਹੁੰਦੇ ਬਾਹਰਮੁਖੀ ਕਾਨੂੰਨਾਂ ਨੂੰ ਨਿਸ਼ਚਿਤ ਕਰਨ ਦੇ ਜਾਂ ਪਦਾਰਥਕ ਉਤਪਾਦਨ ਵੱਲੋਂ ਪ੍ਰਾਪਤ ਕੀਤੀ ਗਈ ਵਿਕਾਸ ਦੀ ਹੱਦ ਵਿੱਚ ਇਹਨਾਂ ਸਬੰਧਾਂ ਦੀਆਂ ਜੜ੍ਹਾਂ ਨੂੰ ਦੇਖਣ ਦੇ; ਦੂਜੀ ਥਾਂ, ਪਹਿਲਾਂ ਦੇ ਸਿਧਾਂਤ ਵਸੋਂ ਦੇ **ਜਨਸਮੂਹਾਂ** ਦੀਆਂ ਸਰਗਰਮੀਆਂ ਨੂੰ ਆਪਣੀ ਲਪੇਟ ਵਿੱਚ ਨਹੀਂ ਸਨ ਲੈਂਦੇ, ਜਦ ਕਿ ਇਤਿਹਾਸਕ ਪਦਾਰਥਵਾਦ ਨੇ ਪਹਿਲੀ ਵਾਰੀ ਜਮਸਮੂਹਾਂ ਦੇ ਜੀਵਨ ਦੀਆਂ ਸਮਾਜਕ ਹਾਲਤਾਂ ਤੇ ਉਹਨਾਂ ਹਾਲਤਾਂ ਵਿਚਲੀਆਂ ਤਬਦੀਲੀਆਂ ਦਾ ਵਿਗਿਆਨਕ ਸ਼ੁੱਧਤਾਈ ਨਾਲ਼ ਅਧਿਐਨ ਕਰਨਾ ਸੰਭਵ ਬਣਾ ਦਿੱਤਾ। **ਵੱਧ ਤੋਂ ਵੱਧ** ਪੂਰਵ-ਮਾਰਕਸੀ "ਸਮਾਜ-ਵਿਗਿਆਨ" ਤੇ ਇਤਿਹਾਸਕਾਰੀ ਅਟਕਲ-ਪੱਚੂ ਇਕੱਠੇ ਕੀਤੇ ਗਏ ਕੱਚੇ ਤੱਥਾਂ ਦੇ ਇਕੱਤ੍ਰੀਕਰਨ ਨੂੰ ਤੇ ਇਤਿਹਾਸਕ ਅਮਲ ਦੇ ਵੱਖਰੇ ਵੱਖਰੇ ਤੱਥਾਂ ਦੇ ਵਰਨਣ ਨੂੰ ਹੀ ਪੇਸ਼ ਕਰਦੀ ਸੀ। ਇੱਕ ਦੂਜੇ ਦਾ ਵਿਰੋਧ ਕਰਦੇ ਰੁਝਾਣਾਂ ਦੀ **ਸਮੁੱਚਤਾ** ਦੀ ਨਿਰਖ-ਪਰਖ ਕਰਨ ਨਾਲ਼, ਉਹਨਾਂ ਨੂੰ ਜੀਵਨ ਤੇ ਸਮਾਜ ਦੀਆਂ ਵੱਖੋ ਵੱਖਰੀਆਂ **ਜਮਾਤਾਂ** ਦੇ ਪੈਦਾ ਹੋਣ ਦੀਆਂ ਹਾਲਤਾਂ ਤੱਕ ਲਿਆਉਣ ਨਾਲ਼ ਜਿਨ੍ਹਾਂ ਦੀ ਠੀਕ ਠੀਕ ਪ੍ਰੀਭਾਸ਼ਾ ਦਿੱਤੀ ਜਾ ਸਕਦੀ ਹੋਵੇ, ਖਾਸ "ਪ੍ਰਧਾਨ" ਵਿਚਾਰ ਦੀ ਚੋਣ ਜਾਂ ਇਸ ਦੇ ਅਰਥ ਕੱਢਣ ਵਿਚ ਅੰਤਰਮੁਖਤਾ ਤੇ ਆਪਹੁਦਰੇਪਣ ਦਾ ਤਿਆਗ ਕਰਨ ਨਾਲ਼ ਤੇ ਇਹ ਪ੍ਰਗਟ ਕਰਦਿਆਂ ਕਿ ਸਾਰੇ ਵਿਚਾਰ ਤੇ ਸਾਰੇ ਵੱਖੋ-ਵੱਖਰੇ ਰੁਝਾਣ, ਬਿਨਾਂ ਕਿਸੇ ਛੋਟ ਦੇ, ਉਤਪਾਦਨ ਦੀਆਂ ਪਦਾਰਥਕ ਸ਼ਕਤੀਆਂ ਦੀ **ਹਾਲਤ ਵਿੱਚੋਂ** ਜਨਮਦੇ ਹਨ, ਮਾਰਕਸਵਾਦ ਨੇ ਸਮਾਜੀ-ਆਰਥਕ ਪ੍ਰਣਾਲੀਆਂ ਦੇ ਪੈਦਾ ਹੋਣ, ਵਿਕਾਸ ਕਰਨ ਤੇ ਪਤਨ ਦੇ ਅਮਲ ਦੇ ਸਭ ਕੁੱਝ ਨੂੰ ਆਪਣੀ ਲਪੇਟ ਵਿੱਚ ਲੈਂਦੇ ਤੇ ਸਰਬੰਗੀ ਅਧਿਐਨ ਦਾ ਤਰੀਕਾ ਦੱਸਿਆ। ਲੋਕ ਆਪਣਾ ਇਤਿਹਾਸ ਆਪ ਬਣਾਉਂਦੇ ਹਨ, ਪਰ ਲੋਕਾਂ ਦੇ, ਲੋਕਾਂ ਦੇ ਸਮੂਹਾਂ ਦੇ ਮੰਤਵਾਂ ਨੂੰ ਕਿਹੜੀ ਚੀਜ਼ ਨਿਸ਼ਚਿਤ ਕਰਦੀ ਹੈ ਭਾਵ, ਵਿਰੋਧੀ ਵਿਚਾਰਾਂ ਤੇ ਕੋਸ਼ਿਸ਼ਾਂ ਦੀ ਟੱਕਰ ਨੂੰ ਕਿਹੜੀ ਚੀਜ਼ ਪੈਦਾ ਕਰਦੀ ਹੈ? ਮਨੁੱਖੀ ਸਮਾਜਾਂ ਦੇ ਸਮੂਹ ਵਿੱਚ ਇਹਨਾਂ ਸਾਰੀਆਂ ਟੱਕਰਾਂ ਦਾ ਕੁੱਲ ਜੋੜ ਕੀ ਹੈ? ਪਦਾਰਥਕ ਜੀਵਨ ਦੇ ਉਤਪਾਦਨ ਦੀਆਂ ਬਾਹਰਮੁਖੀ ਹਾਲਤਾਂ ਕੀ ਹਨ, ਜਿਹੜੀਆਂ ਮਨੁੱਖ ਦੀ ਸਾਰੀ ਇਤਿਹਾਸਕ ਸਰਗਰਮੀ ਦਾ ਆਧਾਰ ਬਣਦੀਆਂ ਹਨ? ਇਹਨਾਂ ਹਾਲਤਾਂ ਦੇ ਵਿਕਾਸ ਦਾ ਕਾਨੂੰਨ ਕੀ ਹੈ? ਇਹਨਾਂ ਸਾਰੀਆਂ ਗੱਲਾਂ ਵੱਲ ਮਾਰਕਸ ਨੇ ਧਿਆਨ ਦੁਆਇਆ ਤੇ ਇੱਕੋ ਇੱਕ ਅਮਲ ਵਜੋਂ ਇਤਿਹਾਸ ਦੇ ਵਿਗਿਆਨਕ ਅਧਿਐਨ ਦਾ ਰਾਹ ਦੱਸਿਆ, ਜਿਹੜਾ ਅਮਲ ਆਪਣੀ ਸਾਰੀ ਬਹੁਰੂਪਤਾ ਤੇ ਵਿਰੋਧੀਪੁਣੇ ਦੇ ਹੁੰਦਿਆਂ ਵੀ, ਨਿਸ਼ਚਿਤ ਕਾਨੂੰਨਾਂ ਅਨੁਸਾਰ ਚੱਲਦਾ ਹੈ।

## ਜਮਾਤੀ ਘੋਲ਼

ਇਹ ਸਾਰੇ ਜਾਣਦੇ ਹਨ ਕਿ ਕਿਸੇ ਵੀ ਖਾਸ ਸਮਾਜ ਵਿੱਚ, ਇਸ ਦੇ ਕੁੱਝ ਮੈਂਬਰਾਂ ਦੀਆਂ ਇੱਛਾਵਾਂ ਇਸ ਦੇ ਦੂਜੇ ਮੈਂਬਰਾਂ ਦੀਆਂ ਇੱਛਾਵਾਂ ਨਾਲ਼ ਟੱਕਰ ਵਿੱਚ ਆਉਂਦੀਆਂ ਹਨ, ਕਿ ਸਮਾਜਕ ਜੀਵਨ ਅੰਤਰ-ਵਿਰੋਧਾਂ ਨਾਲ਼ ਭਰਿਆ ਹੁੰਦਾ ਹੈ ਤੇ ਇਤਿਹਾਸ ਕੌਮਾਂ ਤੇ ਸਮਾਜਾਂ ਵਿਚਕਾਰ ਤੇ ਕੌਮਾਂ ਤੇ ਸਮਾਜਾਂ ਦੇ ਅੰਦਰ ਵੀ ਘੋਲ਼ ਨੂੰ ਪ੍ਰਗਟ ਕਰਦਾ ਹੈ ਤੇ ਇਸ ਤੋਂ ਇਲਾਵਾ, ਇਨਕਲਾਬ ਤੇ ਪਿਛਾਖੜ, ਅਮਨ ਤੇ ਜੰਗ, ਖੜੋਤ ਤੇ ਤੇਜ਼ ਤਰੱਕੀ ਜਾਂ ਪਤਨ ਦੇ ਦੌਰਾਂ ਵੱਲੋਂ ਅਦਲ-ਬਦਲ ਕੇ ਥਾਂ ਲੈਣ ਨੂੰ ਪ੍ਰਗਟ ਕਰਦਾ ਹੈ। ਮਾਰਕਸਵਾਦ ਨੇ ਇਹਨਾਂ ਦਿਸਦੀਆਂ ਭੂਲ-ਭੁਲਾਈਆਂ ਤੇ ਗੜਬੜ ਉਪਰ ਲਾਗੂ ਹੁੰਦੇ ਕਾਨੂੰਨਾਂ ਦੀ ਲੱਭਤ ਲਈ ਅਗਵਾਈ ਭਾਵ ਜਮਾਤੀ ਘੋਲ਼ ਦਾ ਸਿਧਾਂਤ ਮੁਹੱਈਆ ਕੀਤਾ ਹੈ। ਇਹ ਕਿਸੇ ਖਾਸ ਸਮਾਜ ਜਾਂ ਸਮਾਜਾਂ ਦੇ ਗਰੁੱਪ ਦੇ ਸਾਰੇ ਮੈਂਬਰਾਂ ਦੇ ਯਤਨਾਂ ਦੇ ਕੁੱਲ ਸਮੂਹ ਦਾ ਸਿਰਫ਼ ਅਧਿਐਨ ਹੀ ਹੈ, ਜਿਹੜਾ ਇਹਨਾਂ ਯਤਨਾਂ ਦੇ ਸਿੱਟੇ ਦੀ ਵਿਗਿਆਨਕ ਪ੍ਰੀਭਾਸ਼ਾ ਦੇਣ ਵੱਲ ਲਿਜਾ ਸਕਦਾ ਹੈ। ਹੁਣ, ਵਿਰੋਧੀ ਯਤਨ ਉਹਨਾਂ **ਜਮਾਤਾਂ** ਦੀ, ਜਿਨ੍ਹਾਂ ਵਿੱਚ ਹਰ ਸਮਾਜ ਵੰਡਿਆ ਹੁੰਦਾ ਹੈ, ਪੁਜ਼ੀਸ਼ਨ ਤੇ ਜੀਵਨ ਦੇ ਹਾਲਾਤ ਵਿਚਲੇ ਫ਼ਰਕ ਤੋਂ ਪੈਦਾ ਹੁੰਦੇ ਹਨ। "ਹੁਣ ਤੱਕ ਮੌਜੂਦ ਸਾਰੇ ਸਮਾਜ ਦਾ ਇਤਿਹਾਸ ਜਮਾਤੀ ਘੋਲ਼ਾਂ ਦਾ ਇਤਿਹਾਸ ਹੈ", ਮਾਰਕਸ ਨੇ "ਕਮਿਊਨਿਸਟ ਮੈਨੀਫੈਸਟੋ" ਵਿੱਚ ਲਿਖਿਆ ਸੀ (ਜਿਸ ਵਿੱਚ ਏਂਗਲਜ਼ ਨੇ ਮਗਰੋਂ ਇਹ ਗੱਲ ਰਲਾਈ ਸੀ — ਆਦਿ ਕਾਲੀਨ ਭਾਈਚਾਰੇ ਦੇ ਇਤਿਹਾਸ ਨੂੰ ਛੱਡ ਕੇ)। "ਆਜ਼ਾਦ ਆਦਮੀ ਤੇ ਗੁਲਾਮ, ਕੁਲੀਨ ਤੇ ਨਿਮਨਵਰਗ, ਜਾਗੀਰਦਾਰ ਤੇ ਮੁਜਾਰਾ, ਮਿਸਤਰੀ ਤੇ ਮਜ਼ਦੂਰ, ਮਤਲਬ ਕੀ ਕਿ ਜਾਬਰ ਤੇ ਜਬਰ ਦਾ ਸ਼ਿਕਾਰ ਆਦਮੀ ਲਗਾਤਾਰ ਇੱਕ ਦੂਜੇ ਦੇ ਵਿਰੁੱਧ ਖੜ੍ਹੇ ਹੁੰਦੇ ਸਨ, ਨਿਰੰਤਰ, ਕਦੀ ਪ੍ਰੋਖ ਕਦੀ ਪ੍ਰਤੱਖ, ਘੋਲ਼ ਜਾਰੀ ਰੱਖਦੇ ਸਨ, ਐਸਾ ਘੋਲ਼ ਹਰ ਵਾਰੀ ਜਾਂ ਤਾਂ ਸਮੁੱਚੇ ਸਮਾਜ ਦੇ ਇਨਕਲਾਬੀ ਪੁਨਰ-ਨਿਰਮਾਣ ਵਿੱਚ ਜਾਂ ਲੜਦੀਆਂ ਜਮਾਤਾਂ ਦੀ ਸਾਂਝੀ ਬਰਬਾਦੀ ਵਿੱਚ ਜਾ ਮੁੱਕਦਾ ਸੀ।... ਆਧੁਨਿਕ ਬੁਰਜੂਆ ਸਮਾਜ ਨੇ, ਜਿਹੜਾ ਸਾਮੰਤੀ ਸਮਾਜ ਦੇ ਖੰਡਰਾਂ ਉੱਤੇ ਕਾਇਮ ਹੋਇਆ ਹੈ, ਜਮਾਤੀ ਵੈਰ-ਵਿਰੋਧਾਂ ਨੂੰ ਖ਼ਤਮ ਨਹੀਂ ਕਰ ਦਿੱਤਾ। ਇਸ ਨੇ ਸਿਰਫ਼ ਪੁਰਾਣੀਆਂ ਦੀ ਥਾਂ ਨਵੀਆਂ ਜਮਾਤਾਂ, ਜਬਰ ਦੀਆਂ ਨਵੀਆਂ ਹਾਲਤਾਂ, ਘੋਲ਼ ਦੇ ਨਵੇਂ ਰੂਪਾਂ ਨੂੰ ਹੀ ਪੈਦਾ ਕੀਤਾ ਹੈ। ਪਰ ਸਾਡਾ ਦੌਰ, ਬੁਰਜੂਆਜ਼ੀ ਦਾ ਦੌਰ, ਇਹ ਵਿਲੱਖਣ ਲੱਛਣ ਰੱਖਦਾ ਹੈ: ਇਸ ਨੇ ਜਮਾਤੀ ਵੈਰ-ਵਿਰੋਧਾਂ ਨੂੰ ਸਰਲ ਬਣਾ ਦਿੱਤਾ ਹੈ। ਸਮਾਜ, ਸਮੁੱਚੇ ਤੌਰ 'ਤੇ ਦਿਨੋ-ਦਿਨ ਵਧੇਰੇ ਦੋ ਭਾਰੀ ਵਿਰੋਧੀ ਧੜਿਆ ਵਿੱਚ, ਦੋ ਭਾਰੀ ਜਮਾਤਾਂ ਵਿੱਚ ਵੰਡਦਾ ਜਾ ਰਿਹਾ ਹੈ, ਜਿਹੜੀਆਂ ਜਮਾਤਾਂ ਇੱਕ ਦੂਜੀ ਦਾ ਸਿੱਧੀ ਤਰ੍ਹਾਂ ਮੁਕਾਬਲਾ ਕਰ ਰਹੀਆਂ ਹਨ: ਬੁਰਜੂਆਜ਼ੀ ਤੇ ਪ੍ਰੋਲੇਤਾਰੀ।" ਮਹਾਨ ਫ਼ਰਾਂਸੀਸੀ ਇਨਕਲਾਬ ਤੋਂ ਲੈ ਕੇ ਬਹੁਤ ਸਾਰੇ ਦੇਸ਼ਾਂ ਵਿੱਚ ਯੂਰਪੀ ਇਤਿਹਾਸ ਨੇ ਉੱਘੜਵੇਂ ਢੰਗ ਨਾਲ਼ ਸਾਹਮਣੇ ਲਿਆਂਦਾ ਹੈ, ਜੋ ਕੁੱਝ ਅਸਲ ਵਿੱਚ ਘਟਨਾਵਾਂ ਦੀ ਤਹਿ ਵਿੱਚ ਪਿਆ ਹੈ — ਜਮਾਤਾਂ ਦਾ ਘੋਲ਼। ਫ਼ਰਾਂਸ ਵਿੱਚ ਪੁਨਰ-ਸਥਾਪਤੀ[24] ਦਾ ਦੌਰ ਪਹਿਲਾਂ ਹੀ ਕਈ ਇਤਿਹਾਸਕਾਰ ਪੈਦਾ

ਕਰ ਚੁੱਕੇ ਹਨ (ਥੀਏਰੀ, ਗੀਜ਼ੋ, ਮਿਨਿਏ ਤੇ ਥੀਏਰ), ਜਿਹੜੇ, ਜੋ ਕੁੱਝ ਵਾਪਰ ਰਿਹਾ ਸੀ ਉਸ ਦਾ ਨਿਚੋੜ ਕੱਢਦਿਆਂ, ਇਹ ਮੰਨਣ ਲਈ ਮਜਬੂਰ ਹੋ ਗਏ ਸਨ ਕਿ ਜਮਾਤੀ ਘੋਲ਼ ਸਾਰੇ ਫ਼ਰਾਂਸੀਸੀ ਇਤਿਹਾਸ ਦੀ ਕੁੰਜੀ ਹੈ। ਆਧੁਨਿਕ ਯੁੱਗ — ਬੁਰਜੂਆਜ਼ੀ ਦੀ ਪੂਰਨ ਜਿੱਤ, ਪ੍ਰਤੀਨਿੱਧ ਸੰਸਥਾਵਾਂ, ਵਿਸ਼ਾਲ (ਜੇ ਸਰਬਲੌਕਿਕ ਨਹੀਂ ਤਾਂ) ਵੋਟ–ਅਧਿਕਾਰ, ਸਸਤੇ ਰੋਜ਼ਾਨਾ ਅਖ਼ਬਾਰਾਂ ਦੇ ਯੁੱਗ, ਜਿਹੜੇ ਅਖ਼ਬਾਰ ਕਿ ਜਨਤਾ ਵਿੱਚ ਵਿਸ਼ਾਲ ਤੌਰ ’ਤੇ ਵਿਕਦੇ ਹਨ ਆਦਿ, ਮਜ਼ਦੂਰਾਂ ਦੀਆਂ ਤੇ ਮਾਲਕਾਂ ਦੀਆਂ ਸ਼ਕਤੀਸ਼ਾਲੀ ਤੇ ਸਦਾ ਵਧਦੀਆਂ ਯੂਨੀਅਨਾਂ ਦੇ ਯੁੱਗ — ਨੇ ਹੋਰ ਵੀ ਵਧੇਰੇ ਉਘੜਵੀਂ ਤਰ੍ਹਾਂ ਦਿਖਾ ਦਿੱਤਾ ਹੈ (ਭਾਵੇਂ ਕਦੀ ਕਦੀ ਬੜੇ ਇੱਕਪਾਸੜ, “ਸ਼ਾਂਤਮਈ” ਤੇ “ਸੰਵਿਧਾਨਕ” ਰੂਪ ਵਿੱਚ ਹੀ) ਕਿ ਜਮਾਤੀ ਘੋਲ਼ ਘਟਣਾ–ਕ੍ਰਮ ਦਾ ਮੁੱਖ ਸੋਮਾ ਹੈ। ਮਾਰਕਸ ਦੇ “ਕਮਿਊਨਿਸਟ ਮੈਨੀਫੈਸਟੋ” ਵਿੱਚੋਂ ਹੇਠਲੇ ਪੈਰੇ ਤੋਂ ਸਾਨੂੰ ਪਤਾ ਲਗ ਜਾਏਗਾ ਕਿ ਆਧੁਨਿਕ ਸਮਾਜ ਵਿੱਚ ਹਰ ਜਮਾਤ ਦੀ ਪੁਜ਼ੀਸ਼ਨ ਦੇ ਬਾਹਰਮੁਖੀ ਵਿਸ਼ਲੇਸ਼ਣ ਦੇ ਸਬੰਧ ਵਿੱਚ, ਹਰ ਜਮਾਤ ਦੀਆਂ ਵਿਕਾਸ ਦੀਆਂ ਹਾਲਤਾਂ ਦੇ ਵਿਸ਼ਲੇਸ਼ਣ ਦੇ ਸਬੰਧ ਵਿੱਚ ਸਮਾਜ–ਵਿਗਿਆਨ ਤੋਂ ਮਾਰਕਸ ਕਿਸ ਚੀਜ਼ ਦੀ ਮੰਗ ਕਰਦਾ ਸੀ: “ਸਾਰੀਆਂ ਜਮਾਤਾਂ ਵਿੱਚੋਂ, ਜਿਹੜੀਆਂ ਅੱਜ ਬੁਰਜੂਆਜ਼ੀ ਦੇ ਆਹਮੋ–ਸਾਮ੍ਹਣੇ ਖੜ੍ਹੀਆਂ ਹਨ, ਸਿਰਫ਼ ਪ੍ਰੋਲੇਤਾਰੀ ਜਮਾਤ ਹੀ ਅਸਲੀ ਇਨਕਲਾਬੀ ਜਮਾਤ ਹੈ। ਆਧੁਨਿਕ ਸਨਅਤ ਦੇ ਸਨਮੁਖ ਦੂਜੀਆਂ ਜਮਾਤਾਂ ਦਾ ਪਤਨ ਹੋ ਜਾਂਦਾ ਹੈ ਤੇ ਉਹ ਅਲੋਪ ਹੋ ਜਾਂਦੀਆਂ ਹਨ; ਪ੍ਰੋਲੇਤਾਰੀ ਇਸ ਦੀ ਵਿਸ਼ੇਸ਼ ਤੇ ਲਾਜ਼ਮੀ ਉਪਜ ਹੈ; ਹੇਠਲੀ ਮੱਧ ਸ਼੍ਰੇਣੀ, ਛੋਟੇ ਕਾਰਖਾਨੇਦਾਰ, ਦੁਕਾਨਦਾਰ, ਕਾਰੀਗਰ, ਕਿਸਾਨ ਇਹ ਸਾਰੇ ਹੀ ਮੱਧ ਸ਼੍ਰੇਣੀ ਦੇ ਟੋਟਿਆਂ ਵਜੋਂ ਆਪਣੀ ਹੋਂਦ ਨੂੰ ਖ਼ਤਮ ਹੋਣ ਤੋਂ ਬਚਾਉਣ ਲਈ, ਬੁਰਜੂਆਜ਼ੀ ਦੇ ਖ਼ਿਲਾਫ਼ ਲੜਦੇ ਹਨ। ਇਸ ਲਈ ਉਹ ਇਨਕਲਾਬੀ ਨਹੀਂ, ਰੂੜੀਵਾਦੀ ਹਨ। ਨਹੀਂ, ਇਸ ਤੋਂ ਵੱਧ, ਉਹ ਪਿਛਾਂਹਖਿਚੂ ਹੁੰਦੇ ਹਨ, ਕਿਉਂਕਿ ਉਹ ਇਤਿਹਾਸ ਦੇ ਪਹੀਏ ਨੂੰ ਪਿੱਛੇ ਮੋੜਨ ਦੀ ਕੋਸ਼ਿਸ਼ ਕਰਦੇ ਹਨ। ਜੇ ਸੱਬਬੀ ਤੌਰ ’ਤੇ ਉਹ ਇਨਕਲਾਬੀ ਹੀ ਹਨ, ਤਾਂ ਉਹ ਆਪਣੀ ਪ੍ਰੋਲੇਤਾਰੀ ਵਿੱਚ ਹੋਣ ਵਾਲ਼ੀ ਤਬਦੀਲੀ ਨੂੰ ਮੁੱਖ ਰਖਦਿਆਂ ਹੀ ਸਿਰਫ਼ ਇਨਕਲਾਬੀ ਹਨ; ਇਸ ਤਰ੍ਹਾਂ ਉਹ ਆਪਣੇ ਵਰਤਮਾਨ ਨਹੀਂ, ਸਗੋਂ ਆਪਣੇ ਭਵਿੱਖ ਦੇ ਹਿੱਤਾਂ ਦੀ ਰਾਖੀ ਕਰਦੇ ਹਨ, ਉਹ ਪ੍ਰੋਲੇਤਾਰੀ ਦੇ ਦ੍ਰਿਸ਼ਟੀਕੋਣ ਉੱਤੇ ਆਪਣੇ ਆਪ ਨੂੰ ਰੱਖਣ ਲਈ ਆਪਣਾ ਦ੍ਰਿਸ਼ਟੀਕੋਣ ਛੱਡ ਜਾਂਦੇ ਹਨ।” ਕਈ ਇਤਿਹਾਸਕ ਕਿਰਤਾਂ ਵਿੱਚ ਦੇਖੋ, **ਪੁਸਤਕ-ਸੂਚੀ**), ਮਾਰਕਸ ਨੇ ਪਦਾਰਥਵਾਦੀ ਇਤਿਹਾਸਕਾਰੀ ਦੀਆਂ, **ਹਰ** ਵੱਖਰੀ ਵੱਖਰੀ ਜਮਾਤ ਦੀ ਤੇ ਕਦੀ–ਕਦੀ ਜਮਾਤ ਦੇ ਅੰਦਰਲੇ ਵੱਖੋ–ਵੱਖਰੇ ਗਰੁੱਪਾਂ ਜਾਂ ਤਬਕਿਆਂ ਦੀ ਪੁਜ਼ੀਸ਼ਨ ਦੇ ਵਿਸ਼ਲੇਸ਼ਣ ਦੀਆਂ ਸ਼ਾਨਦਾਰ ਤੇ ਅਤਿ ਗੰਭੀਰ ਉਦਾਹਰਣਾਂ ਦਿੱਤੀਆਂ ਤੇ ਸਾਫ–ਸਾਫ ਤਰ੍ਹਾਂ ਨਾਲ਼ ਇਹ ਦਰਸਾਇਆ ਕਿ ਕਿਵੇਂ ਤੇ ਕਿਉਂ “ਹਰ ਜਮਾਤੀ ਘੋਲ਼ ਰਾਜਸੀ ਘੋਲ਼ ਹੈ।”[25] ਉਪਰੋਕਤ ਪੈਰਾ ਇਸ ਗੱਲ ਦੀ ਇੱਕ ਉਦਾਹਰਣ ਹੈ ਕਿ ਮਾਰਕਸ ਨੇ ਇਤਿਹਾਸਕ ਵਿਕਾਸ ਦੇ ਨਿਕਲਦੇ ਸਿੱਟੇ ਨੂੰ ਨਿਸ਼ਚਿਤ ਕਰਨ ਲਈ ਸਮਾਜਕ ਸਬੰਧਾਂ ਦੇ ਕਿੰਨੇ ਜਟਿਲ ਤਾਣੇ–ਪੇਟੇ ਤੇ ਇੱਕ ਜਮਾਤ ਤੋਂ ਦੂਜੀ ਵੱਲ, ਭੂਤ ਤੋਂ ਭਵਿੱਖ ਵੱਲ ਦੇ **ਅਬੂਰੀ** ਪੜਾਵਾਂ ਦਾ ਵਿਸ਼ਲੇਸ਼ਣ ਕੀਤਾ ਸੀ।

ਮਾਰਕਸ ਦਾ ਆਰਥਕ ਮੱਤ ਉਸ ਦੇ ਸਿਧਾਂਤ ਦੀ ਸਭ ਤੋਂ ਵੱਧ ਗੰਭੀਰ, ਸਰਬੰਗੀ ਤੇ ਵਿਸਤ੍ਰਿਤ ਪੁਸ਼ਟੀ ਤੇ ਲਾਗੂ ਕੀਤਾ ਜਾਣਾ ਹੈ।

## ਮਾਰਕਸ ਦਾ ਆਰਥਕ ਮੱਤ

"ਆਧੁਨਿਕ ਸਮਾਜ" ਭਾਵ ਪੂੰਜੀਵਾਦੀ, ਬੁਰਜੂਆ ਸਮਾਜ, "ਦੀ ਗਤੀ ਦੇ ਆਰਥਕ ਕਾਨੂੰਨ ਨੂੰ ਉਜਾਗਰ ਕਰਨਾ ਇਸ ਕਿਰਤ ਦਾ ਅੰਤਮ ਨਿਸ਼ਾਨਾ ਹੈ", ਮਾਰਕਸ "ਸਰਮਾਇਆ" ਦੀ ਭੂਮਿਕਾ ਵਿੱਚ ਲਿਖਦੇ ਹਨ। ਕਿਸੇ ਖਾਸ, ਇਤਿਹਾਸਕ ਤੌਰ 'ਤੇ ਨਿਸ਼ਚਿਤ ਸਮਾਜ ਵਿੱਚ ਉਤਪਾਦਨ ਦੇ ਸਬੰਧਾਂ ਦੀ, ਉਹਨਾਂ ਦੇ ਹੋਂਦ ਵਿੱਚ ਆਉਣ, ਵਿਕਾਸ ਕਰਨ ਤੇ ਅਧੋਗਤੀ ਦੀ ਪੁਣ-ਛਾਣ— ਇਹੋ ਜਿਹੀ ਹੈ ਮਾਰਕਸ ਦੇ ਆਰਥਕ ਮੱਤ ਦੀ ਵਸਤੂ। ਪੂੰਜੀਵਾਦੀ ਸਮਾਜ ਵਿੱਚ **ਜਿਣਸਾਂ** ਦਾ ਉਤਪਾਦਨ ਪ੍ਰਧਾਨ ਹੁੰਦਾ ਹੈ ਤੇ ਇਸ ਲਈ ਮਾਰਕਸ ਦਾ ਵਿਸ਼ਲੇਸ਼ਣ ਜਿਣਸਾਂ ਦੇ ਵਿਸ਼ਲੇਸ਼ਣ ਤੋਂ ਸ਼ੁਰੂ ਹੁੰਦਾ ਹੈ।

## ਕਦਰ

ਜਿਣਸ, ਪਹਿਲੀ ਥਾਂ ਉੱਤੇ, ਐਸੀ ਚੀਜ਼ ਹੁੰਦੀ ਹੈ ਜਿਹੜੀ ਕਿਸੇ ਮਨੁੱਖੀ ਲੋੜ ਨੂੰ ਪੂਰਾ ਕਰਦੀ ਹੈ; ਦੂਜੀ ਥਾਂ, ਇਹ ਐਸੀ ਚੀਜ਼ ਹੁੰਦੀ ਹੈ ਜਿਸ ਦਾ ਕਿਸੇ ਦੂਜੀ ਚੀਜ਼ ਨਾਲ਼ ਵਟਾਂਦਰਾ ਕੀਤਾ ਜਾ ਸਕਦਾ ਹੈ। ਕਿਸੇ ਚੀਜ਼ ਦੀ ਉਪਯੋਗਤਾ ਇਸ ਨੂੰ **ਵਰਤੋਂ-ਕਦਰ** ਦਾ ਰੂਪ ਦੇਂਦੀ ਹੈ। ਵਟਾਂਦਰਾ ਕਦਰ (ਜਾਂ ਸਿਰਫ਼ ਕਦਰ) ਸਭ ਤੋਂ ਪਹਿਲੀ ਥਾਂ ਉਹ ਨਿਸਬਤ, ਤਨਾਸਬ ਹੁੰਦੀ ਹੈ ਜਿਸ ਵਿੱਚ ਇੱਕ ਕਿਸਮ ਦੀਆਂ ਵਰਤੋਂ-ਕਦਰਾਂ ਦੀ ਖਾਸ ਗਿਣਤੀ ਦਾ ਦੂਜੀ ਕਿਸ ਦੀਆਂ ਵਰਤੋਂ-ਕਦਰਾਂ ਦੀ ਖਾਸ ਗਿਣਤੀ ਨਾਲ਼ ਵਟਾਂਦਰਾ ਕੀਤਾ ਜਾ ਸਕਦਾ ਹੈ। ਰੋਜ਼ਾਨਾ ਤਜਰਬਾ ਸਾਨੂੰ ਦਰਸਾਉਂਦਾ ਹੈ ਕਿ ਲੱਖਾਂ ਕਰੋੜਾਂ ਇਹੋ ਜਿਹੇ ਵਟਾਂਦਰੇ ਹਰ ਤਰ੍ਹਾਂ ਦੀ ਵਰਤੋਂ-ਕਦਰ ਨੂੰ, ਇੱਥੋਂ ਤੱਕ ਕਿ ਸਭ ਤੋਂ ਵੱਧ ਭਿੰਨ ਤੇ ਦੂਜੀ ਨਾਲ਼ ਮੁਕਾਬਲਾ ਨਾ ਕੀਤੀ ਜਾ ਸਕਣ ਯੋਗ ਨੂੰ ਵੀ, ਇੱਕ ਦੂਜੀ ਨਾਲ਼ ਲਗਾਤਾਰ ਸਮੀਕਰਨ ਕਰ ਰਹੇ ਹੁੰਦੇ ਹਨ। ਹੁਣ, ਇਹਨਾਂ ਵੱਖੋ ਵੱਖਰੀਆਂ ਚੀਜ਼ਾਂ ਵਿੱਚ ਸਾਂਝੀ ਗੱਲ ਕਿਹੜੀ ਹੈ, ਜਿਸ ਦਾ ਸਮਾਜਕ ਸਬੰਧਾਂ ਦੀ ਨਿਸ਼ਚਿਤ ਪ੍ਰਣਾਲੀ ਵਿੱਚ ਇੱਕ ਦੂਜੀ ਨਾਲ਼ ਲਗਾਤਾਰ ਸਮੀਕਰਨ ਕੀਤਾ ਜਾਂਦਾ ਹੈ ? ਉਹਨਾਂ ਦਾ ਸਾਂਝਾ ਲੱਛਣ ਇਹ ਹੈ ਕਿ ਉਹ **ਕਿਰਤ ਦੀਆਂ ਉਪਜਾਂ** ਹੁੰਦੀਆਂ ਹਨ। ਉਪਜਾਂ ਦਾ ਵਟਾਂਦਰਾ ਕਰਦਿਆਂ, ਲੋਕ ਬਹੁਤ ਭਿੰਨ ਭਿੰਨ ਤਰ੍ਹਾਂ ਦੀ ਕਿਰਤ ਦਾ ਸਮੀਕਰਨ ਕਰਦੇ ਹਨ। ਜਿਣਸਾਂ ਦਾ ਉਤਪਾਦਨ ਸਮਾਜਕ ਸਬੰਧਾਂ ਦੀ ਪ੍ਰਣਾਲੀ ਹੈ ਜਿਸ ਵਿੱਚ ਵਿਅਕਤੀਗਤ ਉਤਪਾਦਕ ਭਿੰਨ-ਭਿੰਨ ਤਰ੍ਹਾਂ ਦੀਆਂ ਉਪਜਾਂ ਸਿਰਜਦੇ ਹਨ (ਕਿਰਤ ਦੀ ਸਮਾਜਕ ਵੰਡ) ਤੇ ਜਿਸ ਵਿੱਚ ਇਹ ਸਾਰੀਆਂ ਉਪਜਾਂ ਵਟਾਂਦਰੇ ਦੇ ਅਮਲ ਵਿੱਚ ਇੱਕ ਦੂਜੇ ਨਾਲ਼ ਸਮਾਨ ਕੀਤੀਆਂ ਜਾਂਦੀਆਂ ਹਨ। ਇਸ ਦੇ ਸਿੱਟੇ ਵਜੋਂ, ਸਾਰੀਆਂ ਜਿਣਸਾਂ ਵਿੱਚ ਜਿਹੜੀ ਚੀਜ਼ ਸਾਂਝੀ ਹੁੰਦੀ ਹੈ, ਉਹ ਉਤਪਾਦਨ ਦੀ ਨਿਸ਼ਚਿਤ ਸ਼ਾਖ ਦੀ ਠੋਸ ਕਿਰਤ ਨਹੀਂ, ਖਾਸ ਤਰ੍ਹਾਂ ਦੀ

ਕਿਰਤ ਨਹੀਂ ਹੁੰਦੀ, ਸਗੋਂ **ਅਮੂਰਤ** ਮਨੁੱਖਾ ਕਿਰਤ ਹੁੰਦੀ ਹੈ — ਆਮ ਰੂਪ ਵਿੱਚ ਮਨੁੱਖਾ ਕਿਰਤ। ਕਿਸੇ ਖਾਸ ਸਮਾਜ ਦੀ ਸਾਰੀ ਕਿਰਤ ਸ਼ਕਤੀ, ਜਿਵੇਂ ਕਿ ਸਾਰੀਆਂ ਜਿਣਸਾਂ ਦੀਆਂ ਕਦਰਾਂ ਦੇ ਕੁੱਲ ਸਮੂਹ ਵਿੱਚ ਇਹ ਪ੍ਰਤੀਨਿੱਧ ਹੁੰਦੀ ਹੈ, ਇੱਕੋ ਹੀ ਮਨੁੱਖਾ ਸ਼ਕਤੀ ਹੁੰਦੀ ਹੈ। ਵਟਾਂਦਰੇ ਦੇ ਲੱਖਾਂ ਕਰੋੜਾਂ ਅਮਲ ਇਸ ਨੂੰ ਸਾਬਤ ਕਰਦੇ ਹਨ। ਇਸ ਦੇ ਸਿੱਟੇ ਵਜੋਂ, ਹਰ ਖਾਸ ਜਿਣਸ **ਸਮਾਜਕ ਤੌਰ ’ਤੇ ਲੋੜੀਂਦੀ** ਕਿਰਤ ਦੇ ਸਮੇਂ ਦੇ ਸਿਰਫ਼ ਖਾਸ ਹਿੱਸੇ ਦੀ ਹੀ ਪ੍ਰਤੀਨਿੱਧਤਾ ਕਰਦੀ ਹੈ। ਕਦਰ ਦਾ ਆਕਾਰ ਸਮਾਜਕ ਤੌਰ ’ਤੇ ਕਿਰਤ ਦੀ ਮਾਤਰਾ ਨਾਲ਼ ਜਾਂ ਕਿਰਤ ਦੇ ਉਸ ਸਮੇਂ ਨਾਲ਼ ਨਿਸ਼ਚਿਤ ਕੀਤਾ ਜਾਂਦਾ ਹੈ, ਜਿਹੜਾ ਸਮਾਂ ਕਿਸੇ ਖਾਸ ਜਿਣਸ, ਕਿਸੇ ਖਾਸ ਵਰਤੋਂ-ਕਦਰ ਦੇ ਉਤਪਾਦਨ ਲਈ ਸਮਾਜਕ ਤੌਰ ’ਤੇ ਜ਼ਰੂਰੀ ਹੁੰਦਾ ਹੈ। “ਜਦੋਂ ਵੀ, ਵਟਾਂਦਰੇ ਨਾਲ਼, ਅਸੀਂ ਆਪਣੀਆਂ ਵੱਖੋ ਵੱਖਰੀਆਂ ਉਪਜਾਂ ਦਾ ਕਦਰਾਂ ਵਜੋਂ ਸਮੀਕਰਨ ਕਰਦੇ ਹਾਂ ਤਾਂ ਬਿਲਕੁੱਲ ਉਸੇ ਹੀ ਕਾਰਵਾਈ ਨਾਲ਼ ਅਸੀਂ ਮਨੁੱਖਾ ਕਿਰਤ ਵਜੋਂ, ਉਹਨਾਂ ਉਪਰ ਖਰਚ ਕੀਤੀ ਗਈ ਕਿਰਤ ਦੀਆਂ ਵੱਖੋ ਵੱਖਰੀਆਂ ਕਿਸਮਾਂ ਦਾ ਵੀ ਸਮੀਕਰਨ ਕਰਦੇ ਹਾਂ। ਅਸੀਂ ਇਸ ਤੋਂ ਚੇਤੰਨ ਨਹੀਂ ਹੁੰਦੇ ਤਾਂ ਵੀ ਅਸੀਂ ਐਸਾ ਕਰਦੇ ਹਾਂ।”[26] ਜਿਵੇਂ ਕਿ ਇੱਕ ਪਹਿਲਾਂ ਦੇ ਅਰਥ-ਵਿਗਿਆਨੀ ਨੇ ਕਿਹਾ ਸੀ, ਕਦਰ ਦੋ ਬੰਦਿਆਂ ਵਿਚਕਾਰ ਸਬੰਧ ਹੈ; ਉਸ ਨੂੰ ਸਿਰਫ਼ ਨਾਲ਼ ਇਹ ਰਲ਼ਾ ਦੇਣਾ ਚਾਹੀਦਾ ਸੀ: ਐਸਾ ਸਬੰਧ ਜਿਹੜਾ ਪਦਾਰਥਕ ਉਛਾੜ ਦੇ ਹੇਠਾਂ ਲੁਕਿਆ ਹੁੰਦਾ ਹੈ। ਅਸੀਂ ਸਿਰਫ਼ ਉਦੋਂ ਹੀ ਸਮਝ ਸਕਦੇ ਹਾਂ ਕਿ ਕਦਰ ਕੀ ਹੈ, ਜਦੋਂ ਅਸੀਂ ਇਸ ਨੂੰ ਸਮਾਜ ਦੀ ਕਿਸੇ ਖਾਸ ਇਤਿਹਾਸਕ ਕਿਸਮ ਵਿੱਚ ਉਤਪਾਦਨ ਦੇ ਸਮਾਜਕ ਸਬੰਧਾਂ ਦੀ ਤੇ ਨਾਲ਼ੇ ਐਸੇ ਸਬੰਧਾਂ ਦੀ ਪ੍ਰਣਾਲ਼ੀ ਦੇ ਦ੍ਰਿਸ਼ਟੀਕੋਣ ਤੋਂ ਵਿਚਾਰੀਏ, ਜਿਹੜੇ ਸਬੰਧ ਵਟਾਂਦਰੇ ਦੇ ਵਿਸ਼ਾਲ ਵਰਤਾਰੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦੇ ਹਨ, ਐਸੇ ਵਰਤਾਰੇ ਵਿੱਚ ਜਿਹੜਾ ਅਰਬਾਂ ਵਾਰੀ ਆਪਣੇ ਆਪ ਨੂੰ ਦੁਹਰਾਉਂਦਾ ਹੈ। “ਕਦਰਾਂ ਵਜੋਂ, ਸਾਰੀਆਂ ਜਿਣਸਾਂ ਸਿਰਫ਼ ਜੰਮੇ ਹੋਏ ਕਿਰਤ ਸਮਿਆਂ ਦੇ ਨਿਸ਼ਚਿਤ ਸਮੂਹ ਹਨ।”[27] ਜਿਣਸਾਂ ਵਿੱਚ ਸ਼ਾਮਲ ਕਿਰਤ ਦੇ ਦੂਹਰੇ ਖਾਸੇ ਦਾ ਵਿਸਥਾਰ ਵਿਚ ਵਿਸ਼ਲੇਸ਼ਣ ਕਰਨ ਤੋਂ ਪਿੱਛੋਂ ਮਾਰਕਸ **ਕਦਰ** ਤੇ **ਮੁਦਰਾ ਦੇ ਰੂਪ** ਦਾ ਵਿਸ਼ਲੇਸ਼ਣ ਕਰਦਾ ਹੈ। ਇੱਥੇ ਮਾਰਕਸ ਦਾ ਮੁੱਖ ਕਾਰਜ ਕਦਰ ਦੇ ਮੁਦਰਾ ਰੂਪ ਦੇ **ਮੁੱਢ** ਦਾ ਅਧਿਐਨ ਕਰਨਾ ਹੈ, ਵਟਾਂਦਰੇ ਦੀਆਂ ਵੱਖ ਵੱਖ ਤੇ ਸਬੱਬੀ ਕਾਰਵਾਈਆਂ ਨਾਲ਼ ਸ਼ੁਰੂ ਕਰਕੇ (“ਕਦਰ ਦਾ ਮੁੱਢਲਾ ਜਾਂ ਸਬੱਬੀ ਰੂਪ” ਜਿਸ ਵਿੱਚ ਇੱਕ ਜਿਣਸ ਦੀ ਖਾਸ ਮਾਤਰਾ ਦੂਜੀ ਦੀ ਖਾਸ ਮਾਤਰਾ ਨਾਲ਼ ਵਟਾਈ ਜਾਂਦੀ ਹੈ) ਕਦਰ ਦੇ ਸਰਬ-ਵਿਆਪੀ ਰੂਪ ਵੱਲ ਨੂੰ ਜਾਂਦਿਆਂ, ਜਿਸ ਵਿੱਚ ਬਹੁਤ ਸਾਰੀਆਂ ਵੱਖ-ਵੱਖ ਜਿਣਸਾਂ ਦਾ ਵਟਾਂਦਰਾ ਇੱਕੋ-ਇੱਕ ਖਾਸ ਜਿਣਸ ਨਾਲ਼ ਕੀਤਾ ਜਾਂਦਾ ਹੈ ਤੇ ਕਦਰ ਦੇ ਮੁਦਰਾ ਰੂਪ ਨਾਲ਼ ਜਾ ਕੇ ਮੁਕਾਉਂਦਿਆਂ, ਜਦੋਂ ਸੋਨਾ ਉਹ ਖਾਸ ਜਿਣਸ, ਸਰਬ-ਵਿਆਪੀ ਸਮ-ਫਲ ਦਾ ਕੰਮ ਦੇਂਦਾ ਹੈ, ਵਟਾਂਦਰੇ ਦੇ ਵਿਕਾਸ ਦੇ **ਇਤਿਹਾਸਕ ਅਮਲ** ਦਾ ਅਧਿਐਨ ਕਰਨਾ ਹੈ। ਵਟਾਂਦਰੇ ਤੇ ਜਿਣਸ ਉਤਪਾਦਨ ਦੇ ਵਿਕਾਸ ਦੀ ਸਰਵਉੱਚ ਉਪਜ ਵਜੋਂ, ਮੁਦਰਾ ਸਾਰੀ ਵੱਖ-ਵੱਖ ਕਿਰਤ ਦੇ ਸਮਾਜਿਕ ਖਾਸੇ ਨੂੰ, ਮੰਡੀ ਵੱਲੋਂ ਜੋੜੇ ਗਏ ਵਿਅਕਤੀਗਤ ਉਤਪਾਦਕਾਂ ਵਿਚਲੇ ਸਮਾਜਕ ਸਬੰਧ ਨੂੰ ਲੁਕਾਉਂਦੀ, ਉਹਨਾਂ ਉੱਤੇ ਮੁਖੌਟਾ ਪਾਉਂਦੀ ਹੈ। ਮਾਰਕਸ ਮੁਦਰਾ ਦੇ

ਵੱਖੋ-ਵੱਖਰੇ ਕਾਰਜਾਂ ਦਾ ਕਾਫ਼ੀ ਵਿਸਥਾਰ ਨਾਲ਼ ਅਧਿਐਨ ਕਰਦਾ ਹੈ; ਇੱਥੇ ਇਸ ਗੱਲ ਵੱਲ ਖਾਸ ਕਰਕੇ ਧਿਆਨ ਦੇਣਾ ਜ਼ਰੂਰੀ ਹੈ (ਜਿਵੇਂ ਕਿ ਆਮ ਕਰਕੇ "ਸਰਮਾਇਆ" ਦੇ ਪਹਿਲੇ ਕਾਂਡਾਂ ਵਿੱਚ) ਕਿ ਜਿਹੜੀ ਚੀਜ਼ ਅਮੂਰਤ ਤੇ ਕਦੀ-ਕਦੀ ਵਿਆਖਿਆ ਦਾ ਨਿਰੋਲ ਨਿਗਮਨ ਢੰਗ ਲਗਦੀ ਹੈ, ਉਹ ਅਸਲ ਵਿੱਚ ਵਟਾਂਦਰੇ ਤੇ ਜਿਣਸ ਉਤਪਾਦਨ ਦੇ ਵਿਕਾਸ ਦੇ ਇਤਿਹਾਸ ਬਾਰੇ ਤੱਥਵੀਂ ਮਸਾਲੇ ਦੇ ਧੜਵੈਲ ਭੰਡਾਰ ਨੂੰ ਲੈਂਦੀ ਹੈ। "ਜੇ ਅਸੀਂ ਮੁਦਰਾ ਉੱਤੇ ਵਿਚਾਰ ਕਰੀਏ ਤਾਂ ਇਸ ਦੀ ਹੋਂਦ ਜਿਣਸਾਂ ਦੇ ਵਟਾਂਦਰੇ ਵਿੱਚ ਨਿਸ਼ਚਿਤ ਪੜਾਅ ਦੀ ਸੂਚਕ ਹੈ। ਮੁਦਰਾ ਦੇ ਖਾਸ ਕਾਰਜ, ਜਿਹੜੇ ਇਹ ਜਾਂ ਤਾਂ ਜਿਣਸਾਂ ਦੇ ਸਿਰਫ਼ ਸਮ-ਫਲ ਵਜੋਂ ਜਾਂ ਗੇੜ ਦੇ ਸਾਧਨ ਵਜੋਂ, ਜਾਂ ਅਦਾਇਗੀ ਦੇ ਸਾਧਨ, ਭੰਡਾਰ ਵਜੋਂ ਜਾਂ ਸਰਬ-ਵਿਆਪੀ ਮੁਦਰਾ ਵਜੋਂ ਕਰਦੀ ਹੈ, ਉਹ ਇੱਕ ਜਾਂ ਦੂਜੇ ਕਾਰਜ ਦੀ ਹੱਦ ਤੇ ਸਾਪੇਖ ਪ੍ਰਬਲਤਾ ਅਨੁਸਾਰ, ਸਮਾਜਕ ਉਤਪਾਦਨ ਦੇ ਅਮਲ ਵਿਚਲੇ ਬਹੁਤ ਵੱਖੋ-ਵੱਖਰੇ ਪੜਾਵਾਂ ਵੱਲ ਇਸ਼ਾਰਾ ਕਰਦੇ ਹਨ।" ("ਸਰਮਾਇਆ", ਸੈਂਚੀ-1)[28]

## ਵਾਧੂ ਕਦਰ

ਜਿਣਸ ਉਤਪਾਦਨ ਦੇ ਵਿਕਾਸ ਵਿੱਚ ਇੱਕ ਖਾਸ ਪੜਾਅ ਉੱਤੇ ਮੁਦਰਾ ਪੂੰਜੀ ਵਿੱਚ ਬਦਲ ਜਾਂਦੀ ਹੈ। ਜਿਣਸਾਂ ਦੇ ਗੇੜ ਦਾ ਫਾਰਮੂਲਾ ਸੀ ਜਿ-ਮੁ-ਜਿ (ਜਿਣਸ-ਮੁਦਰਾ-ਜਿਣਸ) ਭਾਵ ਹੋਰ ਜਿਣਸ ਨੂੰ ਖਰੀਦਣ ਲਈ ਇੱਕ ਜਿਣਸ ਦੀ ਵਿਕਰੀ। ਇਸ ਦੇ ਉਲਟ ਪੂੰਜੀ ਦਾ ਆਮ ਫਾਰਮੂਲਾ ਹੈ, ਮੁ-ਜਿ-ਮੁ, ਭਾਵ (ਮੁਨਾਫੇ 'ਤੇ) ਵੇਚਣ ਦੇ ਮੰਤਵ ਨਾਲ਼ ਖਰੀਦ। ਗੇੜ ਵਿੱਚ ਲਿਆਂਦੀ ਗਈ ਮੁਦਰਾ ਦੀ ਮੂਲ ਕਦਰ ਦੇ ਉਪਰਲੇ ਵਾਧੇ ਨੂੰ ਮਾਰਕਸ ਵਾਧੂ ਕਦਰ ਦਾ ਨਾਂ ਦੇਂਦਾ ਹੈ। ਪੂੰਜੀਵਾਦੀ ਗੇੜ ਵਿੱਚ ਮੁਦਰਾ ਦੇ ਇਸ "ਵਾਧੇ" ਦੇ ਤੱਥ ਨੂੰ ਸਾਰੇ ਜਾਣਦੇ ਹਨ। ਬੇਸ਼ੱਕ, ਇਹ "ਵਾਧਾ" ਹੀ ਹੈ ਜਿਹੜਾ ਨਿਸ਼ਚਿਤ ਹੁੰਦੇ ਸਮਾਜਕ ਸਬੰਧ ਵਜੋਂ, **ਪੂੰਜੀ** ਵਿੱਚ ਤਬਦੀਲ ਕਰਦਾ ਹੈ। ਵਾਧੂ ਕਦਰ ਜਿਣਸਾਂ ਦੇ ਗੇੜ ਵਿੱਚੋਂ ਪੈਦਾ ਨਹੀਂ ਹੋ ਸਕਦੀ, ਕਿਉਂਕਿ ਜਿਣਸਾਂ ਦਾ ਗੇੜ ਸਿਰਫ਼ ਸਮਾਨ ਵਸਤਾਂ ਦੇ ਵਟਾਂਦਰੇ ਨੂੰ ਹੀ ਜਾਣਦਾ ਹੈ; ਨਾ ਹੀ ਇਹ ਕੀਮਤਾਂ ਦੇ ਵਾਧੇ ਵਿੱਚੋਂ ਪੈਦਾ ਹੋ ਸਕਦੀ ਹੈ, ਕਿਉਂਕਿ ਖਰੀਦਣ ਤੇ ਵੇਚਣ ਵਾਲਿਆਂ ਦੇ ਪ੍ਰਸਪਰ ਮੁਨਾਫੇ ਤੇ ਨੁਕਸਾਨ ਇੱਕ ਦੂਜੇ ਨੂੰ ਬਰਾਬਰ ਕਰ ਦੇਣਗੇ, ਜਦ ਕਿ ਇੱਥੇ ਸਾਡੇ ਸਾਮ੍ਹਣੇ ਜੋ ਕੁੱਝ ਹੈ, ਉਹ ਵੱਖਰਾ ਵਰਤਾਰਾ ਨਹੀਂ, ਸਗੋਂ ਵਿਸ਼ਾਲ ਔਸਤ ਤੇ ਸਮਾਜਕ ਵਰਤਾਰਾ ਹੈ। ਵਾਧੂ ਕਦਰ ਪ੍ਰਾਪਤ ਕਰਨ ਲਈ, "ਮੁਦਰਾ ਦੇ ਮਾਲਕ ਲਈ ਮੰਡੀ ਵਿੱਚ ਐਸੀ ਜਿਣਸ ਲੱਭਣੀ ਜ਼ਰੂਰੀ ਹੈ, ਜਿਸ ਦੀ ਵਰਤੋਂ-ਕਦਰ, ਕਦਰ ਦਾ ਸੋਮਾ ਹੋਣ ਦਾ ਖਾਸ ਗੁਣ ਰੱਖਦੀ ਹੋਵੇ"[29] ਐਸੀ ਜਿਣਸ, ਜਿਸ ਦਾ ਖਪਤ ਦਾ ਅਮਲ ਨਾਲ਼ ਹੀ ਨਾਲ਼ ਕਦਰ ਦੀ ਸਿਰਜਨਾ ਦਾ ਅਮਲ ਵੀ ਹੋਵੇ। ਇਹੋ ਜਿਹੀ ਜਿਣਸ ਮੌਜੂਦ ਹੈ — ਮਨੁੱਖਾ ਕਿਰਤ ਸ਼ਕਤੀ। ਇਸ ਦੀ ਖਪਤ ਕਿਰਤ ਹੈ ਤੇ ਕਿਰਤ ਕਦਰ ਨੂੰ ਪੈਦਾ ਕਰਦੀ ਹੈ। ਮੁਦਰਾ ਦਾ ਮਾਲਕ ਕਿਰਤ ਸ਼ਕਤੀ ਨੂੰ ਇਸ ਦੀ ਕਦਰ ਉੱਤੇ ਖਰੀਦਦਾ ਹੈ, ਜੋ ਕਿ ਦੂਜੀ ਹਰ ਜਿਣਸ ਦੀ ਕਦਰ ਵਾਂਗ, ਇਸ ਦੇ ਉਤਪਾਦਨ ਲਈ ਲੋੜੀਂਦੇ ਸਮਾਜਕ ਤੌਰ 'ਤੇ ਜ਼ਰੂਰੀ ਕਿਰਤ ਸਮੇਂ ਨਾਲ਼ (ਭਾਵ

ਮਜ਼ਦੂਰ ਤੋਂ ਉਸ ਦੇ ਪਰਿਵਾਰ ਨੂੰ ਜਿਉਂਦਿਆਂ ਰੱਖਣ ਦੀ ਕੀਮਤ ਨਾਲ਼) ਨਿਸ਼ਚਿਤ ਕੀਤੀ ਜਾਂਦੀ ਹੈ। ਕਿਰਤ ਸ਼ਕਤੀ ਨੂੰ ਖਰੀਦ ਲੈਣ ਪਿੱਛੋਂ, ਮੁਦਰਾ ਦੇ ਮਾਲਕ ਨੂੰ ਇਸ ਦੀ ਵਰਤੋਂ ਕਰਨ ਦਾ, ਭਾਵ ਇਸ ਨੂੰ ਸਾਰਾ ਦਿਨ — ਫ਼ਰਜ਼ ਕਰ ਲਵੋ, ਬਾਰ੍ਹਾਂ ਘੰਟੇ—ਕੰਮ ਉੱਤੇ ਲਾਉਣ ਦਾ ਹੱਕ ਮਿਲ ਜਾਂਦਾ ਹੈ। ਤਾਂ ਵੀ, ਛੇ ਘੰਟਿਆਂ ਦੇ ਦੌਰਾਨ ("ਜ਼ਰੂਰੀ ਕਿਰਤ ਸਮਾਂ") ਮਜ਼ਦੂਰ ਓਨੀ ਉਪਜ ਪੈਦਾ ਕਰ ਲੈਂਦਾ ਹੈ ਜਿਹੜੀ ਉਸ ਨੂੰ ਆਪਣੇ ਆਪ ਨੂੰ ਕਾਇਮ ਰੱਖਣ ਲਈ ਕਾਫ਼ੀ ਹੁੰਦੀ ਹੈ; ਅਗਲੇ ਛੇ ਘੰਟਿਆਂ ਦੇ ਦੌਰਾਨ ("ਵਾਧੂ" ਕਿਰਤ ਸਮਾਂ) ਉਹ "ਵਾਧੂ" ਉਪਜ, ਜਾਂ ਵਾਧੂ ਕਦਰ ਪੈਦਾ ਕਰਦਾ ਹੈ, ਜਿਸ ਲਈ ਪੂੰਜੀਪਤੀ ਕੁੱਝ ਅਦਾ ਨਹੀਂ ਕਰਦਾ। ਇਸ ਲਈ, ਉਤਪਾਦਨ ਦੇ ਅਮਲ ਦੇ ਦ੍ਰਿਸ਼ਟੀਕੋਣ ਤੋਂ, ਪੂੰਜੀ ਦੇ ਦੋ ਹਿੱਸਿਆਂ ਵਿੱਚ ਜ਼ਰੂਰ ਨਿਖੇੜ ਕਰ ਲੈਣਾ ਚਾਹੀਦਾ ਹੈ: ਸਥਿਰ ਪੂੰਜੀ, ਜਿਹਡੀ ਕਿ ਉਤਪਾਦਨ ਦੇ ਸਾਧਨਾਂ (ਮਸ਼ੀਨਰੀ, ਟੂਲ, ਕੱਚਾ ਮਾਲ ਆਦਿ) ਉਪਰ ਖਰਚ ਕੀਤੀ ਜਾਂਦੀ ਹੈ, ਜਿਸ ਦੀ ਕਦਰ, ਬਿਨਾਂ ਕਿਸੇ ਤਬਦੀਲੀ ਦੇ, ਤਿਆਰ-ਸ਼ੁਦਾ ਉਪਜ ਵਿੱਚ (ਇੱਕਦਮ ਜਾਂ ਹਿੱਸਿਆਂ ਵਿੱਚ) ਤਬਦੀਲ ਹੋ ਜਾਂਦੀ ਹੈ; ਦੂਜਾ, ਅਸਥਿਰ ਪੂੰਜੀ, ਜਿਹੜੀ ਕਿਰਤ ਸ਼ਕਤੀ ਉੱਤੇ ਖਰਚ ਕੀਤੀ ਜਾਂਦੀ ਹੈ। ਇਸ ਮਗਰਲੀ ਪੂੰਜੀ ਦੀ ਕਦਰ ਸਥਿਰ ਨਹੀਂ ਹੁੰਦੀ, ਸਗੋਂ ਕਿਰਤ ਅਮਲ ਦੇ ਦੌਰਾਨ ਵੱਧਦੀ ਹੈ ਤੇ ਵਾਧੂ ਕਦਰ ਪੈਦਾ ਕਰਦੀ ਹੈ। ਇਸ ਲਈ, ਪੂੰਜੀ ਵੱਲੋਂ ਕਿਰਤ ਸ਼ਕਤੀ ਦੀ ਲੁੱਟ-ਖਸੁੱਟ ਦੀ ਹੱਦ ਪ੍ਰਗਟ ਕਰਨ ਲਈ, ਵਾਧੂ ਕਦਰ ਦੀ ਤੁਲਨਾ ਸਮੁੱਚੀ ਪੂੰਜੀ ਨਾਲ਼ ਨਹੀਂ ਸਗੋਂ ਸਿਰਫ਼ ਸਥਿਰ ਪੂੰਜੀ ਨਾਲ਼ ਕੀਤੀ ਜਾਣੀ ਚਾਹੀਦੀ ਹੈ। ਇਸ ਤਰ੍ਹਾਂ, ਹੁਣੇ ਦਿੱਤੀ ਉਦਾਹਰਣ ਵਿੱਚ, ਵਾਧੂ ਕਦਰ ਦੀ ਦਰ ਜਿਵੇਂ ਕਿ ਮਾਰਕਸ ਨੇ ਇਸ ਨਿਸਬਤ ਨੂੰ ਕਿਹਾ ਸੀ, 6/6 ਹੋਵੇਗੀ, ਭਾਵ 100 ਫੀਸਦੀ।

ਪੂੰਜੀ ਦੇ ਪੈਦਾ ਹੋਣ ਲਈ ਦੋ ਇਤਿਹਾਸਕ ਪੂਰਵ-ਲੋੜਾਂ ਚਾਹੀਦੀਆਂ ਸਨ: ਪਹਿਲੀ, ਆਮ ਕਰਕੇ ਜਿਣਸ ਉਤਪਾਦਨ ਦੇ ਵਿਕਾਸ ਦੀ ਮੁਕਾਬਲਤਨ ਉੱਚੀ ਪੱਧਰ ਦੀਆਂ ਹਾਲਤਾਂ ਹੇਠ ਵਿਅਕਤੀਆਂ ਦੇ ਹੱਥਾਂ ਵਿੱਚ ਮੁਦਰਾ ਦੀਆਂ ਖਾਸ ਰਕਮਾਂ ਦਾ ਇਕੱਤ੍ਰਿਤ ਹੋ ਜਾਣਾ; ਦੂਜੀ, ਮਜ਼ਦੂਰ ਦੀ ਹੋਂਦ, ਜਿਹੜਾ ਦੂਹਰੇ ਅਰਥਾਂ ਵਿੱਚ "ਅਜ਼ਾਦ" ਹੋਵੇ: ਆਪਣੀ ਕਿਰਤ ਸ਼ਕਤੀ ਦੀ ਵਿਕਰੀ ਉਪਰ ਕਿਸੇ ਵੀ ਰੁਕਾਵਟ ਜਾਂ ਬੰਦਸ਼ ਤੋਂ ਅਜ਼ਾਦ, ਤੇ ਭੂਮੀ ਤੋਂ ਤੇ ਆਮ ਕਰਕੇ ਉਤਪਾਦਨ ਦੇ ਸਾਰੇ ਸਾਧਨਾਂ ਤੋਂ ਅਜ਼ਾਦ, ਅਜ਼ਾਦ ਤੇ ਕਿਸੇ ਚੀਜ਼ ਨਾਲ਼ ਨਾ ਬੱਝਾ ਹੋਇਆ ਕਿਰਤੀ, "ਪ੍ਰੋਲੇਤਾਰੀ" ਜਿਹੜਾ ਹੋਰ ਕਿਸੇ ਤਰ੍ਹਾਂ ਨਹੀਂ ਜਿਉਂ ਸਕਦਾ, ਸਿਵਾਏ ਆਪਣੀ ਕਿਰਤ ਸ਼ਕਤੀ ਵੇਚੇ ਦੇ।

ਵਾਧੂ ਕਦਰ ਵਿੱਚ ਵਾਧਾ ਕਰਨ ਦੇ ਦੋ ਮੁਖ ਤਰੀਕੇ ਹਨ: ਕੰਮ ਦੀ ਦਿਹਾੜੀ ਨੂੰ ਵੱਡਿਆਂ ਕਰਨਾ ("ਨਿਰਪੇਖ ਵਾਧੂ ਕਦਰ"), ਤੇ ਲੋੜੀਂਦੇ ਕੰਮ ਦੀ ਦਿਹਾੜੀ ਨੂੰ ਛੋਟਿਆਂ ਕਰਨਾ ("ਸਾਪੇਖ ਵਾਧੂ ਕਦਰ")। ਪਹਿਲੇ ਤਰੀਕੇ ਦਾ ਵਿਸ਼ਲੇਸ਼ਣ ਕਰਦਿਆਂ, ਮਾਰਕਸ ਛੁਟੇਰੀ ਕੰਮ ਦਿਹਾੜੀ ਲਈ ਮਜ਼ਦੂਰ ਜਮਾਤ ਦੇ ਘੋਲ਼ ਦੀ ਤੇ ਕੰਮ ਦਿਹਾੜੀ ਨੂੰ ਵਧਾਉਣ ਵਾਸਤੇ (ਚੌਧਵੀਂ ਸਦੀ ਤੋਂ ਸਤਾਰ੍ਹਵੀਂ ਸਦੀ ਤੱਕ) ਤੇ ਇਸ ਨੂੰ ਘਟਾਉਣ ਲਈ (ਉਨ੍ਹੀਵੀਂ ਸਦੀ ਵਿੱਚ ਬਣੇ ਫੈਕਟਰੀ ਕਾਨੂੰਨ) ਰਾਜ ਅਧਿਕਾਰੀਆਂ ਵੱਲੋਂ ਦਖ਼ਲ ਦੇਣ ਦੀ ਪ੍ਰਭਾਵਸ਼ਾਲੀ

ਤਸਵੀਰ ਪੇਸ਼ ਕਰਦੇ ਹਨ। "ਸਰਮਾਇਆ" ਦੇ ਪ੍ਰਕਾਸ਼ਤ ਹੋਣ ਤੋਂ ਲੈ ਕੇ, ਦੁਨੀਆਂ ਦੇ ਸਾਰੇ ਸੱਭਿਅ ਦੇਸ਼ਾਂ ਵਿੱਚ ਮਜ਼ਦੂਰ ਜਮਾਤ ਲਹਿਰ ਦੇ ਇਤਿਹਾਸ ਨੇ ਇਸ ਤਸਵੀਰ ਨੂੰ ਵਿਸਥਾਰਦੇ ਹੋਏ ਨਵੇਂ ਤੱਥਾਂ ਦਾ ਖਜ਼ਾਨਾ ਮੁਹੱਈਆ ਕੀਤਾ ਹੈ।

ਸਾਪੇਖ ਵਾਧੂ ਕਦਰ ਦੇ ਉਤਪਾਦਨ ਦਾ ਵਿਸ਼ਲੇਸ਼ਣ ਕਰਦਿਆਂ, ਮਾਰਕਸ ਪੂੰਜੀਵਾਦ ਵੱਲੋਂ ਕਿਰਤ ਦੀ ਉਤਪਾਦਕਤਾ ਵਧਾਉਣ ਵਿਚਲੇ ਤਿੰਨ ਬੁਨਿਆਦੀ ਇਤਿਹਾਸਕ ਪੜਾਵਾਂ ਦੀ ਪੁਣ-ਛਾਣ ਕਰਦੇ ਹਨ: (1) ਸਾਧਾਰਨ ਮਿਲਵਰਤਣ; (2) ਕਿਰਤ ਦੀ ਵੰਡ ਤੇ ਕਾਰਖਾਨੇਦਾਰੀ; (3) ਮਸ਼ੀਨਰੀ ਤੇ ਵੱਡੇ ਪੈਮਾਨੇ ਦੀ ਸਨਅਤ। ਮਾਰਕਸ ਨੇ ਇੱਥੇ ਕਿੰਨੀ ਡੂੰਘੀ ਤਰ੍ਹਾਂ ਪੂੰਜੀਵਾਦੀ ਵਿਕਾਸ ਦੇ ਬੁਨਿਆਦੀ ਤੇ ਪ੍ਰਤੀਨਿੱਧ ਲੱਛਣਾਂ ਨੂੰ ਪ੍ਰਗਟ ਕੀਤਾ ਹੈ, ਉਸ ਦਾ ਵੈਸੇ ਇਸ ਤੱਥ ਤੋਂ ਹੀ ਪਤਾ ਲੱਗਦਾ ਹੈ ਕਿ ਰੂਸ ਦੀਆਂ ਦਸਤਕਾਰੀ ਸਨਅਤਾਂ ਵਿੱਚ ਪੁਣ-ਛਾਣ ਉਪਰੋਕਤ ਪੜਾਵਾਂ ਵਿੱਚੋਂ ਪਹਿਲੇ ਦੋ ਦੀ ਵਿਆਖਿਆ ਕਰਨ ਲਈ ਕਾਫ਼ੀ ਮਸਾਲਾ ਮੁਹੱਈਆ ਕਰਦੀ ਹੈ। ਵੱਡੇ ਪੈਮਾਨੇ ਦੀ ਮਸ਼ੀਨੀ ਸਨਅਤ ਦੇ ਇਨਕਲਾਬੀ ਅਸਰ ਨੇ, ਜਿਵੇਂ ਕਿ 1867 ਵਿੱਚ ਮਾਰਕਸ ਨੇ ਵਰਨਣ ਕੀਤਾ ਸੀ, ਆਪਣੇ ਆਪ ਨੂੰ ਉਸ ਤੋਂ ਪਿੱਛੋਂ ਦੀ ਅੱਧੀ ਕੁ ਸਦੀ ਦੇ ਦੌਰਾਨ ਬਹੁਤ ਸਾਰੇ "ਨਵੇਂ" ਦੇਸ਼ਾਂ (ਰੂਸ, ਜਾਪਾਨ ਆਦਿ) ਵਿੱਚ ਪ੍ਰਗਟ ਕੀਤਾ ਹੈ।

ਅੱਗੇ ਚੱਲੀਏ! **ਪੂੰਜੀ ਦੇ ਇਕੱਤ੍ਰੀਕਰਨ ਦਾ**, ਭਾਵ ਵਾਧੂ ਕਦਰ ਦੇ ਇੱਕ ਹਿੱਸੇ ਦੀ ਪੂੰਜੀ ਵਿੱਚ ਤਬਦੀਲੀ ਤੇ ਇਸ ਦੀ ਵਰਤੋਂ, ਪੂੰਜੀਪਤੀ ਦੀਆਂ ਨਿੱਜੀ ਲੋੜਾਂ ਜਾਂ ਸਨਕਾਂ ਨੂੰ ਪੂਰਿਆਂ ਕਰਨ ਲਈ ਨਹੀਂ, ਸਗੋਂ ਨਵੇਂ ਉਤਪਾਦਨ ਲਈ, ਦਾ ਮਾਰਕਸ ਦਾ ਵਿਸ਼ਲੇਸ਼ਣ ਨਵਾਂ ਤੇ ਅਤਿ ਦਰਜੇ ਦਾ ਮਹੱਤਵਪੂਰਨ ਹੈ। ਮਾਰਕਸ ਨੇ ਪਹਿਲਾਂ ਦੇ ਸਾਰੇ ਕਲਾਸਕੀ-ਰਾਜਸੀ ਅਰਥ-ਵਿਗਿਆਨੀਆਂ (ਐਡਮ ਸਮਿੱਥ ਤੋਂ ਸ਼ੁਰੂ ਕਰਕੇ) ਵੱਲੋਂ ਕੀਤੀ ਗਈ ਭੁੱਲ ਨੂੰ ਸਾਮ੍ਹਣੇ ਲਿਆਂਦਾ, ਜਿਹੜੇ ਫਰਜ਼ ਕਰਦੇ ਸਨ ਕਿ ਸਮੁੱਚੀ ਵਾਧੂ ਕਦਰ, ਜਿਹੜੀ ਪੂੰਜੀ ਵਿੱਚ ਤਬਦੀਲ ਕੀਤੀ ਜਾਂਦੀ ਹੈ, ਅਸਥਿਰ ਪੂੰਜੀ ਬਣਾਉਣ ਵਿੱਚ ਲੱਗ ਜਾਂਦੀ ਹੈ। ਹਕੀਕਤ ਵਿੱਚ, ਇਹ **ਉਤਪਾਦਨ ਦੇ ਸਾਧਨਾਂ** ਤੇ ਅਸਥਿਰ ਪੂੰਜੀ ਵਿੱਚ ਵੰਡੀ ਜਾਂਦੀ ਹੈ। ਪੂੰਜੀਵਾਦ ਦੇ ਵਿਕਾਸ ਤੇ ਇਸ ਦੀ ਸਮਾਜਵਾਦ ਵਿੱਚ ਤਬਦੀਲੀ ਦੇ ਅਮਲ ਲਈ (ਕੁੱਲ ਪੂੰਜੀ ਦੇ) ਸਥਿਰ ਪੂੰਜੀ ਵਾਲ਼ੇ ਹਿੱਸੇ ਦਾ ਅਸਥਿਰ ਪੂੰਜੀ ਵਾਲ਼ੇ ਹਿੱਸੇ ਦੇ ਮੁਕਾਬਲੇ ਵਿੱਚ ਵਧੇਰੇ ਤੇਜ਼ ਵਾਧਾ ਅਥਾਹ ਮਹੱਤਤਾ ਰੱਖਦਾ ਹੈ।

ਮਜ਼ਦੂਰਾਂ ਦੀ ਥਾਂ ਮਸ਼ੀਨਰੀ ਨੂੰ ਦੇਣ ਵਿਚ ਤੇਜ਼ੀ ਲਿਆਉਣ ਨਾਲ਼ ਤੇ ਇੱਕ ਸਿਰੇ ਉੱਤੇ ਧਨ ਤੇ ਦੂਜੇ ਸਿਰੇ ਉੱਤੇ ਕੰਗਾਲੀ ਸਿਰਜਨ ਨਾਲ਼, ਪੂੰਜੀ ਦਾ ਇਕੱਤ੍ਰੀਕਰਨ ਉਸ ਚੀਜ਼ ਨੂੰ, ਜਿਸ ਨੂੰ "ਕਿਰਤ ਦੀ ਰਾਖਵੀਂ ਫੌਜ" ਕਿਹਾ ਜਾਂਦਾ ਹੈ, ਮਜ਼ਦੂਰਾਂ ਦੀ "ਮੁਕਾਬਲਤਨ ਵਾਧੂ ਗਿਣਤੀ" ਨੂੰ ਜਾਂ "ਪੂੰਜੀਵਾਦੀ ਅਤਿ-ਵਸੋਂ" ਨੂੰ ਵੀ ਜਨਮ ਦੇਂਦਾ ਹੈ ਜੋ ਕਿ ਅਤਿ ਦੇ ਭਿੰਨ-ਭਿੰਨ ਰੂਪ ਧਾਰਨ ਕਰ ਲੈਂਦੀ ਹੈ ਤੇ ਪੂੰਜੀ ਨੂੰ ਉਤਪਾਦਨ ਦਾ ਬੇਹੱਦ ਤੇਜ਼ੀ ਨਾਲ਼ ਪਸਾਰ ਕਰਨ ਦੇ ਯੋਗ ਬਣਾਉਂਦੀ ਹੈ। ਕਰਜ਼ੇ ਦੀਆਂ ਸਹੂਲਤਾਂ ਤੇ ਉਤਪਾਦਨ ਦੇ ਸਾਧਨਾਂ ਦੇ ਰੂਪ ਵਿਚ ਪੂੰਜੀ ਦੇ ਇਕੱਤ੍ਰੀਕਰਨ ਨਾਲ਼ ਮਿਲ ਕੇ, ਇਹ, ਵੈਸੇ, ਅਤਿ-ਉਤਪਾਦਨ ਦੇ **ਸੰਕਟਾਂ** ਨੂੰ

ਸਮਝਣ ਦੀ ਕੁੰਜੀ ਹੈ ਜਿਹੜੇ ਪੂੰਜੀਵਾਦੀ ਦੇਸ਼ਾਂ ਵਿੱਚ ਸਮੇਂ-ਸਮੇਂ ਵਾਪਰਦੇ ਹਨ — ਪਹਿਲਾਂ-ਪਹਿਲਾਂ ਔਸਤਨ ਦਸ-ਦਸ ਸਾਲਾਂ ਪਿੱਛੋਂ ਤੇ ਮਗਰੋਂ ਵਧੇਰੇ ਲੰਮੇ ਤੇ ਘੱਟ ਨਿਸ਼ਚਿਤ ਵਕਫ਼ਿਆਂ ਉੱਤੇ। ਸਾਨੂੰ ਪੂੰਜੀਵਾਦ ਹੇਠ ਪੂੰਜੀ ਦੇ ਇਕੱਤ੍ਰੀਕਰਨ ਦਾ ਉਸ ਇਕੱਤ੍ਰੀਕਰਨ ਨਾਲ਼ੋਂ ਨਿਖੇੜ ਕਰਨਾ ਚਾਹੀਦਾ ਹੈ, ਜਿਸ ਨੂੰ ਮੁੱਢਲਾ ਇਕੱਤ੍ਰੀਕਰਨ ਕਿਹਾ ਜਾਂਦਾ ਹੈ: ਮਜ਼ਦੂਰਾਂ ਨੂੰ ਉਤਪਾਦਨ ਦੇ ਸਾਧਨਾਂ ਤੋਂ ਜ਼ਬਰਦਸਤੀ ਵੱਖ ਕਰਨਾ, ਕਿਸਾਨਾਂ ਨੂੰ ਜ਼ਮੀਨਾਂ ਤੋਂ ਬਾਹਰ ਕੱਢਣਾ, ਸਾਂਝੀਆਂ ਜ਼ਮੀਨਾਂ ਚੁਰਾ ਲੈਣਾ, ਬਸਤੀਆਂ ਤੇ ਕੌਮੀ ਕਰਜ਼ਿਆਂ, ਰੱਖਿਆਮਈ ਚੁੰਗੀ-ਮਸੂਲਾਂ ਦੀ ਪ੍ਰਣਾਲੀ ਆਦਿ। "ਮੁੱਢਲਾ ਇਕੱਤ੍ਰੀਕਰਨ" ਇੱਕ ਸਿਰੇ ਉੱਤੇ "ਅਜ਼ਾਦ" ਪ੍ਰੋਲੇਤਾਰੀ ਨੂੰ ਤੇ ਦੂਜੇ ਸਿਰੇ ਉੱਤੇ ਮੁਦਰਾ ਦੇ ਮਾਲਕ, ਪੂੰਜੀਪਤੀ ਨੂੰ ਪੈਦਾ ਕਰਦਾ ਹੈ।

"**ਪੂੰਜੀਵਾਦੀ ਇਕੱਤ੍ਰੀਕਰਨ ਦੇ ਇਤਿਹਾਸਕ ਰੁਝਾਣ**" ਦਾ ਮਾਰਕਸ ਨੇ ਹੇਠ ਲਿਖੇ ਪ੍ਰਸਿੱਧ ਲਫ਼ਜ਼ਾਂ ਵਿੱਚ ਵਰਨਣ ਕੀਤਾ ਹੈ: "ਸਿੱਧੇ ਉਤਪਾਦਕਾਂ ਦੀ ਲੁੱਟ ਬੇਤਰਸ ਵਹਿਸ਼ੀਪੁਣੇ ਨਾਲ਼ ਤੇ ਐਸੇ ਜਜ਼ਬਿਆਂ ਦੀ ਪ੍ਰੇਰਨਾ ਹੇਠ ਪੂਰੀ ਕੀਤੀ ਜਾਂਦੀ ਹੈ, ਜਿਹੜੇ ਸਭ ਤੋਂ ਵੱਧ ਬਦਨਾਮ, ਸਭ ਤੋਂ ਵੱਧ ਸ਼ੂਮ, ਅਤਿ ਦੇ ਤੁੱਛ ਤੇ ਅਤਿ ਕਮੀਨੀ ਤਰ੍ਹਾਂ ਨਾਲ਼ ਘਿਨਾਉਣੇ ਹੁੰਦੇ ਹਨ। ਖੁਦ-ਕਮਾਈ ਨਿੱਜੀ ਜਾਇਦਾਦ" (ਕਿਸਾਨਾਂ ਤੇ ਦਸਤਕਾਰਾਂ ਦੀ), "ਜਿਹੜੀ, ਇੱਕ ਤਰ੍ਹਾਂ ਨਾਲ਼, ਵੱਖ-ਵੱਖ ਸਵੈਧੀਨ ਕਿਰਤ ਕਰਦੇ ਵਿਅਕਤੀ ਦੇ ਆਪਣੀ ਕਿਰਤ ਦੀਆਂ ਹਾਲਤਾਂ ਨਾਲ਼ ਇੱਕਮਿਕ ਹੋਣ ਉੱਤੇ ਆਧਾਰਤ ਹੁੰਦੀ ਹੈ, ਦੀ ਥਾਂ ਪੂੰਜੀਵਾਦੀ ਨਿੱਜੀ ਜਾਇਦਾਦ ਲੈ ਲੈਂਦੀ ਹੈ, ਜਿਹੜੀ ਦੂਜਿਆਂ ਦੀ ਨਾ-ਮਾਤਰ ਆਜ਼ਾਦ ਕਿਰਤ ਦੀ ਲੁੱਟ-ਖਸੁੱਟ ਉਪਰ ਆਧਾਰਤ ਹੁੰਦੀ ਹੈ।.... ਹੁਣ ਜਿਸ ਨੂੰ ਲੁੱਟਿਆ ਜਾਣਾ ਹੁੰਦਾ ਹੈ, ਉਹ ਆਪਣੇ ਆਪ ਲਈ ਕੰਮ ਕਰ ਰਿਹਾ ਕਿਰਤੀ ਨਹੀਂ ਹੁੰਦਾ, ਸਗੋਂ ਕਈ ਕਿਰਤੀਆਂ ਦੀ ਲੁੱਟ-ਖਸੁੱਟ ਕਰ ਰਿਹਾ ਪੂੰਜੀਪਤੀ ਹੁੰਦਾ ਹੈ। ਇਹ ਕੰਮ ਖੁਦ ਪੂੰਜੀਵਾਦੀ ਉਤਪਾਦਨ ਦੇ ਵਿਆਪਕ ਕਾਨੂੰਨਾਂ ਵੱਲੋਂ, ਪੂੰਜੀ ਦੇ ਕੇਂਦਰੀਣ ਵੱਲੋਂ ਕੀਤਾ ਜਾਂਦਾ ਹੈ। ਇੱਕ ਪੂੰਜੀਪਤੀ ਹਮੇਸ਼ਾ ਕਈਆਂ ਨੂੰ ਮਾਰਦਾ ਹੈ। ਇਸ ਕੇਂਦਰੀਣ ਦੇ ਨਾਲ਼ੋਂ ਨਾਲ਼ ਜਾਂ ਕੁੱਝ ਕੁ ਪੂੰਜੀਪਤੀਆਂ ਵੱਲੋਂ ਕਈ ਪੂੰਜੀਪਤੀਆਂ ਨੂੰ ਵਾਂਝਿਆਂ ਕਰਨ ਦੇ ਨਾਲ਼ੋਂ ਨਾਲ਼, ਦਿਨੋ-ਦਿਨ ਵਧੇਰੇ ਫ਼ੈਲਦੇ ਪੈਮਾਨੇ ਉੱਤੇ ਕਿਰਤ ਦੇ ਅਮਲ ਦੇ ਸਹਿਕਾਰੀ ਰੂਪ ਦਾ, ਵਿਗਿਆਨ ਦੀ ਚੇਤੰਨ ਤਕਨੀਕੀ ਵਰਤੋਂ ਦਾ, ਜ਼ਮੀਨ ਦੀ ਬਾਕਾਇਦਾ ਢੰਗ ਨਾਲ਼ ਵਾਹੀ ਦਾ, ਕਿਰਤ ਦੇ ਸੰਦਾਂ ਦੀ ਸਿਰਫ਼ ਸਾਂਝੇ ਤੌਰ 'ਤੇ ਵਰਤੇ ਜਾ ਸਕਣਯੋਗ ਕਿਰਤ ਦੇ ਸੰਦਾਂ ਵਿੱਚ ਤਬਦੀਲੀ ਦਾ, ਸਾਰੇ ਉਤਪਾਦਨ ਦੇ ਸਾਰੇ ਸਾਧਨਾਂ ਦੀ ਸਾਂਝੀ, ਸਮਾਜੀਕੀਤੀ ਕਿਰਤ ਦੇ ਉਤਪਾਦਨ ਦੇ ਸਾਧਨਾਂ ਵਜੋਂ ਵਰਤੋਂ ਕਰਨ ਨਾਲ਼ ਉਹਨਾਂ ਵਿਚ ਸੰਜਮ ਲਿਆਉਣ ਦਾ, ਸੰਸਾਰ ਮੰਡੀ ਦੇ ਜਾਲ ਵਿਚ ਸਾਰੀਆਂ ਕੌਮਾਂ ਦੇ ਫਸਣ ਦਾ ਤੇ ਇਸ ਦੇ ਨਾਲ਼ ਹੀ, ਪੂੰਜੀਵਾਦੀ ਨਿਜ਼ਾਮ ਦੇ ਕੌਮਾਂਤਰੀ ਖਾਸੇ ਦਾ ਵਿਕਾਸ ਹੁੰਦਾ ਹੈ। ਪੂੰਜੀ ਦੇ ਕੁਬੇਰਾਂ ਦੀ ਲਗਾਤਾਰ ਘਟਦੀ ਗਿਣਤੀ ਦੇ ਨਾਲ਼-ਨਾਲ਼, ਜਿਹੜੇ ਤਬਦੀਲੀ ਦੇ ਇਸ ਅਮਲ ਦੇ ਸਾਰੇ ਲਾਭਾਂ ਨੂੰ ਹੜੱਪ ਲੈਂਦੇ ਤੇ ਉਹਨਾਂ ਉੱਪਰ ਅਜ਼ਾਰਾ ਕਾਇਮ ਕਰ ਲੈਂਦੇ ਹਨ, ਕੰਗਾਲੀ, ਜਬਰ, ਗੁਲਾਮੀ, ਨਿਘਾਰ, ਲੁੱਟ-ਖਸੁੱਟ ਵਿੱਚ ਵਾਧਾ ਹੁੰਦਾ ਹੈ; ਪਰ ਇਸ ਦੇ ਨਾਲ਼ ਹੀ ਮਜ਼ਦੂਰ ਜਮਾਤ ਦਾ ਰੋਹ ਵੀ ਵੱਧਦਾ ਹੈ, ਜਿਹੜੀ ਜਮਾਤ ਕਿ ਗਿਣਤੀ ਵਿੱਚ ਹਮੇਸ਼ਾ ਵੱਧ

ਰਹੀ ਹੁੰਦੀ ਹੈ ਤੇ ਖ਼ੁਦ ਪੂੰਜੀਵਾਦੀ ਉਤਪਾਦਨ ਦੇ ਅਮਲ ਦੀ ਮਸ਼ੀਨਰੀ ਨਾਲ਼ ਹੀ ਜ਼ਬਤ ਵਾਲ਼ੀ, ਇਕਮੁੱਠ, ਜੱਥੇਬੰਦ ਹੋ ਜਾਂਦੀ ਹੈ। ਪੂੰਜੀ ਦੀ ਅਜ਼ਾਰੇਦਾਰੀ ਉਤਪਾਦਨ ਦੇ ਢੰਗ ਲਈ ਜ਼ੰਜੀਰ ਬਣ ਜਾਂਦੀ ਹੈ, ਜੋ ਕਿ ਇਸ ਦੇ ਨਾਲ਼ ਹੀ ਤੇ ਇਸ ਦੇ ਹੇਠਾਂ ਪੈਦਾ ਹੋਇਆ ਤੇ ਪ੍ਰਫੁਲਤ ਹੋਇਆ ਹੁੰਦਾ ਹੈ। ਉਤਪਾਦਨ ਦੇ ਸਾਧਨਾਂ ਦਾ ਕੇਂਦਰੀਕਰਨ ਤੇ ਕਿਰਤ ਦਾ ਸਮਾਜੀਕਰਨ ਆਖਰ ਐਸੇ ਨੁਕਤੇ ਉੱਤੇ ਪੁੱਜ ਜਾਂਦਾ ਹੈ, ਜਿੱਥੇ ਉਹ ਆਪਣੇ ਪੂੰਜੀਵਾਦੀ ਖੋਲ਼ ਦੇ ਨਾਲ਼ ਬੇਮੇਲ਼ ਹੋ ਜਾਂਦਾ ਹੈ। ਇਹ ਖੋਲ਼ ਟੋਟੇ-ਟੋਟੇ ਹੋ ਜਾਂਦਾ ਹੈ। ਪੂੰਜੀਵਾਦੀ ਨਿੱਜੀ ਜਾਇਦਾਦ ਦੀ ਮੌਤ ਦੀ ਘੰਟੀ ਵੱਜ ਜਾਂਦੀ ਹੈ। ਲੁੱਟਣ ਵਾਲ਼ਿਆਂ ਨੂੰ ਲੁੱਟ ਲਿਆ ਜਾਂਦਾ ਹੈ।" ("ਸਰਮਾਇਆ", ਸੈਂਚੀ-1)[30]

ਸਮੁੱਚੀ ਸਮਾਜਕ ਪੂੰਜੀ ਦੇ ਮੁੜ-ਉਤਪਾਦਨ ਦਾ ਵਿਸ਼ਲੇਸ਼ਣ ਵੀ ਨਵਾਂ ਤੇ ਬੇਹੱਦ ਮਹੱਤਵਪੂਰਨ ਹੈ, ਜਿਹੜਾ ਮਾਰਕਸ ਨੇ "ਸਰਮਾਇਆ" ਦੀ ਦੂਜੀ ਸੈਂਚੀ ਵਿੱਚ ਦਿੱਤਾ ਹੈ। ਇੱਥੇ ਵੀ, ਮਾਰਕਸ ਕਿਸੇ ਵੱਖਰੇ ਵਰਤਾਰੇ ਨੂੰ ਨਹੀਂ ਲੈਂਦੇ, ਸਗੋਂ ਵਿਸ਼ਾਲ ਵਰਤਾਰੇ ਨੂੰ ਲੈਂਦੇ ਹਨ; ਸਮਾਜ ਦੀ ਆਰਥਕਤਾ ਦੇ ਅੰਸ਼ਕ ਹਿੱਸੇ ਨੂੰ ਨਹੀਂ, ਸਗੋਂ ਸਮੁੱਚੇ ਤੌਰ 'ਤੇ ਆਰਥਕਤਾ ਨੂੰ ਲੈਂਦੇ ਹਨ। ਕਲਾਸਕੀ ਅਰਥ-ਵਿਗਿਆਨੀਆਂ ਦੀ ਪਹਿਲਾਂ ਦੱਸੀ ਭੁੱਲ ਨੂੰ ਠੀਕ ਕਰਦਿਆਂ, ਮਾਰਕਸ ਸਾਰੇ ਸਮਾਜਕ ਉਤਪਾਦਨ ਨੂੰ ਦੋ ਵੱਡੇ ਹਿੱਸਿਆ ਵਿੱਚ ਵੰਡਦੇ ਹਨ : (1) ਉਤਪਾਦਨ ਦੇ ਸਾਧਨਾਂ ਦਾ ਉਤਪਾਦਨ, ਤੇ (2) ਖਪਤ ਦੀਆਂ ਵਸਤਾਂ ਦਾ ਉਤਪਾਦਨ ਤੇ ਅਣਗਿਣਤ ਉਦਾਹਰਣਾਂ ਨਾਲ਼ ਸਮਾਜਕ ਪੂੰਜੀ ਦੇ ਗੇੜ ਦੀ ਵਿਸਥਾਰ ਵਿੱਚ ਨਿਰਖ-ਪਰਖ ਕਰਦਾ ਹੈ — ਓਦੋਂ ਵੀ ਜਦੋਂ ਇਹ ਆਪਣੇ ਪਹਿਲੇ ਆਕਾਰ ਵਿੱਚ ਪੈਦਾ ਕੀਤੀ ਜਾਂਦੀ ਹੈ ਤੇ ਇਕੱਤ੍ਰੀਕਰਨ ਦੀ ਸੂਰਤ ਵਿੱਚ ਵੀ। "ਸਰਮਾਇਆ" ਦੀ ਤੀਜੀ ਸੈਂਚੀ ਇਹ ਮਸਲਾ ਹੱਲ ਕਰਦੀ ਹੈ ਕਿ ਕਦਰ ਦੇ ਕਾਨੂੰਨ ਦੇ ਅਧਾਰ ਉੱਤੇ ਮੁਨਾਫੇ ਦੀ ਔਸਤ ਦਰ ਕਿਵੇ ਕਾਇਮ ਹੁੰਦੀ ਹੈ। ਮਾਰਕਸ ਦੇ ਰੂਪ ਵਿੱਚ ਅਰਥ-ਵਿਗਿਆਨ ਵੱਲੋਂ ਅੱਗੇ ਵੱਲ ਨੂੰ ਪੁੱਟੀ ਗਈ ਪੁਲਾਂਘ ਇਹ ਹੈ ਕਿ ਉਨ੍ਹਾਂ ਨੇ ਸਮੁੱਚੀ ਸਮਾਜਕ ਆਰਥਕਤਾ ਦਾ ਵਿਸ਼ਲੇਸ਼ਣ ਵਿਸ਼ਾਲ ਆਰਥਕ ਵਰਤਾਰੇ ਦੇ ਦ੍ਰਿਸ਼ਟੀਕੋਣ ਤੋਂ ਕੀਤਾ, ਨਾ ਕਿ ਵੱਖਰੇ-ਵੱਖਰੇ ਮਾਮਲਿਆਂ ਦੇ, ਜਾਂ ਮੁਕਾਬਲੇ ਦੇ ਬਾਹਰਲੇ ਤੇ ਸਤਹੀ ਪੱਖਾਂ ਦੇ ਦ੍ਰਿਸ਼ਟੀਕੋਣ ਤੋਂ, ਜਿਸ ਤੱਕ ਗੰਵਾਰੂ ਰਾਜਸੀ ਆਰਥਕਤਾ ਤੇ ਆਧੁਨਿਕ "ਅਧਿਕਤਮ ਉਪਯੋਗਤਾ ਦਾ ਸਿਧਾਂਤ"[31] ਆਪਣੇ ਆਪ ਨੂੰ ਅਕਸਰ ਸੀਮਤ ਰੱਖਦੇ ਹਨ। ਮਾਰਕਸ ਸਭ ਤੋਂ ਪਹਿਲਾਂ ਵਾਧੂ ਕਦਰ ਦਾ ਵਿਸ਼ਲੇਸ਼ਣ ਕਰਦੇ ਹਨ ਤੇ ਫਿਰ ਮੁਨਾਫੇ, ਸੂਦ ਤੇ ਲਗਾਨ ਵਿੱਚ ਇਸ ਦੀ ਵੰਡ ਉੱਤੇ ਵਿਚਾਰ ਕਰਦੇ ਹਨ। ਮੁਨਾਫਾ ਵਾਧੂ ਕਦਰ ਤੇ ਕਿਸੇ ਅਦਾਰੇ ਵਿੱਚ ਲਾਈ ਗਈ ਕੁੱਲ ਪੂੰਜੀ ਵਿਚਕਾਰ ਨਿਸਬਤ ਹੈ। "ਉਚ ਸੰਗਠਨਕ ਬਣਤਰ" ਵਾਲ਼ੀ ਪੂੰਜੀ (ਭਾਵ, ਜਿਸ ਵਿੱਚ ਸਥਿਰ ਪੂੰਜੀ ਦੀ ਸਮਾਜੀ ਔਸਤ ਤੋਂ ਵਧੇਰੇ ਅਸਥਿਰ ਪੂੰਜੀ ਉੱਤੇ ਪ੍ਰਧਾਨਤਾ ਹੋਵੇ) ਔਸਤ ਨਾਲ਼ੋਂ ਘੱਟ ਮੁਨਾਫੇ ਦੀ ਦਰ ਦੇਂਦੀ ਹੈ; "ਘੱਟ ਸੰਗਠਨਕ ਬਣਤਰ" ਵਾਲ਼ੀ ਪੂੰਜੀ ਔਸਤ ਨਾਲ਼ੋਂ ਜ਼ਿਆਦਾ ਮੁਨਾਫੇ ਦੀਆਂ ਦਰਾਂ ਦੇਂਦੀ ਹੈ। ਪੂੰਜੀਪਤੀਆਂ ਵਿਚਕਾਰ ਮੁਕਾਬਲਾ, ਤੇ ਇੱਕ ਸ਼ਾਖ ਵੱਲੋਂ ਦੂਜੀ ਵੱਲ ਆਪਣੀ ਪੂੰਜੀ ਨੂੰ ਤਬਦੀਲ ਕਰ ਸਕਣ ਦੀ ਉਹਨਾਂ ਦੀ ਅਜ਼ਾਦੀ, ਦੋਹਾਂ ਸੂਰਤਾਂ ਵਿੱਚ ਹੀ ਮੁਨਾਫੇ ਦੀ ਦਰ ਨੂੰ ਔਸਤ ਤੱਕ ਲੈ ਆਵੇਗੀ। ਕਿਸੇ ਕਾਸ

ਸਮਾਜ ਵਿੱਚ ਸਾਰੀਆਂ ਜਿਣਸਾਂ ਦੀਆਂ ਕਦਰਾਂ ਦਾ ਕੁੱਲ ਜੋੜ ਜਿਣਸਾਂ ਦੀਆਂ ਕੀਮਤਾਂ ਦੇ ਕੁੱਲ ਜੋੜ ਨਾਲ਼ ਮੇਲ ਖਾਂਦਾ ਹੈ, ਪਰ ਵੱਖ ਵੱਖ ਅਦਾਰਿਆਂ ਤੇ ਉਤਪਾਦਨ ਦੀਆਂ ਸ਼ਾਖਾਂ ਵਿੱਚ, ਮੁਕਾਬਲੇ ਦੇ ਸਿੱਟੇ ਵਜੋਂ, ਜਿਣਸਾਂ ਨੂੰ ਉਹਨਾਂ ਦੀਆਂ ਕਦਰਾਂ ਉੱਤੇ ਨਹੀਂ ਵੇਚਿਆ ਜਾਂਦਾ ਸਗੋਂ **ਉਤਪਾਦਨ ਦੀਆਂ ਕੀਮਤਾਂ** (ਜਾਂ ਉਤਪਾਦਨ ਕੀਮਤਾਂ) ਉੱਤੇ ਵੇਚਿਆ ਜਾਂਦਾ ਹੈ, ਜੋ ਕਿ ਖਰਚ ਕੀਤੀ ਪੂੰਜੀ ਜਮ੍ਹਾਂ ਔਸਤ ਮੁਨਾਫੇ ਦੇ ਬਰਾਬਰ ਹੁੰਦੀਆਂ ਹਨ।

ਇਸ ਤਰ੍ਹਾਂ ਨਾਲ਼, ਕੀਮਤਾਂ ਤੇ ਕਦਰਾਂ ਵਿਚਕਾਰ ਫਰਕ ਦੇ ਤੇ ਮੁਨਾਫਿਆਂ ਦੇ ਮੁਸਾਵੀਕਰਨ ਦੇ ਪ੍ਰਸਿੱਧ ਤੇ ਨਿਰਵਿਵਾਦ ਤੱਥ ਦੀ ਮਾਰਕਸ ਵੱਲੋਂ ਕਦਰ ਦੇ ਕਾਨੂੰਨ ਦੇ ਅਧਾਰ ਉੱਤੇ ਪੂਰੀ ਤਰ੍ਹਾਂ ਵਿਆਖਿਆ ਕੀਤੀ ਗਈ ਹੈ, ਕਿਉਂਕਿ ਸਾਰੀਆਂ ਜਿਣਸਾਂ ਦੀਆਂ ਕਦਰਾਂ ਦਾ ਕੁੱਲ ਜੋੜ ਕੀਮਤਾਂ ਦੇ ਕੁੱਲ ਜੋੜ ਜਿੰਨਾਂ ਹੁੰਦਾ ਹੈ। ਪਰ, (ਸਮਾਜਕ) ਕਦਰ ਦਾ (ਵੱਖਰੀਆਂ) ਕੀਮਤਾਂ ਨਾਲ਼ ਮੁਸਾਵੀਕਰਨ ਸਰਲ ਤਰ੍ਹਾਂ ਤੇ ਸਿੱਧੀ ਤਰ੍ਹਾਂ ਨਹੀਂ, ਸਗੋਂ ਬੜੇ ਜਟਿਲ ਤਰੀਕੇ ਨਾਲ਼ ਵਾਪਰਦਾ ਹੈ। ਇਹ ਬਿਲਕੁੱਲ ਕੁਦਰਤੀ ਹੈ ਕਿ ਜਿਣਸਾਂ ਦੇ ਵੱਖੋ-ਵੱਖਰੇ ਉਤਪਾਦਕਾਂ ਦੇ ਸਮਾਜ ਵਿੱਚ, ਜਿਹੜੇ ਕਿ ਸਿਰਫ਼ ਮੰਡੀ ਰਾਹੀਂ ਹੀ ਜੁੜੇ ਹੁੰਦੇ ਹਨ, ਕਾਨੂੰਨ ਅਨੁਕੂਲਤਾ ਸਿਰਫ਼ ਔਸਤ, ਸਮਾਜੀ, ਵਿਸ਼ਾਲ ਪ੍ਰਗਟਾਵਾਂ ਵਿੱਚ ਹੀ ਹੋ ਸਕਦੀ ਹੈ, ਜਿਸ ਵਿੱਚ ਕਿਸੇ ਪਾਸੇ ਵੱਲ ਵੀ ਵਿਅਕਤੀਗਤ ਰੂਪ ਵਿਚ ਲਾਂਭੇ ਜਾਣਾ ਇੱਕ ਦੂਜੇ ਨੂੰ ਪਰਸਪਰ ਤੌਰ 'ਤੇ ਪੂਰਦਾ ਹੈ।

ਕਿਰਤ ਦੀ ਉਤਪਾਦਕਤਾ ਵਿੱਚ ਵਾਧੇ ਦਾ ਮਤਲਬ ਅਸਥਿਰ ਪੂੰਜੀ ਦੇ ਮੁਕਾਬਲੇ ਵਿਚ ਸਥਿਰ ਪੂੰਜੀ ਦਾ ਵਧੇਰੇ ਤੇਜ਼ ਵਾਧਾ ਹੁੰਦਾ ਹੈ। ਜਿੱਥੋਂ ਤੱਕ ਵਾਧੂ ਕਦਰ ਅਸਥਿਰ ਪੂੰਜੀ ਦਾ ਹੀ ਸਿਰਫ਼ ਕਾਰਜ ਹੈ, ਇਹ ਪ੍ਰਤੱਖ ਹੈ ਕਿ ਮੁਨਾਫੇ ਦੀ ਦਰ (ਸਾਰੀ ਪੂੰਜੀ ਨਾਲ਼, ਨਾ ਕਿ ਸਿਰਫ਼ ਇਸ ਦੇ ਅਸਥਿਰ ਰੂਪ ਨਾਲ਼, ਵਾਧੂ ਕਦਰ ਦੀ ਨਿਸਬਤ) ਘਟਣ ਦਾ ਰੁਝਾਣ ਰੱਖਦੀ ਹੈ। ਮਾਰਕਸ ਇਸ ਰੁਝਾਣ ਦਾ ਤੇ ਬਹੁਤ ਸਾਰੇ ਹਾਲਾਤ ਦਾ, ਜਿਹੜੇ ਇਸ ਨੂੰ ਲੁਕਾਉਂਦੇ ਜਾਂ ਇਸ ਦੇ ਉਲਟ ਜਾਂਦੇ ਹਨ, ਵਿਸਤ੍ਰਿਤ ਵਿਸ਼ਲੇਸ਼ਣ ਕਰਦੇ ਹਨ। ਸ਼ਾਹੂਕਾਰਾ ਪੂੰਜੀ, ਵਪਾਰਕ ਪੂੰਜੀ ਤੇ ਮੁਦਰਾ ਪੂੰਜੀ ਨਾਲ਼ ਸਬੰਧਤ "ਸਰਮਾਇਆ" ਦੀ ਤੀਜੀ ਸੈਂਚੀ ਵਿਚਲੇ ਬੇਹੱਦ ਦਿਲਚਸਪ ਹਿੱਸਿਆ ਬਾਰੇ ਦੱਸਣ ਲਈ ਰੁੱਕਣ ਤੋਂ ਬਿਨਾਂ, ਸਾਨੂੰ ਸਭ ਤੋਂ ਵੱਧ ਮਹੱਤਵਪੂਰਨ ਹਿੱਸੇ ਵੱਲ ਆਉਣਾ ਚਾਹੀਦਾ ਹੈ — **ਭੂਮੀ ਲਗਾਨ** ਦੇ ਸਿਧਾਂਤ ਵੱਲ। ਕਿਉਂਕਿ ਭੂਮੀ ਦਾ ਰਕਬਾ ਸੀਮਤ ਹੈ ਤੇ ਪੂੰਜੀਵਾਦੀ ਦੇਸ਼ਾਂ ਵਿੱਚ ਸਾਰੀ ਜ਼ਮੀਨ ਉੱਪਰ ਵਿਅਕਤੀਗਤ ਨਿੱਜੀ ਮਾਲਕਾਂ ਦਾ ਕਬਜ਼ਾ ਹੁੰਦਾ ਹੈ, ਇਸ ਲਈ ਜ਼ਰਾਇਤੀ ਉਪਜਾਂ ਦੇ ਉਤਪਾਦਨ ਦੀ ਕੀਮਤ, ਔਸਤ ਕੁਆਲਟੀ ਦੀ ਜ਼ਮੀਨ ਉੱਪਰ ਨਹੀਂ ਸਗੋਂ ਭੈੜੀ ਤੋਂ ਭੈੜੀ ਜ਼ਮੀਨ ਉੱਪਰ ਉਤਪਾਦਨ ਦੀ ਕੀਮਤ ਨਾਲ਼, ਮੰਡੀ ਤੱਕ ਉਪਜ ਨੂੰ ਪੁਚਾਉਣ ਦੀਆਂ ਔਸਤ ਹਾਲਤਾਂ ਨਾਲ਼ ਨਹੀਂ ਸਗੋਂ ਭੈੜੀਆਂ ਤੋਂ ਭੈੜੀਆਂ ਹਾਲਤਾਂ ਨਾਲ਼ ਨਿਸ਼ਚਿਤ ਕੀਤੀ ਜਾਂਦੀ ਹੈ। ਇਸ ਕੀਮਤ ਤੇ ਚੰਗੇਰੀ ਜ਼ਮੀਨ ਉੱਪਰ (ਜਾਂ ਚੰਗੇਰੀਆਂ ਹਾਲਤਾਂ ਵਿੱਚ) ਉਤਪਾਦਨ ਦੀ ਕੀਮਤ ਵਿਚਲਾ ਫਰਕ **ਵਿਭੇਦਕ ਲਗਾਨ** ਹੁੰਦਾ ਹੈ। ਇਸ ਦਾ ਵਿਸਥਾਰ ਵਿੱਚ ਵਿਸ਼ਲੇਸ਼ਣ ਕਰਦਿਆਂ ਤੇ ਇਹ ਦਰਸਾਉਂਦਿਆਂ ਕਿ ਇਹ ਕਿਵੇਂ ਜ਼ਮੀਨ ਦੇ ਵੱਖੋ-ਵੱਖਰੇ ਟੋਟਿਆਂ ਦੀ ਉਪਜਾਊ ਸ਼ਕਤੀ ਦੇ

ਫਰਕ ਤੋਂ ਤੇ ਜ਼ਮੀਨ ਉੱਤੇ ਲਾਈ ਗਈ ਪੂੰਜੀ ਦੀ ਮਾਤਰਾ ਵਿਚਲੇ ਫਰਕ ਤੋਂ ਪੈਦਾ ਹੁੰਦਾ ਹੈ, ਮਾਰਕਸ ਰੀਕਾਰਡੋ ਦੀ ਗਲਤੀ ਨੂੰ ਪੂਰੀ ਤਰ੍ਹਾਂ ਸਾਮ੍ਹਣੇ ਲਿਆਉਂਦੇ ਹਨ (ਨਾਲ਼ ਦੇਖੋ, "ਵਾਧੂ ਕਦਰ ਦੇ ਸਿਧਾਂਤ", ਜਿਸ ਵਿੱਚ ਰਾਡਬਰਟਸ ਦੀ ਆਲੋਚਨਾ ਸਭ ਤੋਂ ਵੱਧ ਧਿਆਨਯੋਗ ਹੈ); ਰੀਕਾਰਡੋ ਖਿਆਲ ਕਰਦਾ ਸੀ ਕਿ ਵਿਤ੍ਰੇਕ ਲਗਾਨ ਸਿਰਫ਼ ਓਦੋਂ ਹੀ ਪੈਦਾ ਹੁੰਦਾ ਹੈ, ਜਦੋਂ ਚੰਗੇਰੀ ਜ਼ਮੀਨ ਵੱਲੋਂ ਭੈੜੀ ਜ਼ਮੀਨ ਵੱਲ ਉੱਪਰ-ਥੱਲੀ ਤਬਦੀਲੀ ਹੁੰਦੀ ਹੋਵੇ। ਇਸ ਤੋਂ ਉਲਟ, ਇਸ ਤੋਂ ਉਲਟੀਆਂ ਤਬਦੀਲੀਆਂ ਵੀ ਹੋ ਸਕਦੀਆਂ ਹਨ, ਜ਼ਮੀਨ ਹੋ ਸਕਦਾ ਹੈ ਇੱਕ ਪ੍ਰਕਾਰ ਤੋਂ ਦੂਜੀ ਪ੍ਰਕਾਰ ਵੱਲ ਚੱਲੀ ਜਾਏ (ਜ਼ਰਾਇਤੀ ਤਕਨੀਕਾਂ, ਸ਼ਹਿਰਾਂ ਦੇ ਵਾਧੇ, ਆਦਿ ਦੇ ਕਾਰਨ) ਤੇ ਬਦਨਾਮ "ਘੱਟਦੇ ਪ੍ਰਤੀਫਲ ਦਾ ਕਾਨੂੰਨ" ਜਿਹੜਾ ਕੁਦਰਤ ਸਿਰ ਵੀ ਪੂੰਜੀਵਾਦ ਵਾਲ਼ੇ ਨੁਕਸ, ਬੰਦਸ਼ਾਂ ਤੇ ਅੰਤਰ-ਵਿਰੋਧ ਥੱਪਦਾ ਹੈ, ਡੂੰਘੀ ਤਰ੍ਹਾਂ ਗਲਤ ਹੈ। ਨਾਲ਼ੇ, ਸਨਅਤ ਦੀਆਂ ਸਾਰੀਆਂ ਸ਼ਾਖਾਂ ਵਿੱਚ ਤੇ ਆਮ ਕਰਕੇ ਕੌਮੀ ਆਰਥਕਤਾ ਵਿੱਚ ਮੁਨਾਫੇ ਦਾ ਮੁਸਾਵੀਕਰਨ ਮੁਕਾਬਲੇ ਦੀ ਪੂਰਨ ਅਜ਼ਾਦੀ ਤੇ ਇੱਕ ਸ਼ਾਖ ਤੋਂ ਦੂਜੀ ਸ਼ਾਖ ਵੱਲ ਪੂੰਜੀ ਦੇ ਅਜ਼ਾਦ ਵਹਿਣ ਨੂੰ ਪਹਿਲਾਂ ਮਿੱਥਦਾ ਹੈ। ਪਰ, ਜ਼ਮੀਨ ਦੀ ਨਿੱਜੀ ਮਾਲਕੀ ਅਜਾਰੇਦਾਰੀ ਪੈਦਾ ਕਰਦੀ ਹੈ, ਜਿਹੜੀ ਅਜ਼ਾਦ ਵਹਿਣ ਵਿੱਚ ਰੁਕਾਵਟ ਪਾਉਂਦੀ ਹੈ। ਉਸ ਅਜਾਰੇਦਾਰੀ ਕਾਰਨ ਜ਼ਰਾਇਤ ਦੀਆਂ ਉਪਜਾਂ, ਜਿੱਥੇ ਪੂੰਜੀ ਦੀ ਘੱਟ ਸੰਗਠਨਕ ਬਣਤਰ ਤੇ ਸਿੱਟੇ ਵਜੋਂ ਮੁਨਾਫੇ ਦੀ ਵਿਅਕਤੀਗਤ ਤੌਰ 'ਤੇ ਉਚੇਰੀ ਦਰ ਪਾਈ ਜਾਂਦੀ ਹੈ, ਮੁਨਾਫੇ ਦੀ ਦਰ ਦੇ ਮੁਸਾਵੀਕਰਨ ਦੇ ਬਿਲਕੁੱਲ ਅਜ਼ਾਦ ਅਮਲ ਵਿੱਚ ਦਾਖਲ ਨਹੀਂ ਹੁੰਦੀਆਂ। ਅਜਾਰੇਦਾਰ ਵਜੋਂ, ਭੂਮੀਪਤੀ ਕੀਮਤ ਨੂੰ ਔਸਤ ਨਾਲ਼ੋਂ ਉੱਚਾ ਰੱਖ ਸਕਦਾ ਹੈ ਤੇ ਇਹ ਅਜਾਰੇਦਾਰੀ ਕੀਮਤ **ਨਿਰਪੇਖ ਲਗਾਨ** ਨੂੰ ਪੈਦਾ ਕਰਦੀ ਹੈ। ਪੂੰਜੀਵਾਦ ਵਿੱਚ ਵਿਤ੍ਰੇਕ ਲਗਾਨ ਨੂੰ ਖਤਮ ਨਹੀਂ ਕੀਤਾ ਜਾ ਸਕਦਾ, ਪਰ ਨਿਰਪੇਖ ਲਗਾਨ ਨੂੰ ਖਤਮ ਕੀਤਾ ਜਾ **ਸਕਦਾ ਹੈ** — ਉਦਾਹਰਣ ਵਜੋਂ, ਭੂਮੀ ਦੇ ਕੌਮੀਕਰਨ ਨਾਲ਼, ਇਸ ਨੂੰ ਰਾਜਕੀ ਮਲਕੀਅਤ ਬਣਾਉਣ ਨਾਲ਼। ਇਹ ਗੱਲ ਨਿੱਜੀ ਭੂਮੀਪਤੀਆਂ ਦੀ ਅਜਾਰੇਦਾਰੀ ਨੂੰ ਢਾਹ ਲਾਵੇਗੀ ਤੇ ਇਸ ਦਾ ਮਤਲਬ ਹੋਵੇਗਾ — ਜ਼ਰਾਇਤ ਵਿੱਚ ਮੁਕਾਬਲੇ ਦੀ ਅਜ਼ਾਦੀ ਦਾ ਵਧੇਰੇ ਇਕਸਾਰ ਤੇ ਪੂਰੀ ਤਰ੍ਹਾਂ ਅਮਲ ਵਿੱਚ ਆਉਣਾ। ਇਸੇ ਕਰਕੇ, ਜਿਵੇਂ ਕਿ ਮਾਰਕਸ ਦੱਸਦੇ ਹਨ, ਇਤਿਹਾਸ ਦੇ ਵਹਿਣ ਦੇ ਦੌਰਾਨ ਬੁਰਜੂਆ ਉਗਰਵਾਦੀਆਂ ਨੇ ਮੁੜ ਮੁੜ ਕੇ ਭੂਮੀ ਦੇ ਕੌਮੀਕਰਨ ਲਈ ਇਸ ਅਗਾਂਹਵਧੂ ਬੁਰਜੂਆ ਮੰਗ ਨੂੰ ਪੇਸ਼ ਕੀਤਾ ਹੈ, ਪਰ ਜਿਹੜੀ ਮੰਗ ਬੁਰਜੂਆਜ਼ੀ ਦੀ ਬਹੁ-ਗਿਣਤੀ ਨੂੰ ਡਰਾਉਂਦੀ ਹੈ, ਕਿਉਂਕਿ ਇਸ ਦਾ ਇੱਕ ਹੋਰ ਅਜਾਰੇਦਾਰੀ ਉੱਪਰ ਬੜਾ ਨੇੜਿਉਂ ਸਰ ਹੋਵੇਗਾ, ਉਸ ਅਜਾਰੇਦਾਰੀ ਉੱਪਰ ਜਿਹੜੀ ਅੱਜ ਖਾਸ ਕਰਕੇ ਮਹੱਤਵਪੂਰਨ ਤੇ "ਸੂਖਮਗ੍ਰਾਹੀ" ਹੈ — ਆਮ ਕਰਕੇ ਉਤਪਾਦਨ ਦੇ ਸਾਧਨਾਂ ਦੀ ਅਜਾਰੇਦਾਰੀ। (ਪੂੰਜੀ ਉੱਤੇ ਔਸਤ ਮੁਨਾਫੇ ਦੀ ਤੇ ਨਿਰਪੇਖ ਭੂਮੀ ਲਗਾਨ ਦੀ ਦਰ ਦੇ ਆਪਣੇ ਸਿਧਾਂਤ ਦੀ ਸ਼ਾਨਦਾਰ ਢੰਗ ਨਾਲ਼ ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲ਼ੀ, ਠੀਕ-ਠੀਕ, ਤੇ ਸਪੱਸ਼ਟ ਵਿਆਖਿਆ ਮਾਰਕਸ ਨੇ ਏਂਗਲਜ਼ ਨੂੰ 2 ਅਗਸਤ, 1862 ਨੂੰ ਲਿਖੀ ਆਪਣੀ ਚਿੱਠੀ ਵਿੱਚ ਦਿੱਤੀ ਸੀ। ਦੇਖੋ 'ਚਿੱਠੀ-ਪੱਤਰ', ਸੈਂਚੀ-3, ਸਫੇ-77-81; ਨਾਲ਼ੇ ਦੇਖੋ 9 ਅਗਸਤ, 1862 ਨੂੰ ਲਿਖੀ ਚਿੱਠੀ,

ਉਹੀ ਪੁਸਤਕ, ਸਫੇ–86–87।) ਭੂਮੀ ਲਗਾਨ ਦੇ ਇਤਿਹਾਸ ਦੇ ਪ੍ਰਸੰਗ ਵਿੱਚ, ਮਾਰਕਸ ਵੱਲੋਂ ਕੀਤੇ ਗਏ ਵਿਸ਼ਲੇਸ਼ਣ ਵੱਲ ਧਿਆਨ ਦੇਣਾ ਵੀ ਮਹੱਤਵਪੂਰਨ ਹੈ ਜਿਹੜਾ ਦਰਸਾਉਂਦਾ ਕਿ ਕਿਵੇਂ ਕਿਰਤ ਲਗਾਨ (ਕਿਸਾਨ ਮਾਲਕ ਦੀ ਜ਼ਮੀਨ ਉੱਤੇ ਕੰਮ ਕਰਕੇ ਵਾਧੂ ਉਪਜ ਪੈਦਾ ਕਰਦਾ ਹੈ) ਉਪਜ ਵਿੱਚ ਜਾਂ ਚੀਜ਼ਾਂ ਦੇ ਰੂਪ ਵਿੱਚ ਦਿੱਤੇ ਜਾਂਦੇ ਲਗਾਨ ਵਿੱਚ ਤਬਦੀਲ ਹੋ ਜਾਂਦਾ ਹੈ (ਕਿਸਾਨ ਖੁਦ ਆਪਣੀ ਜ਼ਮੀਨ ਉੱਤੇ ਵਾਧੂ ਉਪਜ ਪੈਦਾ ਕਰਦਾ ਹੈ ਤੇ "ਗ਼ੈਰ–ਆਰਥਕ ਬੰਦਸ਼" ਕਾਰਨ ਇਸ ਨੂੰ ਭੂਮੀਪਤੀ ਦੇ ਹਵਾਲੇ ਕਰ ਦੇਂਦਾ ਹੈ) ਤੇ ਫਿਰ ਮੁਦਰਾ–ਲਗਾਨ ਵਿੱਚ (ਚੀਜ਼ਾਂ ਵਿੱਚ ਲਗਾਨ, ਜਿਸ ਨੂੰ ਜਿਣਸ ਉਤਪਾਦਨ ਦੇ ਵਿਕਾਸ ਦੇ ਸਿੱਟੇ ਵਜੋਂ ਮੁਦਰਾ ਵਿੱਚ ਬਦਲਿਆ ਜਾਂਦਾ ਹੈ — ਪੁਰਾਣੇ ਰੂਸ ਦਾ ਓਬਰੋਕ*) ਤੇ ਅਖ਼ੀਰ ਪੂੰਜੀਵਾਦੀ ਲਗਾਨ ਵਿੱਚ ਤਬਦੀਲ ਹੋ ਜਾਂਦਾ ਹੈ, ਜਦੋਂ ਕਿਸਾਨ ਦੀ ਥਾਂ ਜ਼ਰਾਇਤ ਵਿੱਚ ਕਾਰੋਬਾਰੀ ਲੈ ਲੈਂਦਾ ਹੈ, ਜਿਹੜਾ ਭਾੜੇ ਉੱਤੇ ਕਿਰਤ ਦੀ ਸਹਾਇਤਾ ਨਾਲ਼ ਜ਼ਮੀਨ ਨੂੰ ਵਾਹੁੰਦਾ। "ਪੂੰਜੀਵਾਦੀ ਭੂਮੀ ਲਗਾਨ ਦੀ ਉਤਪੱਤੀ" ਦੇ ਇਸ ਵਿਸ਼ਲੇਸ਼ਣ ਦੇ ਸਬੰਧ ਵਿੱਚ, ਮਾਰਕਸ ਵੱਲੋਂ **ਜ਼ਰਾਇਤ ਵਿੱਚ ਪੂੰਜੀਵਾਦ ਦੇ ਕ੍ਰਮ-ਵਿਕਾਸ** ਸਬੰਧੀ ਪ੍ਰਗਟ ਕੀਤੇ ਗਏ ਬਹੁਤ ਸਾਰੇ ਗੰਭੀਰ ਵਿਚਾਰਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ (ਜਿਹੜੇ ਰੂਸ ਵਰਗੇ ਪੱਛੜੇ ਦੇਸ਼ਾਂ ਲਈ ਖਾਸ ਮਹੱਤਤਾ ਰੱਖਦੇ ਹਨ)। "ਚੀਜ਼ਾਂ ਵਿੱਚ ਲਗਾਨ ਦੀ ਮੁਦਰਾ–ਲਗਾਨ ਵਿੱਚ ਤਬਦੀਲੀ ਦੇ ਨਾਲ਼ ਹੀ ਨਾਲ਼ ਨਾ ਸਿਰਫ਼ ਜਾਇਦਾਦਹੀਣ ਦਿਹਾੜੀਦਾਰ, ਜਿਹੜੇ ਕਿ ਪੈਸਿਆਂ ਲਈ ਭਾੜੇ ਉੱਤੇ ਲੱਗਦੇ ਹਨ, ਦੀ ਜਮਾਤ ਦਾ ਬਣਨਾ ਹੀ ਅਟੱਲ ਤੌਰ 'ਤੇ ਵਾਪਰਦਾ ਹੈ, ਸਗੋਂ ਇਸ ਜਮਾਤ ਦਾ ਬਣਨਾ ਇਸ ਨੂੰ ਅਗੇਤੇ ਦੇਖ ਲੈਂਦਾ ਹੈ। ਆਪਣੀ ਉਤਪੱਤੀ ਦੇ ਦੌਰਾਨ, ਜਦੋਂ ਇਹ ਨਵੀਂ ਜਮਾਤ ਸਿਰਫ਼ ਖਿਲਰੇ ਹੋਏ ਰੂਪ ਵਿੱਚ ਪੈਦਾ ਹੁੰਦੀ ਹੈ, ਲਗਾਨ ਅਦਾਇਗੀਆਂ ਉੱਤੇ ਨਿਰਭਰ ਕਰਦੇ ਵਧੇਰੇ ਖੁਸ਼ਹਾਲ ਕਿਸਾਨਾਂ ਵਿੱਚ ਲਾਜ਼ਮੀ ਤੌਰ 'ਤੇ ਜ਼ਰਾਇਤੀ ਉਜਰਤੀ ਮਜ਼ਦੂਰਾਂ ਦੀ ਖੁਦ ਆਪਣੀ ਖਾਤਰ ਲੁੱਟ–ਖਸੁੱਟ ਦਾ ਰਵਾਜ ਪੈਦਾ ਹੋ ਜਾਂਦਾ ਹੈ, ਬਿਲਕੁੱਲ ਜਿਵੇਂ ਸਾਮੰਤੀ ਸਮਿਆਂ ਵਿੱਚ ਹੁੰਦਾ ਸੀ, ਜਦੋਂ ਵਧੇਰੇ ਰੱਜੇ–ਪੁੱਜੇ ਕਿਸਾਨ ਖੇਤ–ਗੁਲਾਮ ਖੁਦ ਵੀ ਅੱਗੋਂ ਖੇਤ–ਗੁਲਾਮ ਰੱਖਦੇ ਹੁੰਦੇ ਸਨ। ਇਸ ਤਰ੍ਹਾਂ ਨਾਲ਼ ਉਹ ਹੌਲ਼ੀ ਹੌਲ਼ੀ ਧਨ ਦੀ ਖਾਸ ਮਾਤਰਾ ਇਕੱਤ੍ਰਿਤ ਕਰਨ ਦੀ ਸੰਭਾਵਨਾ ਪ੍ਰਾਪਤ ਕਰ ਲੈਂਦੇ ਹਨ ਤੇ ਖੁਦ ਭਵਿੱਖ ਦੇ ਪੂੰਜੀਪਤੀਆਂ ਵਿੱਚ ਬਦਲ ਜਾਂਦੇ ਹਨ। ਪੁਰਾਣੇ ਆਪੇ ਕੰਮ ਉੱਤੇ ਲੱਗੇ ਭੂਮੀ ਦੇ ਮਾਲਕ ਇਸ ਤਰ੍ਹਾਂ ਖੁਦ ਪੂੰਜੀਵਾਦੀ ਮੁਜ਼ਾਰਿਆਂ ਲਈ ਨਰਸਰੀ ਸਕੂਲ ਪੈਦਾ ਕਰਦੇ ਹਨ, ਜਿਸ ਦਾ ਵਿਕਾਸ ਪਿੰਡਾਂ ਦੀਆਂ ਹੱਦਾਂ ਤੋਂ ਬਾਹਰ ਪੂੰਜੀਵਾਦੀ ਉਤਪਾਦਨ ਦੇ ਆਮ ਵਿਕਾਸ ਉੱਤੇ ਨਿਰਭਰ ਕਰਦਾ ਹੈ" ("ਸਰਮਾਇਆ", ਸੈਂਚੀ–3, ਸਫਾ–332)।[32] "ਜ਼ਰਾਇਤੀ ਵਸੋਂ ਦੇ ਇੱਕ ਹਿੱਸੇ ਨੂੰ ਵਾਂਝਿਆਂ ਕਰਨਾ ਤੇ ਬੇਦਖਲ ਕਰਨਾ ਸਨਅਤੀ ਪੂੰਜੀ ਲਈ ਨਾ ਸਿਰਫ਼ ਮਜ਼ਦੂਰਾਂ ਨੂੰ, ਉਹਨਾਂ ਦੀ ਰੋਜ਼ੀ ਦੇ ਸਾਧਨਾਂ ਨੂੰ ਤੇ ਕਿਰਤ ਲਈ ਸੰਦਾਂ ਨੂੰ ਹੀ "ਅਜ਼ਾਦ ਕਰਦਾ" ਹੈ, ਸਗੋਂ ਇਸ ਨੇ ਘਰੇਲੂ ਮੰਡੀ ਵੀ ਪੈਦਾ ਕਰ ਦਿੱਤੀ" ("ਸਰਮਾਇਆ", ਸੈਂਚੀ–1, ਸਫਾ–778)।[33] ਆਪਣੀ ਥਾਂ,

* ਇੱਕ ਕਿਸਮ ਦਾ ਲਗਾਨ ਜਿਹੜਾ ਖੇਤ–ਗੁਲਾਮ ਕਿਸੇ ਹੋਰ ਕੰਮ ਲਈ ਚਲੇ ਜਾਣ ਉੱਤੇ ਆਪਣੇ ਮਾਲਕ ਨੂੰ ਅਦਾ ਕਰਦਾ ਹੈ। **—ਸੰਪਾ:**

ਪੇਂਡੂ ਵਸੋਂ ਦੀ ਕੰਗਾਲੀ ਤੇ ਬਰਬਾਦੀ ਪੂੰਜੀ ਲਈ ਕਿਰਤ ਦੀ ਇੱਕ ਰਾਖਵੀਂ ਫੌਜ ਪੈਦਾ ਕਰਨ ਵਿੱਚ ਹਿਸਾ ਪਾਉਂਦੀ ਹੈ। ਹਰ ਪੂੰਜੀਵਾਦੀ ਦੇਸ਼ ਵਿੱਚ "ਇਸ ਲਈ, ਜ਼ਰਾਇਤੀ ਵਸੋਂ ਦਾ ਇੱਕ ਹਿਸਾ ਲਗਾਤਾਰ ਸ਼ਹਿਰੀ ਜਾਂ ਕਾਰਖਾਨਿਆਂ ਵਿਚਲੇ (ਭਾਵ, ਗੈਰ-ਜ਼ਰਾਇਤੀ) ਪ੍ਰੋਲੇਤਾਰੀ ਵਿੱਚ ਚਲੇ ਜਾਣ ਦੇ ਕੰਢੇ ਉੱਤੇ ਰਹਿੰਦਾ ਹੈ।... ਮੁਕਾਬਲਤਨ ਵਾਧੂ ਵਸੋਂ ਦਾ ਇਹ ਸੋਮਾ ਇਸ ਤਰ੍ਹਾਂ ਲਗਾਤਾਰ ਵੱਧਦਾ ਰਹਿੰਦਾ ਹੈ।... ਇਸ ਲਈ ਜ਼ਰਾਇਤੀ ਮਜ਼ਦੂਰ ਨੂੰ ਘੱਟ ਤੋਂ ਘੱਟ ਉਜਰਤਾਂ ਤੱਕ ਲੈ ਜਾਂਦਾ ਹੈ ਤੇ ਹਮੇਸ਼ਾ ਹੀ ਮੰਗਤੇਪਣ ਦੀ ਦਲਦਲ ਵਿੱਚ ਇੱਕ ਪੈਰ ਟਿਕਾਈ ਖੜ੍ਹਾ ਹੁੰਦਾ ਹੈ" ("ਸਰਮਾਇਆ", ਸੈਂਚੀ-1, ਸਫਾ-668)।[34] ਕਿਸਾਨ ਵੱਲੋਂ ਉਸ ਜ਼ਮੀਨ ਦੀ ਨਿੱਜੀ ਮਾਲਕੀ, ਜਿਸ ਨੂੰ ਉਹ ਵਾਹੁੰਦਾ ਹੈ, ਛੋਟੇ ਪੈਮਾਨੇ ਤੇ ਉਤਪਾਦਨ ਦੀ ਬੁਨਿਆਦੀ ਹੁੰਦੀ ਹੈ, ਤੇ ਇਸ ਦੇ ਖੁਸ਼ਹਾਲ ਹੋਣ ਤੇ ਕਲਾਸਕੀ ਰੂਪ ਪ੍ਰਾਪਤ ਕਰਨ ਲਈ ਸ਼ਰਤ ਹੁੰਦੀ ਹੈ। ਪਰ ਇਹੋ ਜਿਹਾ ਛੋਟੇ ਪੈਮਾਨੇ ਦਾ ਉਤਪਾਦਨ ਸਿਰਫ਼ ਉਤਪਾਦਨ ਤੇ ਸਮਾਜ ਦੇ ਤੰਗ ਤੇ ਮੁੱਢਲੇ ਜਿਹੇ ਢਾਂਚੇ ਨਾਲ਼ ਹੀ ਮੇਲ ਖਾਂਦਾ ਹੈ। ਪੂੰਜੀਵਾਦ ਹੇਠ "ਕਿਸਾਨਾਂ ਦੀ ਲੁੱਟ-ਖਸੁੱਟ ਸਨਅਤੀ ਪ੍ਰੋਲੇਤਾਰੀ ਦੀ ਲੁੱਟ-ਖਸੁੱਟ ਨਾਲ਼ੋਂ ਸਿਰਫ਼ ਰੂਪ ਵਿੱਚ ਹੀ ਵੱਖਰੀ ਹੁੰਦੀ ਹੈ। ਲੋਟੂ ਹਮੇਸ਼ਾ ਉਹੀ ਹੁੰਦਾ ਹੈ: ਪੂੰਜੀ। ਵਿਅਕਤੀਗਤ ਪੂੰਜੀਪਤੀ ਗਿਰਵੀਆਂ ਤੇ ਸਾਹੂਕਾਰੇ ਰਾਹੀਂ ਵਿਅਕਤੀਗਤ ਕਿਸਾਨਾਂ ਦੀ ਲੁੱਟ-ਖਸੁੱਟ ਕਰਦੇ ਹਨ; ਪੂੰਜੀਪਤੀ ਜਮਾਤ ਰਾਜਕੀ ਟੈਕਸਾਂ ਰਾਹੀਂ ਕਿਸਾਨ ਜਮਾਤ ਦੀ ਲੁੱਟ-ਖਸੁੱਟ ਕਰਦੀ ਹੈ" ("ਫ਼ਰਾਂਸ ਵਿੱਚ ਜਮਾਤੀ ਘੋਲ਼")।[35] "ਕਿਸਾਨ ਦਾ ਨਿੱਕਾ ਜਿਹਾ ਜ਼ਮੀਨ ਦਾ ਟੋਟਾ ਪੂੰਜੀਪਤੀ ਨੂੰ ਜ਼ਮੀਨ ਤੋਂ ਮੁਨਾਫੇ, ਸੂਦ ਤੇ ਲਗਾਨ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ, ਜਦ ਕਿ ਇਹ ਗੱਲ ਉਹ ਖੁਦ ਹਲ-ਵਾਹਕ ਉੱਤੇ ਛੱਡ ਦੇਂਦਾ ਹੈ ਕਿ ਉਸ ਨੇ ਆਪਣੀਆਂ ਉਜਰਤਾਂ ਕਿਵੇਂ ਪ੍ਰਾਪਤ ਕਰਨੀਆਂ ਹਨ" ("ਅਠਾਰ੍ਹਵੀਂ ਬਰੂਮੇਰ")।[36] ਆਮ ਤੌਰ 'ਤੇ ਕਿਸਾਨ ਆਪਣੀਆਂ ਉਜਰਤਾਂ ਦਾ ਇੱਕ ਹਿਸਾ ਵੀ ਪੂੰਜੀਵਾਦੀ ਸਮਾਜ, ਭਾਵ, ਪੂੰਜੀਪਤੀ ਜਮਾਤ ਦੇ ਹਵਾਲੇ ਕਰ ਦੇਂਦਾ ਹੈ, ਤੇ ਆਪ "ਆਇਰਿਸ਼ ਮੁਜ਼ਾਰੇ ਦੀ ਪੱਧਰ ਤੱਕ ਹੇਠਾਂ ਲਹਿ ਜਾਂਦਾ ਹੈ — ਸਾਰਾ ਕੁੱਝ ਨਿੱਜੀ ਮਾਲਕ ਹੋਣ ਦੇ ਬਹਾਨੇ ਹੇਠ ਹੁੰਦਾ ਹੈ" ("ਫ਼ਰਾਂਸ ਵਿੱਚ ਜਮਾਤੀ ਘੋਲ਼")।[37] ਉਹਨਾਂ ਕਾਰਨਾਂ ਵਿੱਚ ਇੱਕ ਕਾਰਨ ਕੀ ਹੈ, ਕਿ "ਉਤਪਾਦਨ ਦੇ ਪੂੰਜੀਵਾਦੀ ਢੰਗ ਵਾਲ਼ੇ ਦੇਸ਼ਾਂ ਨਾਲ਼ੋਂ ਪ੍ਰਧਾਨ ਛੋਟਾ-ਕਿਸਾਨ ਭੂਮੀ ਮਾਲਕੀ ਵਾਲ਼ੇ ਦੇਸ਼ਾਂ ਵਿਚ ਅਨਾਜ ਦੀਆਂ ਕੀਮਤਾਂ ਕਿਉਂ ਘੱਟ ਹੁੰਦੀਆਂ ਹਨ ?" ("ਸਰਮਾਇਆ" ਸੈਂਚੀ-3, ਸਫਾ-340)।[38] ਇਸ ਦਾ ਕਾਰਨ ਇਹ ਹੈ ਕਿ ਕਿਸਾਨ ਆਪਣੀ ਵਾਧੂ ਉਪਜ ਦਾ ਇੱਕ ਹਿਸਾ ਮੁਫ਼ਤ ਹੀ ਸਮਾਜ ਦੇ (ਭਾਵ, ਪੂੰਜੀਪਤੀ ਜਮਾਤ ਦੇ) ਹਵਾਲੇ ਕਰ ਦੇਂਦਾ ਹੈ। "(ਅਨਾਜ ਤੇ ਦੂਜੀ ਜ਼ਰਾਇਤੀ ਉਪਜ ਦੀ) ਇਹ ਘੱਟ ਕੀਮਤ ਅਖ਼ੀਰ ਉਤਪਾਦਨ ਦੀ ਕੰਗਾਲੀ ਦਾ ਸਿੱਟਾ ਹੁੰਦੀ ਹੈ ਤੇ ਕਿਸੇ ਤਰ੍ਹਾਂ ਵੀ ਉਸ ਦੀ ਕਿਰਤ ਉਤਪਾਦਕਤਾ ਦਾ ਸਿੱਟਾ ਨਹੀਂ ਹੁੰਦੀ" ("ਸਰਮਾਇਆ", ਸੈਂਚੀ-3, ਸਫਾ-340)।[39] ਪੂੰਜੀਵਾਦ ਹੇਠ ਛੋਟੀ ਜ਼ਮੀਨ-ਮਾਲਕੀ ਦੀ ਪ੍ਰਣਾਲੀ, ਜੋ ਕਿ ਛੋਟੇ ਪੈਮਾਨੇ ਦੇ ਉਤਪਾਦਨ ਦਾ ਸਾਧਾਰਨ ਰੂਪ ਹੁੰਦੀ ਹੈ, ਨਿੱਘਰ ਜਾਂਦੀ ਹੈ, ਢਹਿ-ਢੇਰੀ ਹੋ ਜਾਂਦੀ ਹੈ ਤੇ ਬਰਬਾਦ ਹੋ ਜਾਂਦੀ ਹੈ। "ਛੋਟੀ ਜ਼ਮੀਨ-ਮਾਲਕੀ, ਆਪਣੇ ਖਾਸੇ ਕਾਰਨ ਹੀ ਕਿਰਤ ਦੀਆਂ ਸਮਾਜਕ

ਉਤਪਾਦਨਕਾਰੀ ਸ਼ਕਤੀਆਂ, ਕਿਰਤ ਦੇ ਸਮਾਜਕ ਰੂਪਾਂ, ਪੂੰਜੀ ਦੇ ਸਮਾਜੀ ਕੇਂਦਰੀਨ, ਵੱਡੇ ਪੈਮਾਨੇ ਦੇ ਪਸ਼ੂ-ਪਾਲਣ ਤੇ ਵਿਗਿਆਨ ਦੀ ਵੱਧਦੀ ਵਰਤੋਂ ਦਾ ਵਿਕਾਸ ਨਹੀਂ ਹੋਣ ਦੇਂਦੀ। ਸ਼ਾਹੂਕਾਰਾ ਤੇ ਟੈਕਸ ਪ੍ਰਣਾਲੀ ਇਸ ਨੂੰ ਲਾਜ਼ਮੀ ਹੀ ਹਰ ਥਾਂ ਕੰਗਾਲ ਕਰਦੀ ਹੈ। ਜ਼ਮੀਨ ਦੀ ਖਰੀਦ ਲਈ ਪੂੰਜੀ ਦਾ ਖਰਚਾ ਇਸ ਪੂੰਜੀ ਨੂੰ ਵਾਹੀ ਤੋਂ ਬਾਹਰ ਕੱਢ ਲੈਂਦਾ ਹੈ। ਉਤਪਾਦਨ ਦੇ ਸਾਧਨਾਂ ਦਾ ਅਣਗਿਣਤ ਟੋਟਿਆਂ ਵਿੱਚ ਵੰਡਿਆਂ ਜਾਣਾ, ਤੇ ਖ਼ੁਦ ਉਤਪਾਦਕਾਂ ਦਾ ਖੇਰੂੰ-ਖੇਰੂੰ ਹੋ ਜਾਣਾ।" (ਸਹਿਕਾਰੀ ਸਭਾਵਾਂ, ਭਾਵ ਛੋਟੇ ਕਿਸਾਨਾਂ ਦੀਆਂ ਸਭਾਵਾਂ, ਬੇਹੱਦ ਅਗਾਂਹਵਧੂ ਰੋਲ਼ ਅਦਾ ਕਰਦੀਆਂ ਹੋਈਆਂ, ਇਸ ਰੁਝਾਣ ਨੂੰ ਖਤਮ ਕੀਤੇ ਬਿਨਾਂ, ਇਸ ਨੂੰ ਸਿਰਫ਼ ਕਮਜ਼ੋਰ ਹੀ ਕਰਦੀਆਂ ਹਨ; ਨਾ ਹੀ ਇਹ ਗੱਲ ਭੁੱਲਣੀ ਚਾਹੀਦੀ ਹੈ ਕਿ ਇਹ ਸਹਿਕਾਰੀ ਸਭਾਵਾਂ ਰੱਜੇ-ਪੁੱਜੇ ਕਿਸਾਨਾਂ ਲਈ ਬੜਾ ਕੁੱਝ ਕਰਦੀਆਂ ਹਨ ਤੇ ਗਰੀਬ ਕਿਸਾਨਾਂ ਦੇ ਸਮੂਹ ਲਈ ਬਹੁਤ ਘੱਟ ਕੁੱਝ — ਲਗਭਗ ਕੁੱਝ ਨਾ ਦੇ ਬਰਾਬਰ — ਕਰਦੀਆਂ ਹਨ; ਫਿਰ ਸਭਾਵਾਂ ਖ਼ੁਦ ਭਾੜੇ ਉੱਤੇ ਲੱਗੀ ਕਿਰਤ ਦੀ ਲੁੱਟ-ਖਸੁੱਟ ਕਰਨ ਵਾਲ਼ੀਆਂ ਬਣ ਜਾਂਦੀਆਂ ਹਨ। "ਮਨੁੱਖਾ ਸ਼ਕਤੀ ਦਾ ਉਪੱਦਰੀ ਉਜਾੜਾ। ਉਤਪਾਦਨ ਦੀਆਂ ਹਾਲਤਾਂ ਦਾ ਵੱਧਦਾ ਨਿਘਾਰ ਤੇ ਉਤਪਾਦਨ ਦੇ ਸਾਧਨਾਂ ਦੀਆਂ ਵਧੀਆਂ ਕੀਮਤਾਂ— ਛੋਟੀ ਜ਼ਮੀਨ-ਮਾਲਕੀ ਦਾ ਅਟੱਲ ਕਾਨੂੰਨ।"[40] ਜ਼ਰਾਇਤ ਵਿੱਚ, ਜਿਵੇਂ ਕਿ ਸਨਅਤ ਵਿੱਚ ਪੂੰਜੀਵਾਦੀ ਉਤਪਾਦਨ ਦੇ ਅਮਲ ਨੂੰ ਸਿਰਫ਼ "ਉਤਪਾਦਕ ਦੀ ਸ਼ਹੀਦੀ" ਦੀ ਕੀਮਤ ਉੱਤੇ ਹੀ ਤਬਦੀਲ ਕਰਦੀ ਹੈ! "ਜ਼ਰਾਇਤੀ ਮਜ਼ਦੂਰਾਂ ਦਾ ਵਡੇਰੇ ਇਲਾਕਿਆਂ ਉੱਤੇ ਖਿੰਡ ਜਾਣਾ ਉਹਨਾਂ ਦੀ ਵਿਰੋਧ ਦੀ ਸੱਤ੍ਹਾ ਨੂੰ ਤੋੜਦਾ ਹੈ, ਜਦ ਕਿ ਉਹਨਾਂ ਦਾ ਕੇਂਦਰੀਣ ਸ਼ਹਿਰੀ ਕਾਰਕੁਨਾਂ ਦੇ ਵਿਰੋਧ ਨੂੰ ਵਧਾਉਂਦਾ ਹੈ। ਆਧੁਨਿਕ ਪੂੰਜੀਵਾਦੀ ਜ਼ਰਾਇਤ ਵਿੱਚ ਜਿਵੇਂ ਕਿ ਆਧੁਨਿਕ ਸਨਅਤਾਂ ਵਿੱਚ, ਹਰਕਤ ਵਿੱਚ ਲਿਆਂਦੀ ਗਈ ਕਿਰਤ ਦੀ ਵਧੀ ਉਤਪਾਦਕਤਾ ਤੇ ਮਾਤਰਾ ਖ਼ੁਦ ਕਿਰਤ ਸ਼ਕਤੀ ਨੂੰ ਉਜਾੜਨ ਤੇ ਬੀਮਾਰੀ ਨਾਲ਼ ਖਾ ਜਾਣ ਦੀ ਕੀਮਤ ਨਾਲ਼ ਖਰੀਦਿਆਂ ਜਾਂਦਾ ਹੈ। ਇਸ ਤੋਂ ਇਲਾਵਾ ਪੂੰਜੀਵਾਦੀ ਜ਼ਰਾਇਤ ਵਿੱਚ ਸਾਰੀ ਤਰੱਕੀ ਨਾ ਸਿਰਫ਼ ਕਿਰਤੀ ਨੂੰ ਲੁੱਟਣ ਦੀ ਹੀ ਸਗੋਂ ਜ਼ਮੀਨ ਨੂੰ ਵੀ ਲੁੱਟਣ ਦੀ ਕਲਾ ਵਿੱਚ ਤਰੱਕੀ ਹੈ।... ਇਸ ਲਈ ਪੂੰਜੀਵਾਦੀ ਉਤਪਾਦਨ ਸਾਰੇ ਧਨ ਦੇ ਮੂਲ ਸੋਮਿਆਂ — ਜ਼ਮੀਨ ਤੇ ਮਜ਼ਦੂਰ — ਨੂੰ ਚੂਸਣ ਨਾਲ਼ ਹੀ ਟੈਕਨਾਲੋਜੀ ਦਾ ਤੇ ਸਮਾਜਕ ਸਮੂਹ ਵਿਚਲੇ ਵੱਖੋ-ਵੱਖਰੇ ਅਮਲਾਂ ਨੂੰ ਮਿਲਾਉਣ ਦਾ ਵਿਕਾਸ ਕਰਦੀ ਹੈ" ("ਸਰਮਾਇਆ", ਸੈਂਚੀ-1, ਕਾਂਡ-13 ਦਾ ਅੰਤ)।

## ਸਮਾਜਵਾਦ

ਉਪਜ ਜੋ ਕੁੱਝ ਕਿਹਾ ਗਿਆ ਹੈ ਉਸ ਤੋਂ ਇਹ ਪ੍ਰਤੱਖ ਹੈ ਕਿ ਮਾਰਕਸ ਪੂੰਜੀਵਾਦੀ ਸਮਾਜ ਦੀ ਸਮਾਜਵਾਦੀ ਸਮਾਜ ਵਿੱਚ ਤਬਦੀਲੀ ਦੀ ਅਟੱਲਤਾ ਬਾਰੇ ਸਿੱਟਾ ਪੂਰੀ ਤਰ੍ਹਾਂ ਤੇ ਨਿਰੋਲ ਰੂਪ ਵਿੱਚ ਸਮਕਾਲੀ ਸਮਾਜ ਦੇ ਵਿਕਾਸ ਦੇ ਆਰਥਕ ਕਾਨੂੰਨ ਤੋਂ ਹੀ ਕੱਢਦੇ ਹਨ। ਕਿਰਤ ਦਾ ਸਮਾਜੀਕਰਨ, ਜਿਹੜਾ ਹਜ਼ਾਰਾਂ ਰੂਪਾਂ ਵਿੱਚ ਦਿਨੋਂ-ਦਿਨ ਵੱਧਦੀ ਤੇਜ਼ੀ ਨਾਲ਼ ਵੱਧ ਰਿਹਾ ਹੈ ਤੇ ਜਿਸ ਨੇ ਮਾਰਕਸ ਦੀ ਮੌਤ ਤੋਂ ਮਗਰਲੀ ਅੱਧੀ ਸਦੀ ਦੇ ਦੌਰਾਨ ਆਪਣੇ

ਆਪ ਨੂੰ ਵੱਡੇ ਪੈਮਾਨੇ ਦੇ ਉਤਪਾਦਨ, ਪੂੰਜੀਵਾਦੀ ਕਾਰਟਲਾਂ, ਸਿੰਡੀਕੇਟਾਂ ਤੇ ਟਰੱਸਟਾਂ ਦੇ ਵਾਧੇ ਵਿੱਚ ਤੇ ਵਿੱਤੀ ਪੂੰਜੀ ਦੇ ਆਕਾਰ ਤੇ ਸੱਤ੍ਹਾ ਵਿੱਚ ਧੜਵੈਲ ਵਾਧੇ ਵਿੱਚ ਵੀ ਬੜੀ ਉਘੜਵੀਂ ਤਰ੍ਹਾਂ ਦਿਖਾਇਆ ਹੈ, ਸਮਾਜਵਾਦ ਦੀ ਅਟੱਲ ਆਮਦ ਲਈ ਮੁੱਖ ਪਦਾਰਥਕ ਅਧਾਰ ਮੁਹੱਈਆ ਕਰਦਾ ਹੈ। ਇਸ ਤਬਦੀਲੀ ਦੀ ਬੌਧਿਕ ਤੇ ਇਖਲਾਕੀ ਚਾਲਕ ਸ਼ਕਤੀ ਤੇ ਇਸ ਨੂੰ ਪਦਾਰਥਕ ਤੌਰ 'ਤੇ ਅਮਲ ਵਿੱਚ ਲਿਆਉਣ ਵਾਲ਼ੇ ਪ੍ਰੋਲੇਤਾਰੀ ਹਨ, ਜਿਸ ਨੂੰ ਖੁਦ ਪੂੰਜੀਵਾਦ ਵੱਲੋਂ ਸਿੱਖਿਆ ਦਿੱਤੀ ਜਾ ਚੁੱਕੀ ਹੋਈ ਹੈ। ਬੁਰਜੂਆਜ਼ੀ ਦੇ ਖ਼ਿਲਾਫ਼ ਪ੍ਰੋਲੇਤਾਰੀ ਦਾ ਘੋਲ਼ ਜਿਹੜਾ ਦਿਨੋਂ-ਦਿਨ ਵਧੇਰੇ ਭਰਪੂਰ ਹੁੰਦੇ ਵਸਤੂ ਵਾਲ਼ੇ ਕਈ ਤਰ੍ਹਾਂ ਦੇ ਰੂਪਾਂ ਵਿੱਚ ਪ੍ਰਗਟਾਅ ਲੱਭਦਾ ਹੈ, ਅਟੱਲ ਤੌਰ 'ਤੇ ਰਾਜਸੀ ਘੋਲ਼ ਬਣ ਜਾਂਦਾ ਹੈ ਜਿਹੜਾ ਪ੍ਰੋਲੇਤਾਰੀ ਵੱਲੋਂ ਰਾਜਸੀ ਸੱਤ੍ਹਾ ਦੀ ਜਿੱਤ ("ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ") ਵੱਲ ਸੇਧ ਰੱਖਦਾ ਹੈ। ਉਤਪਾਦਨ ਦਾ ਸਮਾਜੀਕਰਨ ਉਤਪਾਦਨ ਦੇ ਸਾਧਨਾਂ ਦੇ ਸਮਾਜ ਦੀ ਮਲਕੀਅਤ ਬਣਨ ਵੱਲ, "ਲੁੱਟਣ ਵਾਲ਼ਿਆਂ ਨੂੰ ਲੁੱਟਣ" ਵੱਲ ਲਿਜਾਏ ਬਿਨਾਂ ਨਹੀਂ ਰਹਿ ਸਕਦਾ। ਕਿਰਤ ਉਤਪਾਦਕਤਾ ਵਿੱਚ ਅਥਾਹ ਵਾਧਾ, ਕੰਮ ਦੀ ਛੁਟੇਰੀ ਦਿਹਾੜੀ ਤੇ ਛੋਟੇ ਪੈਮਾਨੇ ਦੇ ਮੁੱਢਲੀ ਤਰ੍ਹਾਂ ਦੇ ਤੇ ਖਿੰਡੇ ਹੋਏ ਉਤਪਾਦਨ ਦੀ ਰਹਿੰਦ-ਖੂੰਹਦ, ਇਸ ਦੇ ਖੰਡਰਾਂ ਦੀ ਥਾਂ ਸਾਂਝੀ ਤੇ ਸੁਧਰੀ ਹੋਈ ਕਿਰਤ ਨੂੰ ਦੇਣਾ — ਇਹੋ ਜਿਹੇ ਹਨ ਇਹੋ ਜਿਹੀ ਤਬਦੀਲੀ ਦੇ ਸਿੱਧੇ ਸਿੱਟੇ। ਪੂੰਜੀਵਾਦੀ ਜ਼ਰਾਇਤ ਤੇ ਸਨਅਤ ਵਿਚਲੇ ਸਬੰਧਾਂ ਨੂੰ ਹਮੇਸ਼ਾ ਲਈ ਤੋੜ ਦੇਂਦੀ ਹੈ, ਪਰ ਇਸ ਦੇ ਨਾਲ਼ ਹੀ, ਆਪਣੇ ਅਤਿ ਉੱਚੇ ਵਿਕਾਸ ਰਾਹੀਂ, ਇਹ ਉਹਨਾਂ ਸਬੰਧਾਂ ਦੇ ਨਵੇਂ ਅਨਸਰਾਂ ਨੂੰ ਵਿਗਿਆਨ ਦੀ ਚੇਤੰਨ ਵਰਤੋਂ ਤੇ ਸਾਂਝੀ ਕਿਰਤ ਦੇ ਕੇਂਦਰੀਣ ਉੱਪਰ ਤੇ ਮਨੁੱਖਾ ਵਸੋਂ ਦੀ ਮੁੜ ਵੰਡ ਉਪਰ ਉਪਰ ਅਧਾਰਤ ਸਨਅਤ ਤੇ ਜ਼ਰਾਇਤ ਵਿਚਕਾਰ ਯੂਨੀਅਨ ਨੂੰ ਤਿਆਰ ਕਰਦੀ ਹੈ (ਤੇ ਇਸ ਤਰ੍ਹਾਂ ਪੇਂਡੂ ਪਛੜੇਵੇ, ਨਿਖੇੜ ਤੇ ਬਰਬਰੀਅਤ ਦਾ ਵੀ ਤੇ ਵੱਡੇ ਵੱਡੇ ਸ਼ਹਿਰਾਂ ਵਿੱਚ ਲੋਕਾਂ ਦੇ ਵਿਸ਼ਾਲ ਸਮੂਹਾਂ ਦੇ ਗ਼ੈਰ-ਕੁਦਰਤੀ ਤੌਰ 'ਤੇ ਕੇਂਦਰਿਤ ਹੋਣ ਦਾ ਵੀ ਖਾਤਮਾ ਕਰ ਦੇਂਦੀ ਹੈ)। ਅਜੋਕੇ ਪੂੰਜੀਵਾਦ ਦੇ ਸਰਵਉੱਚ ਰੂਪਾਂ ਵੱਲੋਂ ਪਰਿਵਾਰ ਦਾ ਨਵਾਂ ਰੂਪ, ਔਰਤਾਂ ਦੇ ਰੁਤਬੇ ਵਿੱਚ ਤੇ ਨੌਜਵਾਨ ਪੀੜ੍ਹੀ ਦੇ ਪਾਲਣ-ਪੋਸਣ ਵਿੱਚ ਨਵੀਆਂ ਹਾਲਤਾਂ ਤਿਆਰ ਕੀਤੀਆਂ ਜਾਂਦੀਆਂ ਹਨ: ਔਰਤਾਂ ਤੇ ਬੱਚਿਆਂ ਦੀ ਕਿਰਤ ਤੇ ਪੂੰਜੀਵਾਦ ਵੱਲੋਂ ਪਿਤਾ-ਪੁਰਖੀ ਪਰਿਵਾਰ ਨੂੰ ਤੋੜਨਾ ਆਧੁਨਿਕ ਸਮਾਜ ਵਿੱਚ ਸਭ ਤੋਂ ਭਿਆਨਕ, ਤਬਾਹਕੁਨ ਤੇ ਘਿਨਾਉਣਾ ਰੂਪ ਧਾਰਨ ਕਰ ਲੈਂਦੇ ਹਨ। ਤਾਂ ਵੀ, "ਭਾਰੀ ਸਨਅਤ, ਜਿਵੇਂ ਕਿ ਇਹ ਘਰੇਲੂ ਖੇਤਰ ਤੋਂ ਬਾਹਰ ਔਰਤਾਂ ਨੂੰ, ਨੌਜਵਾਨਾਂ ਨੂੰ ਤੇ ਦੋਹਾਂ ਲਿੰਗਾਂ ਦੇ ਬੱਚਿਆਂ ਨੂੰ ਉਤਪਾਦਨ ਦੇ ਸਮਾਜਕ ਤੌਰ 'ਤੇ ਜੱਥੇਬੰਦ ਅਮਲ ਵਿੱਚ ਇੱਕ ਮਹੱਤਵਪੂਰਨ ਹਿੱਸਾ ਦੇਂਦੀ ਹੀ ਹੈ, ਪਰਿਵਾਰ ਦੇ ਤੇ ਔਰਤਾਂ ਮਰਦਾਂ ਵਿਚਕਾਰ ਸਬੰਧਾਂ ਦੇ ਉਚੇਰੇ ਰੂਪ ਲਈ ਨਵੀਂ ਆਰਥਕ ਬੁਨਿਆਦ ਪੈਦਾ ਕਰ ਦੇਂਦੀ ਹੈ। ਬੇਸ਼ੱਕ, ਪਰਿਵਾਰ ਦੇ ਟਿਊਟਨੀ-ਈਸਾਈ ਰੂਪ ਨੂੰ ਧਰਮ ਦਾ ਅੰਤਮ ਰੂਪ ਸਮਝਣਾ ਏਨਾਂ ਹੀ ਬੇਹੂਦਾ ਹੈ, ਜਿੰਨਾਂ ਕਿ ਉਸ ਖਾਸੇ ਨੂੰ ਪੁਰਾਤਨ ਰੋਮ ਦੇ, ਪੁਰਾਤਨ ਯੂਨਾਨੀ ਜਾਂ ਪੂਰਬੀ ਰੂਪਾਂ ਉੱਤੇ ਲਾਗੂ ਕਰਨ ਦੀ ਕੋਸ਼ਿਸ ਕਰਨਾ ਜਿਹੜੇ ਕਿ, ਇਸ ਤੋਂ ਛੁੱਟ, ਇਕੱਠਿਆਂ ਲਿਆਂ, ਇਤਿਹਾਸਕ ਵਿਕਾਸ ਵਿੱਚ ਇੱਕ ਲੜੀ ਬਣਦੇ ਹਨ। ਨਾਲ਼ੇ, ਇਹ ਪ੍ਰਤੱਖ ਹੈ ਕਿ

ਇਹ ਤੱਥ, ਕਿ ਸਮੂਹਕ ਤੌਰ ’ਤੇ ਕੰਮ ਕਰਦੇ ਗਰੁੱਪ ਵਿੱਚ ਦੋਹਾਂ ਲਿੰਗਾਂ ਦੇ ਤੇ ਹਰ ਉਮਰ ਦੇ ਵਿਅਕਤੀ ਹੁੰਦੇ ਹਨ, ਅਨੁਕੂਲ ਹਾਲਤਾਂ ਵਿੱਚ ਮਾਨਵੀ ਵਿਕਾਸ ਦਾ ਇੱਕ ਸੋਮਾ ਬਣ ਜਾਂਦਾ ਹੈ; ਭਾਵੇਂ ਕਿ ਆਪਮੁਹਾਰੀ ਤਰ੍ਹਾਂ ਵਿਕਸਤ, ਵਹਿਸ਼ੀ, ਪੂੰਜੀਵਾਦੀ ਰੂਪ ਵਿੱਚ, ਜਿੱਥੇ ਕਿਰਤੀ ਉਤਪਾਦਨ ਦੇ ਅਮਲ ਲਈ ਜੀਊਂਦਾ ਹੈ, ਨਾ ਕਿ ਉਤਪਾਦਨ ਦਾ ਅਮਲ ਕਿਰਤੀ ਲਈ, ਇਹ ਤੱਥ ਭ੍ਰਿਸ਼ਟਾਚਾਰ ਤੇ ਗੁਲਾਮੀ ਦਾ ਇੱਕ ਵਿਨਾਸ਼ਕ ਸੋਮਾ ਹੁੰਦਾ ਹੈ” (“ਸਰਮਾਇਆ”, ਸੈਂਚੀ–1, ਕਾਂਡ–13 ਦਾ ਅੰਤ)। ਫੈਕਟਰੀ ਪ੍ਰਣਾਲੀ ਵਿੱਚ “ਭਵਿੱਖ ਦੀ ਵਿੱਦਿਆ ਦੇ ਬੀਜ਼ ਹੁੰਦੇ ਹਨ, ਐਸੀ ਵਿੱਦਿਆ ਦੇ, ਜਿਹੜੀ ਖਾਸ ਉਮਰ ਤੋਂ ਜ਼ਿਆਦਾ ਉਮਰ ਦੇ ਹਰ ਬੱਚੇ ਦੀ ਸੂਰਤ ਵਿੱਚ, ਉਤਪਾਦਕ ਕਿਰਤ ਨੂੰ ਸਿੱਖਿਆ ਤੇ ਜਿਮਨਾਸਟਿਕ ਨਾਲ਼ ਮੇਲਦੀ ਹੈ, ਨਾ ਸਿਰਫ਼ ਸਮਾਜਕ ਉਤਪਾਦਨ ਦੀ ਸੁਯੋਗਤਾ ਵਿੱਚ ਵਾਧਾ ਕਰਨ ਦੇ ਇੱਕ ਢੰਗ ਵਜੋਂ ਹੀ, ਸਗੋਂ ਪੂਰੀ ਤਰ੍ਹਾਂ ਵਿਕਸਤ ਮਨੁੱਖਾਂ ਨੂੰ ਪੈਦਾ ਕਰਨ ਦੇ ਇੱਕੋ–ਇੱਕ ਢੰਗ ਵਜੋਂ” (ਉਪਰੋਕਤ ਵਿੱਚੋਂ ਹੀ)। ਮਾਰਕਸ ਦਾ ਸਮਾਜਵਾਦ ਕੌਮੀਅਤ ਤੇ ਰਾਜ ਦੇ ਮਸਲੇ ਨੂੰ ਉਸੇ ਹੀ ਇਤਿਹਾਸਕ ਅਧਾਰ ਉੱਤੇ ਰੱਖਦਾ ਹੈ, ਨਾ ਸਿਰਫ਼ ਭੂਤ ਦੀ ਵਿਆਖਿਆ ਕਰਨ ਦੇ ਅਰਥਾਂ ਵਿੱਚ, ਸਗੋਂ ਭਵਿੱਖ ਬਾਰੇ ਦਲੇਰ ਪੇਸ਼ਗੋਈ ਕਰਨ ਦੇ ਤੇ ਇਸ ਦੀ ਪ੍ਰਾਪਤੀ ਲਈ ਦਲੇਰ ਅਮਲੀ ਕਾਰਵਾਈ ਦੇ ਅਰਥਾਂ ਵਿੱਚ ਵੀ। ਸਮਾਜਕ ਵਿਕਾਸ ਦੇ ਬੁਰਜੂਆ ਦੌਰ ਵਿੱਚ ਕੌਮਾਂ ਇੱਕ ਅਟੱਲ ਉਪਜ, ਇੱਕ ਅਟੱਲ ਰੂਪ ਹਨ। ਮਜ਼ਦੂਰ ਜਮਾਤ “ਕੌਮ ਦੇ ਅੰਦਰ ਆਪਣੇ ਆਪ ਨੂੰ ਕਾਇਮ ਕਰਨ” ਤੋਂ ਬਿਨਾਂ “ਕੌਮੀ” ਹੋਣ ਤੋਂ ਬਿਨਾਂ (“ਭਾਵੇ ਕਿ ਲਫ਼ਜ਼ ਦੇ ਬੁਰਜੂਆ ਅਰਥਾਂ ਵਿੱਚ ਨਹੀਂ”) ਮਜ਼ਬੂਤ ਨਹੀਂ ਹੋ ਸਕਦੀ, ਪ੍ਰਪੱਕ ਨਹੀਂ ਹੋ ਸਕਦੀ ਤੇ ਰੂਪ ਨਹੀਂ ਧਾਰ ਸਕਦੀ। ਪਰ ਪੂੰਜੀਵਾਦ ਦਾ ਵਿਕਾਸ ਦਿਨੋਂ–ਦਿਨ ਵਧੇਰੇ ਕੌਮੀ ਰੋਕਾਂ ਨੂੰ ਤੋੜਦਾ ਹੈ, ਕੌਮੀ ਵੱਖਰਤ ਨੂੰ ਖਤਮ ਕਰਦਾ ਹੈ ਤੇ ਕੌਮੀ ਵੈਰ–ਵਿਰੋਧਾਂ ਦੀ ਥਾਂ ਜਮਾਤੀ ਵੈਰ–ਵਿਰੋਧਾਂ ਨੂੰ ਦੇਂਦਾ ਹੈ। ਇਸ ਲਈ, ਵਿਕਸਤ ਪੂੰਜੀਵਾਦੀ ਦੇਸ਼ਾਂ ਲਈ ਇਹ ਬਿਲਕੁੱਲ ਸੱਚ ਹੈ ਕਿ “ਮਜ਼ਦੂਰਾਂ ਦਾ ਕੋਈ ਮਾਤ–ਭੂਮੀ ਨਹੀਂ ਹੁੰਦੀ” ਤੇ ਘੱਟੋ–ਘੱਟ ਸੱਭਿਅ ਦੇਸ਼ਾਂ ਤੋਂ ਮਜ਼ਦੂਰਾਂ ਦੀ “ਇੱਕਮੁੱਠ ਕਾਰਵਾਈ ਪ੍ਰੋਲੇਤਾਰੀ ਦੀ ਮੁਕਤੀ ਲਈ ਪਹਿਲੀਆਂ ਸ਼ਰਤਾਂ ਵਿੱਚੋਂ ਇੱਕ ਹੈ” (“ਕਮਿਊਨਿਸਟ ਮੈਨੀਫੈਸਟੋ”)।[41] ਰਾਜ, ਜੋ ਕਿ ਜਥੇਬੰਦ ਦਮਨ ਹੈ, ਅਟੱਲ ਤੌਰ ’ਤੇ ਸਮਾਜ ਦੇ ਵਿਕਾਸ ਵਿੱਚ ਇੱਕ ਨਿਸ਼ਚਿਤ ਪੜਾਅ ’ਤੇ ਹੋਂਦ ਵਿੱਚ ਆਇਆ, ਜਦੋਂ ਸਮਾਜ ਇੱਕ ਦੂਜੀ ਨਾਲ਼ ਮੇਲ ਨਾ ਖਾਂਦੀਆਂ ਜਮਾਤਾਂ ਵਿੱਚ ਵੰਡਿਆ ਜਾ ਚੁੱਕਾ ਸੀ, ਤੇ ਐਸੇ “ਅਧਿਕਰਣ” ਤੋਂ ਬਿਨਾਂ ਕਾਇਮ ਨਹੀਂ ਸੀ ਰਹਿ ਸਕਦਾ, ਜਿਹੜਾ ਆਡੰਬਰਪੂਰਨ ਢੰਗ ਨਾਲ਼ ਸਮਾਜ ਤੋਂ ਉੱਪਰ ਤੇ ਕਿਸੇ ਹੱਦ ਤੱਕ ਸਮਾਜ ਤੋਂ ਵੱਖ ਹੋਵੇ। ਜਮਾਤੀ ਅੰਤਰ–ਵਿਰੋਧਾਂ ਤੋਂ ਪੈਦਾ ਹੁੰਦਿਆਂ, ਰਾਜ “ ...ਸਭ ਤੋਂ ਵੱਧ ਸ਼ਕਤੀਸ਼ਾਲੀ, ਆਰਥਕ ਤੌਰ ’ਤੇ ਗਾਲਬ ਜਮਾਤ ਦਾ ਰਾਜ ਬਣ ਜਾਂਦਾ ਹੈ, ਜਿਹੜੀ ਜਮਾਤ ਰਾਜ ਦੇ ਮਾਧਿਅਮ ਰਾਹੀਂ ਰਾਜਸੀ ਤੌਰ ’ਤੇ ਵੀ ਗਾਲਬ ਜਮਾਤ ਬਣ ਜਾਂਦੀ ਹੈ ਤੇ ਇਸ ਤਰ੍ਹਾਂ ਦਬਾਈਆਂ ਜਮਾਤਾਂ ਨੂੰ ਹੇਠਾਂ ਰੱਖਣ ਤੇ ਉਹਨਾਂ ਦੀ ਲੁੱਟ–ਖਸੁੱਟ ਕਰਨ ਦੇ ਨਵੇਂ ਸਾਧਨ ਪ੍ਰਾਪਤ ਕਰ ਲੈਂਦੀ ਹੈ। ਇਸ ਤਰ੍ਹਾਂ ਪੁਰਾਤਨ ਸਮਿਆਂ ਦਾ ਰਾਜ, ਪਹਿਲੀ ਥਾਂ ਉੱਤੇ, ਗੁਲਾਮਾਂ ਨੂੰ ਦਬਾ ਕੇ ਰੱਖਣ ਲਈ ਗੁਲਾਮ–ਮਾਲਕਾਂ ਦਾ ਰਾਜ ਸੀ, ਜਿਵੇਂ ਕਿ ਸਾਮੰਤੀ ਰਾਜ ਕਿਸਾਨ ਖੇਤ–

ਗੁਲਾਮਾਂ ਨੂੰ ਦਬਾ ਕੇ ਰੱਖਣ ਲਈ ਕੁਲੀਨ ਵਰਗਾਂ ਦਾ ਹਥਿਆਰ ਸੀ, ਤੇ ਆਧੁਨਿਕ ਪ੍ਰਤੀਨਿੱਧ ਰਾਜ ਪੂੰਜੀ ਵੱਲੋਂ ਉਜਰਤੀ ਕਿਰਤ ਦੀ ਲੁੱਟ-ਖਸੁੱਟ ਦਾ ਸਾਧਨ ਹੈ" (ਏਂਗਲਜ਼, "ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ" ਜਿਸ ਵਿੱਚ ਲੇਖਕ ਆਪਣੇ ਤੇ ਮਾਰਕਸ ਦੇ ਵਿਚਾਰਾਂ ਦੀ ਵਿਆਖਿਆ ਕਰਦਾ ਹੈ)। ਇੱਥੋਂ ਤੱਕ ਕਿ ਜਮਹੂਰੀ ਗਣਰਾਜ ਵੀ, ਜੋ ਕਿ ਬੁਰਜੂਆ ਰਾਜ ਦਾ ਸਭ ਤੋਂ ਵੱਧ ਅਜ਼ਾਦ ਤੇ ਸਭ ਤੋਂ ਵੱਧ ਅਗਾਂਹਵਧੂ ਰੂਪ ਹੈ, ਇਸ ਤੱਥ ਨੂੰ ਕਿਸੇ ਤਰ੍ਹਾਂ ਵੀ ਖਤਮ ਨਹੀਂ ਕਰਦਾ, ਸਗੋਂ ਸਿਰਫ਼ ਇਸ ਦੇ ਰੂਪ ਨੂੰ ਹੀ ਸੋਧਦਾ ਹੈ (ਸਰਕਾਰ ਤੇ ਸਟਾਕ ਐਕਸਚੇਂਜ ਵਿਚਕਾਰ ਸਬੰਧ, ਅਧਿਕਾਰੀਆਂ ਦਾ ਤੇ ਅਖ਼ਬਾਰਾਂ ਦਾ, ਸਿੱਧਾ ਤੇ ਅਸਿੱਧਾ, ਭ੍ਰਿਸ਼ਟਾਚਾਰ, ਆਦਿ)। ਜਮਾਤਾਂ ਦੇ ਖਾਤਮੇ ਵੱਲ ਲਿਜਾਂਦਿਆਂ, ਸਮਾਜਵਾਦ ਨਾਲ਼ ਹੀ ਰਾਜ ਦੇ ਖਾਤਮੇ ਵੱਲ ਵੀ ਲੈ ਜਾਏਗਾ। "ਪਹਿਲੀ ਕਾਰਵਾਈ", ਏਂਗਲਜ਼ "ਡੂਹਰਿੰਗ ਵਿਰੁੱਧ" ਵਿੱਚ ਲਿਖਦੇ ਹਨ, "ਜਿਸ ਨਾਲ਼ ਰਾਜ ਸੱਚਮੁੱਚ ਆਪਣੇ ਆਪ ਨੂੰ ਸਮੁੱਚੇ ਤੌਰ 'ਤੇ ਸਮਾਜ ਦਾ ਪ੍ਰਤੀਨਿੱਧ ਬਣਾ ਲੈਂਦਾ ਹੈ — ਸਮਾਜ ਦੇ ਨਾਂ ਉੱਤੇ ਉਤਪਾਦਨ ਦੇ ਸਾਧਨਾਂ ਨੂੰ ਕਬਜ਼ੇ ਹੇਠ ਲੈਣਾ — ਨਾਲ਼ ਹੀ ਨਾਲ਼, ਰਾਜ ਵਜੋਂ ਇਸ ਦੀ ਆਖ਼ਰੀ ਸਵੈਧੀਨ ਕਾਰਵਾਈ ਹੁੰਦੀ ਹੈ। ਸਮਾਜਕ ਸਬੰਧਾਂ ਵਿੱਚ ਰਾਜ ਦੀ ਮੁਦਾਖਲਤ ਇੱਕ ਇੱਕ ਕਰਕੇ ਸਭ ਖੇਤਰਾਂ ਵਿੱਚ ਵਿਅਰਥ ਹੁੰਦੀ ਜਾਂਦੀ ਹੈ ਤੇ ਫਿਰ ਆਪਣੇ ਆਪ ਖਤਮ ਹੋ ਜਾਂਦੀ ਹੈ। ਬੰਦਿਆਂ ਦੀ ਸਰਕਾਰ ਦੀ ਥਾਂ ਚੀਜ਼ਾਂ ਦਾ ਪ੍ਰਬੰਧ ਚਲਾਉਣਾ ਤੇ ਉਤਪਾਦਨ ਦੇ ਅਮਲਾਂ ਦਾ ਨਿਰਦੇਸ਼ਣ ਲੈ ਲੈਂਦਾ ਹੈ। ਰਾਜ ਨੂੰ "ਖਤਮ ਨਹੀਂ ਕੀਤਾ ਜਾਂਦਾ," ਇਹ ਹੌਲ਼ੀ ਹੌਲ਼ੀ ਲੋਪ ਹੋ ਜਾਂਦਾ ਹੈ।"[42] "ਜਿਹੜਾ ਸਮਾਜ ਉਤਪਾਦਕਾਂ ਦੀ ਅਜ਼ਾਦ ਤੇ ਬਰਾਬਰ ਦੀ ਜਥੇਬੰਦੀ ਦੇ ਅਧਾਰ ਉੱਤੇ ਉਤਪਾਦਨ ਨੂੰ ਜਥੇਬੰਦ ਕਰੇਗਾ, ਰਾਜ ਦੀ ਸਾਰੀ ਮਸ਼ੀਨਰੀ ਨੂੰ ਉਸ ਥਾਂ ਰੱਖ ਦੇਵੇਗਾ, ਜਿਹੜੀ ਇਸ ਦੀ ਥਾਂ ਹੈ: ਪੁਰਾਤਨ ਚੀਜ਼ਾਂ ਦੇ ਅਜਾਇਬਘਰ ਵਿੱਚ। ਚਰਖੇ ਤੇ ਕੁਹਾੜੀ ਦੇ ਨਾਲ਼" (ਏਂਗਲਜ਼, "ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ")।[43]

ਅਖ਼ੀਰ ਵਿੱਚ, ਜਿੱਥੋਂ ਤੱਕ ਮਾਰਕਸ ਦੇ ਸਮਾਜਵਾਦ ਦੇ ਛੋਟੀ ਕਿਸਾਨੀ ਵੱਲ ਵਤੀਰੇ ਦਾ ਸਵਾਲ ਹੈ, ਜਿਹੜੀ ਕਿ ਲੋਟੂਆਂ ਦੇ ਲੁੱਟੇ ਜਾਣ ਦੇ ਦੌਰ ਵਿੱਚ ਕਾਇਮ ਰਹੇਗੀ, ਸਾਨੂੰ ਏਂਗਲਜ਼ ਦੇ ਐਲਾਨ ਦਾ ਹਵਾਲਾ ਦੇਣਾ ਚਾਹੀਦਾ ਹੈ, ਜਿਹੜਾ ਮਰਕਸ ਦੇ ਵਿਚਾਰਾਂ ਨੂੰ ਪ੍ਰਗਟ ਕਰਦਾ ਹੈ: "ਜਦੋਂ ਰਾਜ ਸੱਤਾ ਸਾਡੇ ਕਬਜ਼ੇ ਵਿੱਚ ਹੋਵੇਗੀ, ਅਸੀਂ ਛੋਟੇ ਕਿਸਾਨਾਂ ਨੂੰ ਜ਼ਬਰਦਸਤੀ ਜਾਇਦਾਦ-ਹੀਣ ਕਰਨ ਬਾਰੇ ਸੋਚਾਂਗੇ ਵੀ ਨਹੀਂ (ਇਵਜ਼ਾਨੇ ਤੋਂ ਬਿਨਾਂ ਜਾਂ ਇਵਜ਼ਾਨੇ ਦੇ ਨਾਲ਼, ਇਸ ਦਾ ਕੋਈ ਸਵਾਲ ਹੀ ਨਹੀਂ) ਜਿਵੇਂ ਕਿ ਸਾਨੂੰ ਵੱਡੇ ਭੂਮੀਪਤੀਆਂ ਦੀ ਸੂਰਤ ਵਿੱਚ ਕਰਨਾ ਪਵੇਗਾ। ਛੋਟੇ ਕਿਸਾਨ ਦੇ ਸਬੰਧ ਵਿੱਚ ਸਾਡਾ ਕਰਤੱਵ, ਪਹਿਲੀ ਥਾਂ ਉੱਤੇ, ਉਸ ਦੇ ਨਿੱਜੀ ਕਾਰੋਬਾਰ ਤੇ ਨਿੱਜੀ ਮਲਕੀਅਤ ਨੂੰ ਸਹਿਕਾਰੀ ਵਿੱਚ ਤਬਦੀਲ ਕਰਨਾ ਹੈ, ਜ਼ਬਰਦਸਤੀ ਨਹੀਂ ਸਗੋਂ ਉਦਾਹਰਣ ਰਾਹੀਂ ਤੇ ਇਸ ਮੰਤਵ ਲਈ ਸਮਾਜਕ ਸਹਾਇਤਾ ਦੀ ਪੇਸ਼ਕਸ਼ ਕਰਕੇ ਤੇ ਓਦੋਂ, ਬੇਸ਼ੱਕ, ਛੋਟੇ ਕਿਸਾਨ ਨੂੰ ਹੋਣ ਵਾਲ਼ੇ ਲਾਭ ਦਿਖਾਉਣ ਦੇ ਕਾਫ਼ੀ ਸਾਧਨ ਹੋਣਗੇ, ਜਿਹੜੇ ਲਾਭ ਕਿ ਉਸ ਨੂੰ ਅੱਜ ਵੀ ਪ੍ਰਤੱਖ ਹੋਣੇ ਚਾਹੀਦੇ ਹਨ" (ਏਂਗਲਜ਼, "ਫ਼ਰਾਂਸ ਤੇ ਜਰਮਨੀ ਵਿੱਚ ਕਿਸਾਨ ਮਸਲਾ", ਸਫਾ-17, ਅਲੈਕਸੇਯੇਵਾ ਵੱਲੋਂ ਪ੍ਰਕਾਸ਼ਤ।

ਰੂਸੀ ਅਨੁਵਾਦ ਵਿੱਚ ਕੁੱਝ ਗਲਤੀਆਂ ਹਨ। ਮੂਲ "Neue Zeit" ਵਿੱਚ ਛਪਿਆ ਸੀ।)[44]

## ਪ੍ਰੋਲੇਤਾਰੀ ਦੇ ਜਮਾਤੀ ਘੋਲ਼ ਦੇ ਦਾਅ-ਪੇਚ

1844-45 ਵਿੱਚ ਹੀ, ਪਹਿਲਾਂ ਦੇ ਪਦਾਰਥਵਾਦ ਦੀ ਇੱਕ ਮੁੱਖ ਕਮੀ, ਭਾਵ, ਹਾਲਤਾਂ ਨੂੰ ਸਮਝਣ ਜਾਂ ਅਮਲੀ ਇਨਕਲਾਬੀ ਸਰਗਰਮੀ ਦਾ ਮੁੱਲ ਪਾ ਸਕਣ ਦੀ ਇਸ ਦੀ ਅਯੋਗਤਾ ਦੀ ਨਿਰਖ-ਪਰਖ ਕਰਨ ਪਿੱਛੋਂ ਮਾਰਕਸ ਨੇ, ਆਪਣੇ ਸਿਧਾਂਤਕ ਕੰਮ ਦੇ ਨਾਲ਼ ਨਾਲ਼, ਆਪਣੀ ਸਾਰੀ ਜ਼ਿੰਦਗੀ, ਪ੍ਰੋਲੇਤਾਰੀ ਦੇ ਜਮਾਤੀ ਘੋਲ਼ ਦੇ ਦਾਅਪੇਚੀ ਮਸਲਿਆਂ ਵੱਲ ਨਿਰੰਤਰ ਧਿਆਨ ਦਿੱਤਾ। ਮਾਰਕਸ ਦੀਆਂ **ਸਾਰੀਆਂ** ਕਿਰਤਾਂ ਵਿੱਚ, ਖਾਸ ਕਰਕੇ, 1913 ਵਿੱਚ ਪ੍ਰਕਾਸ਼ਤ ਏਂਗਲਜ਼ ਨਾਲ਼ ਉਨ੍ਹਾਂ ਦੇ ਚਿੱਠੀ-ਪੱਤਰ ਦੀਆਂ ਚਾਰ ਸੈਂਚੀਆਂ ਵਿੱਚ, ਇਸ ਨਾਲ਼ ਸਬੰਧਤ ਅਥਾਹ ਮਸਾਲਾ ਸ਼ਾਮਲ ਹੈ। ਇਸ ਮਸਾਲੇ ਨੂੰ ਅਜੇ ਬਿਲਕੁੱਲ ਸਾਂਭਿਆ, ਇਕੱਠਾ ਕੀਤਾ, ਪੜ੍ਹਿਆ ਤੇ ਪਰਖਿਆ ਨਹੀਂ ਗਿਆ। ਇਸ ਲਈ ਸਾਨੂੰ ਆਪਣੇ ਆਪ ਨੂੰ ਆਮ ਤੇ ਸੰਖੇਪ ਟਿੱਪਣੀਆਂ ਤੱਕ ਸੀਮਤ ਰੱਖਣਾ ਪਵੇਗਾ, ਇਸ ਗੱਲ ਉੱਤੇ ਜ਼ੋਰ ਦੇਂਦਿਆਂ ਕਿ ਮਾਰਕਸ ਠੀਕ ਹੀ ਇਹ ਖਿਆਲ ਕਰਦੇ ਸਨ ਕਿ **ਇਸ** ਪੱਖ ਤੋਂ ਬਿਨਾਂ, ਪਦਾਰਥਵਾਦ ਅਧੂਰਾ, ਇੱਕਪਾਸੜ ਤੇ ਬੇਜਾਨ ਹੈ। ਪ੍ਰੋਲੇਤਾਰੀ ਦਾਅ-ਪੇਚਾਂ ਦੇ ਬੁਨਿਆਦੀ ਕਾਰਜਾਂ ਦੀ ਮਾਰਕਸ ਵੱਲੋਂ ਆਪਣੇ ਪਦਾਰਥਵਾਦੀ-ਦਵੰਦਾਤਮਕ ਸੰਸਾਰ-ਦ੍ਰਿਸ਼ਟੀਕੋਣ ਦੇ ਸਾਰੇ ਸੂਤਰਾਂ ਦੇ ਪੂਰੀ ਤਰ੍ਹਾਂ ਅਨੁਕੂਲ ਪ੍ਰੀਭਾਸ਼ਾ ਦਿੱਤੀ ਗਈ ਸੀ। ਕਿਸੇ ਖਾਸ ਸਮਾਜ ਵਿੱਚ ਬਿਲਕੁੱਲ ਸਾਰੀਆਂ ਜਮਾਤਾਂ ਵਿਚਲੇ ਸਬੰਧਾਂ ਦੇ ਕੁੱਲ ਸਮੂਹ ਉੱਤੇ ਬਾਹਰਮੁਖੀ ਤੌਰ 'ਤੇ ਵਿਚਾਰ ਕਰਨਾ ਹੀ ਤੇ ਇਸ ਦੇ ਸਿੱਟੇ ਵਜੋਂ, ਉਸ ਸਮਾਜ ਵੱਲੋਂ ਪ੍ਰਾਪਤ ਕੀਤੇ ਗਏ ਵਿਕਾਸ ਦੇ ਬਾਹਰਮੁਖੀ ਪੜਾਅ ਤੇ ਇਸ ਤੇ ਦੂਜੇ ਸਮਾਜਾਂ ਵਿਚਲੇ ਸਬੰਧਾਂ ਉੱਤੇ ਵਿਚਾਰ ਕਰਨਾ ਹੀ ਉੱਨਤ ਜਮਾਤ ਦੇ ਠੀਕ ਦਾਅ-ਪੇਚਾਂ ਲਈ ਅਧਾਰ ਦਾ ਕੰਮ ਦੇ ਸਕਦਾ ਹੈ। ਇਸ ਦੇ ਨਾਲ਼ ਹੀ, ਸਾਰੇ ਦੇਸ਼ਾਂ ਤੇ ਸਾਰੀਆਂ ਜਮਾਤਾਂ ਨੂੰ ਨਿਸਚਲ ਤੌਰ 'ਤੇ ਨਹੀਂ ਸਗੋਂ ਗਤੀਸ਼ੀਲ ਤੌਰ 'ਤੇ ਲਿਆ ਜਾਂਦਾ ਹੈ, ਭਾਵ ਗਤੀਹੀਣਤਾ ਦੀ ਅਵਸਥਾ ਵਿੱਚ ਨਹੀਂ, ਸਗੋਂ ਹਰਕਤ ਵਿੱਚ (ਜਿਸ ਦੇ ਕਾਨੂੰਨਾਂ ਨੂੰ ਹਰ ਜਮਾਤ ਦੀ ਹੋਂਦ ਦੀਆਂ ਆਰਥਕ ਹਾਲਤਾਂ ਨਿਸ਼ਚਿਤ ਕਰਦੀਆਂ ਹਨ)। ਹਰਕਤ ਨੂੰ, ਆਪਣੀ ਥਾਂ, ਸਿਰਫ਼ ਬੀਤੇ ਦੇ ਨਹੀਂ, ਸਗੋਂ ਭਵਿੱਖ ਦੇ ਵੀ ਦ੍ਰਿਸ਼ਟੀਕੋਣ ਤੋਂ ਲਿਆ ਜਾਂਦਾ ਹੈ, ਤੇ ਉਹ ਵੀ ਗੰਵਾਰੂ ਅਰਥਾਂ ਵਿੱਚ ਨਹੀਂ, ਜਿਨ੍ਹਾਂ ਵਿੱਚ "ਕ੍ਰਮ-ਵਿਕਾਸਵਾਦੀਆਂ" ਵੱਲੋਂ ਇਸ ਨੂੰ ਸਮਝਿਆ ਜਾਂਦਾ ਹੈ, ਜਿਹੜੇ ਸਿਰਫ਼ ਹੌਲ਼ੀ ਹੌਲ਼ੀ ਆਉਂਦੀਆਂ ਤਬਦੀਲੀਆਂ ਨੂੰ ਹੀ ਦੇਖਦੇ ਹਨ, ਸਗੋਂ ਦਵੰਦਾਤਮਕ ਤੌਰ 'ਤੇ: "...ਇਹੋ ਜਿਹੇ ਪੈਮਾਨੇ ਦੀਆਂ ਘਟਨਾਵਾਂ ਵਿੱਚ 20 ਸਾਲ ਇੱਕ ਦਿਨ ਨਾਲ਼ੋਂ ਜ਼ਿਆਦਾ ਨਹੀਂ ਹੁੰਦੇ," ਮਾਰਕਸ ਨੇ ਏਂਗਲਜ਼ ਨੂੰ ਲਿਖਿਆ, "ਭਾਵੇਂ ਮਗਰੋਂ ਜਾ ਕੇ ਐਸੇ ਦਿਨ ਵੀ ਆ ਸਕਦੇ ਹਨ, ਜਿਨ੍ਹਾਂ ਵਿੱਚੋਂ ਇੱਕ ਇੱਕ ਵਿੱਚ ਵੀਹ ਵੀਹ ਸਾਲ ਸਾਕਾਰ ਹੋਏ ਹੋਣ" ("ਚਿੱਠੀ-ਪੱਤਰ", ਸੈਂਚੀ-3, ਸਫਾ-127)।[45] ਵਿਕਾਸ ਦੇ ਹਰ ਪੜਾਅ ਉੱਤੇ, ਹਰ ਘੜੀ ਪ੍ਰੋਲੇਤਾਰੀ ਦਾਅਪੇਚਾਂ ਨੂੰ ਮਨੁੱਖਾ ਇਤਿਹਾਸ ਦੇ ਇਸ ਬਾਹਰਮੁਖੀ ਤੌਰ 'ਤੇ ਅਟੱਲ ਦਵੰਦ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਇੱਕ ਪਾਸੇ, ਉੱਨਤ ਜਮਾਤ

ਦੀ ਜਮਾਤੀ ਚੇਤੰਨਤਾ, ਤਾਕਤ ਤੇ ਜੁਝਾਰ ਭਾਵਨਾ ਦਾ ਵਿਕਾਸ ਕਰਨ ਲਈ ਰਾਜਸੀ ਖੜੋਤ, ਜਾਂ ਧੀਮੀ ਚਾਲ ਵਾਲ਼ੇ, ਅਖਾਉਤੀ "ਸ਼ਾਂਤਮਈ" ਵਿਕਾਸ ਦੇ ਦੌਰਾਂ ਨੂੰ ਵਰਤਦਿਆਂ ਤੇ ਦੂਜੇ ਪਾਸੇ, ਉਸ ਜਮਾਤ ਦੀ ਉੱਨਤੀ ਦੇ "ਅੰਤਮ ਨਿਸ਼ਾਨੇ" ਵੱਲ, ਮਹਾਨ ਦਿਨਾਂ ਵਿੱਚ ਮਹਾਨ ਕਾਰਜਾਂ ਲਈ ਅਮਲੀ ਹਲ ਲੱਭਣ ਦੀ ਯੋਗਤਾ ਪੈਦਾ ਕਰਨ ਲਈ ਇਸ ਦੀ ਵਰਤੋਂ ਦੇ ਸਾਰੇ ਕੰਮ ਨੂੰ "ਜਿਨ੍ਹਾਂ ਦਿਨਾਂ ਵਿੱਚ ਵੀਹ ਸਾਲ ਸਾਕਾਰ ਹਨ।" ਇਸ ਸਬੰਧ ਵਿੱਚ ਮਾਰਕਸ ਦੀਆਂ ਦੋ ਦਲੀਲਾਂ ਦੀ ਖਾਸ ਮਹੱਤਤਾ ਹੈ: ਇਹਨਾਂ ਵਿੱਚੋਂ ਇੱਕ "ਦਰਸ਼ਨ ਦੀ ਕੰਗਾਲੀ" ਵਿੱਚ ਦਿੱਤੀ ਗਈ ਹੈ ਤੇ ਪ੍ਰੋਲੇਤਾਰੀ ਦੇ ਆਰਥਕ ਘੋਲ਼ ਤੇ ਆਰਥਕ ਜਥੇਬੰਦੀ ਨਾਲ਼ ਸਬੰਧਤ ਹੈ; ਦੂਜੀ "ਕਮਿਊਨਿਸਟ ਮੈਨੀਫੈਸਟੋ" ਵਿੱਚ ਦਿੱਤੀ ਗਈ ਹੈ ਤੇ ਪ੍ਰੋਲੇਤਾਰੀ ਦੇ ਰਾਜਸੀ ਕਾਰਜਾਂ ਨਾਲ਼ ਸਬੰਧ ਰੱਖਦੀ ਹੈ। ਪਹਿਲੀ ਦਲੀਲ ਇਸ ਪ੍ਰਕਾਰ ਹੈ: "ਵੱਡੇ ਪੈਮਾਨੇ ਦੀ ਸਨਅਤ ਇੱਕ ਦੂਜੇ ਤੋਂ ਅਣਜਾਣ ਲੋਕਾਂ ਦੇ ਝੁੰਡ ਨੂੰ ਇੱਕ ਥਾਂ ਕੇਂਦਰਿਤ ਕਰਦੀ ਹੈ। ਮੁਕਾਬਲਾ ਉਹਨਾਂ ਦੇ ਹਿੱਤਾਂ ਨੂੰ ਵੰਡਦਾ ਹੈ। ਪਰ ਉਜਰਤਾਂ ਬਰਕਰਾਰ ਰੱਖਣਾ, ਜੋ ਕਿ ਆਪਣੇ ਮਾਲਕ ਦੇ ਖ਼ਿਲਾਫ਼ ਉਹਨਾਂ ਦਾ ਸਾਂਝਾ ਹਿੱਤ ਹੁੰਦਾ ਹੈ, ਉਹਨਾਂ ਨੂੰ ਵਿਰੋਧ, ਮੇਲ ਦੇ ਸਾਂਝੇ ਵਿਚਾਰ ਵਿੱਚ ਇਕਮੁੱਠ ਕਰਦਾ ਹੈ... ਇਹ ਮੇਲ, ਜਿਹੜੇ ਪਹਿਲਾਂ ਪਹਿਲਾਂ ਨਿਖੜੇ ਨਿਖੜੇ ਹੁੰਦੇ ਹਨ, ਆਪਣੇ ਆਪ ਨੂੰ ਗਰੁੱਪਾਂ ਵਿੱਚ ਇਕੱਠੇ ਕਰ ਲੈਂਦੇ ਹਨ... ਤੇ ਹਮੇਸ਼ਾ ਹੀ ਇਕਮੁੱਠ ਪੂੰਜੀ ਦੇ ਸਨਮੁੱਖ ਮੇਲ-ਜੋਲ ਨੂੰ ਕਾਇਮ ਰੱਖਣਾ, ਉਜਰਤਾਂ ਨੂੰ ਕਾਇਮ ਰੱਖਣ ਨਾਲ਼ੋਂ ਉਹਨਾਂ ਲਈ (ਭਾਵ ਮਜ਼ਦੂਰਾਂ ਲਈ) ਵਧੇਰੇ ਜ਼ਰੂਰੀ ਹੋ ਜਾਂਦਾ ਹੈ।... ਇਸ ਘੋਲ਼ ਵਿੱਚ—ਜੋ ਕਿ ਅਸਲੀ ਘਰੇਲੂ ਜੰਗ ਹੁੰਦਾ ਹੈ — ਆਉਣ ਵਾਲ਼ੇ ਘੋਲ਼ ਲਈ ਲੋੜੀਂਦੇ ਸਾਰੇ ਅਨਸਰ ਇਕਮੁੱਠ ਹੁੰਦੇ ਤੇ ਵਿਕਸਤ ਹੁੰਦੇ ਹਨ। ਇੱਕ ਵਾਰੀ ਜਦੋਂ ਇਹ ਇਸ ਨੁਕਤੇ ਤੱਕ ਪੁੱਜ ਜਾਂਦਾ ਹੈ, ਤਾਂ ਮੇਲ-ਜੋਲ ਰਾਜਸੀ ਖਾਸਾ ਧਾਰਨ ਕਰ ਜਾਂਦਾ ਹੈ।"[46] ਇੱਥੇ ਸਾਡੇ ਸਾਮ੍ਹਣੇ ਆਉਂਦੇ ਕਈ ਦਹਾਕਿਆਂ ਲਈ, ਉਸ ਸਾਰੇ ਲੰਮੇ ਸਮੇਂ ਲਈ, ਜਿਸ ਵਿੱਚ "ਆਉਂਦੇ ਘੋਲ਼" ਲਈ ਪ੍ਰੋਲੇਤਾਰੀ ਆਪਣੀਆਂ ਤਾਕਤਾਂ ਨੂੰ ਤਿਆਰ ਕਰਨਗੇ, ਆਰਥਕ ਘੋਲ਼ ਤੇ ਟਰੇਡ ਯੂਨੀਅਨ ਲਹਿਰ ਦਾ ਪ੍ਰੋਗਰਾਮ ਤੇ ਦਾਅ-ਪੇਚ ਰੱਖੇ ਗਏ ਹਨ। ਇਸ ਸਭ ਕੁੱਝ ਦਾ ਮੁਕਾਬਲਾ ਮਾਰਕਸ ਤੇ ਏਂਗਲਜ਼ ਵੱਲੋਂ ਬਰਤਾਨਵੀ ਮਜ਼ਦੂਰ ਲਹਿਰ ਵੱਲ ਅਣਗਿਣਤ ਹਵਾਲਿਆਂ ਨਾਲ਼ ਕੀਤਾ ਜਾਣਾ ਚਾਹੀਦਾ ਹੈ, ਜਿਹੜੇ ਦਰਸਾਉਂਦੇ ਹਨ ਕਿ ਸਨਅਤੀ "ਖੁਸ਼ਹਾਲੀ" ਕਿਵੇਂ "ਪ੍ਰੋਲੇਤਾਰੀ ਨੂੰ ਖਰੀਦਣ" ਵੱਲ ("ਚਿੱਠੀ-ਪੱਤਰ", ਸੈਂਚੀ-1, ਸਫਾ-136),[47] ਉਹਨਾਂ ਨੂੰ ਘੋਲ਼ ਤੋਂ ਲਾਂਭੇ ਲਿਜਾਣ ਵੱਲ ਲੈ ਜਾਂਦੀ ਹੈ; ਇਹ ਖੁਸ਼ਹਾਲੀ ਕਿਵੇਂ ਆਮ ਕਰਕੇ ਮਜ਼ਦੂਰਾਂ ਦੇ "ਹੌਸਲੇ ਤੋੜਦੀ ਹੈ" (ਸੈਂਚੀ-2, ਸਫਾ-218)[48]; ਬਰਤਾਨਵੀ ਪ੍ਰੋਲੇਤਾਰੀ ਦਾ ਕਿਵੇਂ "ਬੁਰਜੂਆਜ਼ੀਕਰਨ" ਹੁੰਦਾ ਹੈ— "ਇਹ ਸਭ ਤੋਂ ਵੱਧ ਬੁਰਜੂਆ ਕੌਮ, ਪ੍ਰਤੱਖ ਤੌਰ 'ਤੇ, ਬੁਰਜੂਆਜ਼ੀ ਦੇ ਨਾਲ਼ ਨਾਲ਼, ਬੁਰਜੂਆ ਅਮੀਰਸ਼ਾਹੀ ਤੇ ਬੁਰਜੂਆ ਪ੍ਰੋਲੇਤਾਰੀ ਨੂੰ ਕਾਇਮ ਕਰਨ ਦਾ ਅੰਤਮ ਨਿਸ਼ਾਨਾ ਰੱਖਦੀ ਹੈ" (ਸੈਂਚੀ-2, ਸਫਾ-290)[49]; ਇਸ ਦੀ "ਇਨਕਲਾਬੀ ਸ਼ਕਤੀ"[50] ਕਿਵੇਂ ਨੁੱਚੜ ਜਾਂਦੀ ਹੈ (ਸੈਂਚੀ-3, ਸਫਾ-124); ਕਿਵੇਂ ਵੱਧ ਜਾਂ ਘੱਟ ਲੰਮੇ ਸਮੇਂ ਲਈ ਉਡੀਕ ਕਰਨੀ ਪਵੇਗੀ, ਇਸ ਤੋਂ ਪਹਿਲਾਂ ਕਿ "ਬਰਤਾਨਵੀ ਮਜ਼ਦੂਰ ਆਪਣੀ ਪ੍ਰਤੱਖ

ਬੁਰਜੂਆ ਲਾਗ ਤੋਂ ਛੁਟਕਾਰਾ ਪਾ ਸਕਣ" (ਸੈਂਚੀ-3, ਸਫਾ-127)[51]; ਕਿਵੇਂ ਬਰਤਾਨਵੀ ਮਜ਼ਦੂਰ ਜਮਾਤ ਵਿੱਚ "ਚਾਰਟਿਸਟਾਂ ਵਾਲ਼ੀ ਦਲੇਰੀ ਦੀ ਘਾਟ ਹੈ"[52] (1866, ਸੈਂਚੀ-3, ਸਫਾ-305)[53]; ਕਿਵੇਂ ਬਰਤਾਨਵੀ ਮਜ਼ਦੂਰ ਆਗੂ "ਉਗਰਵਾਦੀ ਬੁਰਜੂਆ ਤੇ ਮਜ਼ਦੂਰ" ਦੇ ਵਿਚਕਾਰਲੀ ਕੋਈ ਚੀਜ਼ ਬਣਦੇ ਜਾ ਰਹੇ ਹਨ (ਹੋਲਯੋਆਕ ਦੇ ਸਬੰਧ ਵਿੱਚ, ਸੈਂਚੀ-4, ਸਫਾ-209)[54]; ਕਿਵੇਂ, ਬਰਤਾਨੀਆ ਦੀ ਅਜਾਰੇਦਾਰੀ ਕਰਕੇ, ਤੇ ਜਦੋਂ ਤੱਕ ਇਹ ਅਜਾਰੇਦਾਰੀ ਕਾਇਮ ਰਹਿੰਦੀ ਹੈ, "ਬਰਤਾਨਵੀ ਮਜ਼ਦੂਰ ਜ਼ਰਾ ਨਹੀਂ ਸਰਕਣਗੇ" (ਸੈਂਚੀ-4, ਸਫਾ-433)[55]। ਮਜ਼ਦੂਰ ਜਮਾਤ ਲਹਿਰ ਦੇ ਆਮ ਰਾਹ (**ਤੇ ਸਿੱਟੇ**) ਦੇ ਸਬੰਧ ਵਿੱਚ ਆਰਥਕ ਘੋਲ਼ ਦੇ ਦਾਅਪੇਚਾਂ ਉਪਰ ਇੱਥੇ ਸ਼ਾਨਦਾਰ ਤਰੀਕੇ ਨਾਲ਼ ਵਿਸ਼ਾਲ, ਸਰਬੰਗੀ, ਦਵੰਦਾਤਮਕ, ਤੇ ਸੱਚਮੁੱਚ ਦੇ ਇਨਕਲਾਬੀ ਦ੍ਰਿਸ਼ਟੀਕੋਣ ਤੋਂ ਵਿਚਾਰ ਕੀਤੀ ਗਈ ਹੈ।

"ਕਮਿਊਨਿਸਟ ਮੈਨੀਫੈਸਟੋ" ਨੇ ਰਾਜਸੀ ਘੋਲ਼ ਦੇ ਦਾਅਪੇਚਾਂ ਬਾਰੇ ਇੱਕ ਬੁਨਿਆਦੀ ਮਾਰਕਸਵਾਦੀ ਅਸੂਲ ਪੇਸ਼ ਕੀਤਾ: "ਫੌਰੀ ਨਿਸ਼ਾਨਿਆਂ ਦੀ ਪ੍ਰਾਪਤੀ ਲਈ, ਮਜ਼ਦੂਰ ਜਮਾਤ ਦੇ ਵਕਤੀ ਹਿੱਤਾਂ ਨੂੰ ਪੂਰਿਆਂ ਕਰਨ ਲਈ ਕਮਿਊਨਿਸਟ ਲੜਦੇ ਹਨ; ਪਰ ਵਰਤਮਾਨ ਦੀ ਲਹਿਰ ਵਿੱਚ, ਉਹ ਲਹਿਰ ਦੇ ਭਵਿੱਖ ਨੂੰ ਵੀ ਪੇਸ਼ ਕਰਦੇ ਤੇ ਉਸ ਦਾ ਖਿਆਲ ਰੱਖਦੇ ਹਨ।"[56] ਇਸ ਕਰਕੇ ਹੀ, 1848 ਵਿੱਚ ਮਾਰਕਸ ਨੇ ਪੋਲੈਂਡ ਵਿੱਚ "ਜ਼ਰੱਈ ਇਨਕਲਾਬ" ਦੀ ਪਾਰਟੀ ਦੀ ਹਿਮਾਇਤ ਕੀਤੀ, "ਜਿਸ ਪਾਰਟੀ ਨੇ 1846 ਵਿੱਚ ਕਰਾਕੋ ਬਗਾਵਤ ਕਰਾਈ ਸੀ।"[57] ਜਰਮਨੀ ਵਿੱਚ ਮਾਰਕਸ ਨੇ, 1848 ਤੇ 1849 ਵਿੱਚ, ਅਤਿਵਾਦੀ ਇਨਕਲਾਬੀ ਜਨਵਾਦੀਆਂ ਦੀ ਹਿਮਾਇਤ ਕੀਤੀ, ਤੇ ਉਸ ਵੇਲ਼ੇ ਉਨ੍ਹਾਂ ਨੇ ਦਾਅ-ਪੇਚਾਂ ਬਾਰੇ ਜੋ ਕੁੱਝ ਕਿਹਾ ਸੀ, ਮਗਰੋਂ ਉਸ ਤੋਂ ਕਦੀ ਪਿੱਛੇ ਨਹੀਂ ਸੀ ਹਟੇ। ਉਹ ਜਰਮਨ ਬੁਰਜੂਆਜ਼ੀ ਨੂੰ ਐਸਾ ਅਨਸਰ ਸਮਝਦੇ ਸਨ ਜਿਹੜਾ "ਸ਼ੁਰੂ ਤੋਂ ਹੀ ਲੋਕਾਂ ਨਾਲ਼ ਗ਼ੱਦਾਰੀ ਕਰਨ ਦਾ" (ਸਿਰਫ਼ ਕਿਸਾਨੀ ਨਾਲ਼ ਗਠਜੋੜ ਹੀ ਬੁਰਜੂਆਜ਼ੀ ਨੂੰ ਆਪਣੇ ਨਿਸ਼ਾਨੇ ਪ੍ਰਾਪਤ ਕਰਨ ਦੇ ਯੋਗ ਬਣਾ ਸਕਦਾ ਸੀ) "ਤੇ ਪੁਰਾਣੇ ਸਮਾਜ ਦੇ ਤਾਜਦਾਰ ਪ੍ਰਤੀਨਿੱਧਾਂ ਨਾਲ਼ ਸੁਲਹ-ਸਫਾਈ ਕਰਨ ਦਾ ਰੁਝਾਣ ਰੱਖਦਾ ਸੀ।" ਬੁਰਜੂਆ-ਜਮਹੂਰੀ ਇਨਕਲਾਬ ਦੇ ਦੌਰ ਵਿੱਚ ਜਰਮਨ ਬੁਰਜੂਆਜ਼ੀ ਦੀ ਜਮਾਤੀ ਪੁਜ਼ੀਸਨ ਦਾ ਮਾਰਕਸ ਵੱਲੋਂ ਨਿਚੋੜ ਇਸ ਪ੍ਰਕਾਰ ਹੈ — ਵੈਸੇ, ਇਹ ਐਸਾ ਵਿਸ਼ਲੇਸ਼ਣ ਹੈ, ਜਿਹੜਾ ਐਸੇ ਪਦਾਰਥਵਾਦ ਦੀ ਉਦਾਹਰਣ ਹੈ ਜਿਹੜਾ ਸਮਾਜ ਨੂੰ ਇਸ ਦੀ ਹਰਕਤ ਵਿੱਚ ਦੇਖਦਾ ਹੈ ਤੇ, ਨਾਲ਼ ਹੀ, ਸਿਰਫ਼ ਉਸ ਹਰਕਤ ਦੇ ਪੱਖੋਂ ਹੀ ਨਹੀਂ, ਜਿਹੜੀ **ਪਿੱਛੇ** ਨੂੰ ਜਾਂਦੀ ਹੈ; "ਆਪਣੇ ਆਪ ਵਿੱਚ ਵਿਸ਼ਵਾਸ ਤੋਂ ਸੱਖਣੀ, ਲੋਕਾਂ ਵਿੱਚ ਵਿਸ਼ਵਾਸ ਤੋਂ ਸੱਖਣੀ, ਉਪਰਲਿਆਂ ਉੱਤੇ ਬੁੜਬੁੜ ਕਰਦੀ ਹੋਈ, ਹੇਠਲਿਆਂ ਸਾਮ੍ਹਣੇ ਕੰਬਦੀ ਹੋਈ... ਸੰਸਾਰ ਤੂਫ਼ਾਨ ਦੀ ਡਰਾਈ ਹੋਈ... ਕਿਸੇ ਪੱਖੋਂ ਕੋਈ ਸ਼ਕਤੀ ਨਹੀਂ, ਹਰ ਪੱਖੋਂ ਦੂਜਿਆਂ ਦੀ ਨਕਲ... ਬਿਨਾਂ ਉੱਦਮ... ਇੱਕ ਘ੍ਰਿਣਾਯੋਗ ਬੁੱਢਾ ਜਿਹੜਾ ਰਿਸ਼ਟ-ਪੁਸ਼ਟ ਲੋਕਾਂ ਦੀਆਂ ਪਹਿਲੀਆਂ ਜਵਾਨੀਭਰੀਆਂ ਭਾਵਨਾਵਾਂ ਨੂੰ ਆਪਣੇ ਸਠਿਆਏ ਹਿੱਤਾਂ ਵਿੱਚ ਮੋੜਨ ਤੇ ਅਗਵਾਈ ਕਰਨ ਨੂੰ ਆਪਣੀ ਹੋਣੀ ਦੇਖਦਾ ਹੈ..." ("ਨਵਾਂ ਰ੍ਹਾਈਨੀ ਦੈਨਿਕ", 1848, ਦੇਖੋ "ਸਾਹਿਤਕ ਵਿਰਸਾ", ਸੈਂਚੀ-3, ਸਫਾ 212)।[58] ਲਗਭਗ ਵੀਹ ਸਾਲ ਮਗਰੋਂ, ਮਾਰਕਸ

ਨੇ ਏਂਗਲਜ਼ ਨੂੰ ਲਿਖੀ ਇੱਕ ਚਿੱਠੀ ਵਿੱਚ ਐਲਾਨ ਕੀਤਾ ("ਚਿੱਠੀ-ਪੱਤਰ", ਸੈਂਚੀ-3, ਸਫਾ-224) ਕਿ 1848 ਦਾ ਇਨਕਲਾਬ ਅਸਫਲ ਰਿਹਾ ਸੀ ਕਿਉਂਕਿ ਬੁਰਜੂਆਜ਼ੀ ਨੇ ਅਜ਼ਾਦੀ ਲਈ ਲੜਨ ਦੀ ਸਿਰਫ਼ ਸੰਭਾਵਨਾ ਨਾਲੋਂ ਗੁਲਾਮੀ ਨਾਲ਼ ਸੁਲਹ-ਸਫਾਈ ਕਰਨ ਨੂੰ ਤਰਜੀਹ ਦਿੱਤੀ ਸੀ। ਜਦੋਂ 1848-1849 ਦਾ ਇਨਕਲਾਬੀ ਦੌਰ ਖਤਮ ਹੋਇਆ, ਤਾਂ ਮਾਰਕਸ ਨੇ ਇਨਕਲਾਬ ਨਾਲ਼ ਖੇਡਣ ਦੇ ਕਿਸੇ ਵੀ ਯਤਨ ਦੀ ਵਿਰੋਧਤਾ ਕੀਤੀ (ਸ਼ੈਪਰ ਤੇ ਵਿਲਿਖ ਦੇ ਖ਼ਿਲਾਫ਼ ਉਨ੍ਹਾਂ ਦਾ ਘੋਲ਼) ਤੇ ਨਵੇਂ ਦੌਰ ਵਿੱਚ ਕੰਮ ਕਰਨ ਦੀ ਯੋਗਤਾ ਉੱਤੇ ਜ਼ੋਰ ਦਿੱਤਾ, ਜਿਹੜਾ ਅਰਧ-"ਸ਼ਾਂਤਮਈ" ਤਰੀਕੇ ਨਾਲ਼ ਨਵੇਂ ਇਨਕਲਾਬਾਂ ਨੂੰ ਤਿਆਰ ਕਰ ਰਿਹਾ ਸੀ। ਜਿਸ ਭਾਵਨਾ ਵਿੱਚ ਮਾਰਕਸ ਚਾਹੁੰਦੇ ਸਨ ਕਿ ਇਹ ਕੰਮ ਚਲਾਇਆ ਜਾਏ, ਉਹ ਭਾਵਨਾ ਜਰਮਨੀ ਵਿੱਚ 1856 ਵਿਚਲੀ ਹਾਲਤ, ਪਿਛਾਂਖੜ ਦੇ ਅਤਿ ਹਨ੍ਹੇਰੇ ਦੌਰ ਦੇ ਉਸ ਵੱਲੋਂ ਕੀਤੇ ਗਏ ਮੁਲੰਕਣ ਵਿੱਚ ਮਿਲਦੀ ਹੈ: "ਜਰਮਨੀ ਵਿੱਚ ਸਾਰੀ ਗੱਲ ਪ੍ਰੋਲੇਤਾਰੀ ਇਨਕਲਾਬ ਦਾ ਸਮਰਥਨ ਕਿਸਾਨ ਜੰਗ ਦੀ ਕਿਸੇ ਦੂਜੀ ਐਡੀਸ਼ਨ ਨਾਲ਼ ਕਰਨ ਦੀ ਸੰਭਾਵਨਾ ਉੱਤੇ ਨਿਰਭਰ ਕਰੇਗੀ" ("ਚਿੱਠੀ-ਪੱਤਰ", ਸੈਂਚੀ-2, ਸਫਾ-108)।[59] ਜਦ ਕਿ ਜਰਮਨੀ ਵਿੱਚ ਜਮਹੂਰੀ (ਬੁਰਜੂਆ) ਇਨਕਲਾਬ ਅਧੂਰਾ ਰਿਹਾ ਸੀ, ਮਾਰਕਸ ਨੇ ਸੋਸ਼ਲਿਸਟ ਪ੍ਰੋਲੇਤਾਰੀ ਦੇ ਦਾਅ-ਪੇਚਾਂ ਵਿੱਚ ਸਾਰਾ ਧਿਆਨ ਕਿਸਾਨੀ ਦੀ ਜਮਹੂਰੀ ਸ਼ਕਤੀ ਦਾ ਵਿਕਾਸ ਕਰਨ ਉੱਤੇ ਕੇਂਦਰਿਤ ਕੀਤਾ। ਉਨ੍ਹਾਂ ਦਾ ਖਿਆਲ ਸੀ ਕਿ ਲਾਸਾਲ ਦਾ ਵਤੀਰਾ "ਬਾਹਰਮੁਖੀ ਤੌਰ 'ਤੇ ਪਰੂਸ਼ੀਆ ਵਿੱਚ ਸਾਰੀ ਮਜ਼ਦੂਰ ਲਹਿਰ ਨਾਲ਼ ਗ਼ੱਦਾਰੀ ਹੈ" (ਸੈਂਚੀ-3, ਸਫਾ-210)[60], ਵੈਸਾ ਇੱਥੇ ਇਹ ਦੱਸ ਦੇਈਏ, ਕਿਉਂਕਿ ਲਾਸਾਲ ਜੁੰਕਰਾਂ ਤੇ ਪਰੂਸ਼ੀਆਈ ਕੌਮਪ੍ਰਸਤੀ ਵੱਲ ਸਹਿਣਸ਼ੀਲ ਵਤੀਰਾ ਰੱਖਦਾ ਸੀ। "ਪ੍ਰਧਾਨ ਤੌਰ 'ਤੇ ਕਿਸਾਨ ਦੇਸ਼ ਵਿੱਚ", ਏਂਗਲਜ਼ ਨੇ ਪ੍ਰੈਸ ਵਿੱਚ ਆਪਣੇ ਦੋਹਾਂ ਵੱਲੋਂ ਦਿੱਤੇ ਜਾਣ ਵਾਲ਼ੇ ਸਾਂਝੇ ਐਲਾਨਨਾਮੇ ਬਾਰੇ ਮਾਰਕਸ ਨਾਲ਼ ਵਿਚਾਰ ਵਟਾਂਦਰਾ ਕਰਦਿਆਂ 1865 ਵਿੱਚ ਲਿਖਿਆ, "...ਸਨਅਤੀ ਪ੍ਰੋਲੇਤਾਰੀ ਦੇ ਨਾਂ ਉੱਤੇ ਬੁਰਜੂਆਜ਼ੀ ਉੱਤੇ ਨਿਵੇਕਲਾ ਹਮਲਾ ਕਰਨਾ ਤੇ ਮਹਾਨ ਸਾਮੰਤੀ ਅਮੀਰਸ਼ਾਹੀ ਦੀ ਚਾਬਕ ਹੇਠ ਪੇਂਡੂ ਪ੍ਰੋਲੇਤਾਰੀ ਦੀ ਪਿਤਾਪੁਰਖੀ ਲੁੱਟ-ਖਸੁੱਟ ਬਾਰੇ ਕਦੀ ਇੱਕ ਲਫ਼ਜ਼ ਵੀ ਨਾ ਕਹਿਣਾ ਬੁਜ਼ਦਿਲੀ ਹੈ" (ਸੈਂਚੀ-3, ਸਫਾ-217)।[61] 1864 ਤੋਂ 1870 ਤੱਕ, ਜਦੋਂ ਜਰਮਨੀ ਵਿੱਚ ਬੁਰਜੂਆ-ਜਮਹੂਰੀ ਇਨਕਲਾਬ ਦੇ ਨੇਪਰੇ ਚੜ੍ਹਨ ਦਾ ਦੌਰ ਖਤਮ ਹੋ ਰਿਹਾ ਸੀ, ਉਹ ਦੌਰ ਜਿਸ ਵਿੱਚ ਪਰੂਸ਼ੀਆ ਤੇ ਆਸਟਰੀਆ ਦੀਆਂ ਲੋਟੂ ਜਮਾਤਾਂ ਇੱਕ ਜਾਂ ਦੂਜੇ ਤਰੀਕੇ ਨਾਲ਼ ਉਸ ਇਨਕਲਾਬ ਨੂੰ **ਉੱਪਰ ਵੱਲੋਂ** ਪੂਰਾ ਕਰਨ ਲਈ ਘੋਲ਼ ਕਰ ਰਹੀਆਂ ਸਨ, ਤਾਂ ਮਾਰਕਸ ਨੇ ਨਾ ਸਿਰਫ਼ ਲਾਸਾਲ ਨੂੰ ਹੀ ਬੁਰਾ-ਭਲਾ ਕਿਹਾ, ਜਿਹੜਾ ਬਿਸਮਾਰਕ ਨਾਲ਼ ਅੱਖ-ਮਟੱਕਾ ਕਰ ਰਿਹਾ ਸੀ, ਸਗੋਂ ਲੀਬਕਨੇਖਤ ਦੀ ਭੁੱਲ ਨੂੰ ਵੀ ਠੀਕ ਕੀਤਾ ਜਿਹੜਾ "ਆਸਟਰੀਆ-ਭਗਤੀ" ਤੇ ਵਿਸ਼ਿਸ਼ਟਤਾਵਾਦ ਦੀ ਰਾਖੀ ਕਰਨ ਵਿੱਚ ਜਾ ਡਿੱਗਾ ਸੀ; ਮਾਰਕਸ ਇਨਕਲਾਬੀ ਦਾਅ-ਪੇਚਾਂ ਦੀ ਮੰਗ ਕਰਦੇ ਸਨ ਜਿਹੜੇ ਬਿਸਮਾਰਕ ਤੇ ਆਸਟਰੀਆ-ਭਗਤਾਂ ਦਾ ਇੱਕੋ ਜਿੰਨੀ ਬੇਕਿਰਕੀ ਨਾਲ਼ ਮੁਕਾਬਲਾ ਕਰਦੇ ਹੋਣ, ਐਸੇ ਦਾਅ-ਪੇਚ ਜਿਹੜੇ "ਜੇਤੂ" — ਪਰੂਸ਼ੀਆਈ ਜੁੰਕਰ[62] — ਦੇ ਹਿਸਾਬ ਨਾਲ਼ ਨਹੀਂ ਅਨੁਕੂਲੇ ਜਾਣਗੇ, ਸਗੋਂ ਜਿਹੜੇ ਪਰੂਸ਼ੀਆ

ਦੀਆਂ ਫੌਜੀ ਜਿੱਤਾ ਵੱਲੋਂ ਪੈਦਾ ਕੀਤੀਆਂ ਗਈਆਂ **ਹਾਲਤਾਂ** ਦੇ ਬਾਵਜੂਦ, ਉਸਦੇ ਖ਼ਿਲਾਫ਼ ਇਨਕਲਾਬੀ ਘੋਲ਼ ਨੂੰ ਤੁਰੰਤ ਨਵਾਂ ਰੂਪ ਦੇਣਗੇ ("ਚਿੱਠੀ-ਪੱਤਰ", ਸੈਂਚੀ-3, ਸਫੇ-134, 136, 147, 179, 204, 210, 215, 418, 437, 440-41)।[63] 9 ਸਤੰਬਰ, 1870 ਦੇ ਇੰਟਰਨੈਸ਼ਨਲ ਦੇ ਪ੍ਰਸਿੱਧ ਸੰਦੇਸ਼-ਪੱਤਰ ਵਿੱਚ ਮਾਰਕਸ ਨੇ ਫ਼ਰਾਂਸੀਸੀ ਪ੍ਰੋਲੇਤਾਰੀ ਨੂੰ ਕੁਵੇਲੇ ਦੀ ਬਗਾਵਤ ਦੇ ਖ਼ਿਲਾਫ਼ ਚੇਤਾਵਨੀ ਦਿੱਤੀ, ਪਰ ਜਦੋਂ ਇਨਕਲਾਬ ਤਾਂ ਵੀ ਵਾਪਰ ਹੀ ਗਿਆ (1871), ਤਾਂ ਮਾਰਕਸ ਨੇ ਜਨਸਮੂਹਾਂ ਦੇ ਇਨਕਲਾਬੀ ਉਦਮ ਦਾ ਪੁਰਜੋਸ਼ ਸੁਆਗਤ ਕੀਤਾ, ਜਿਹੜੇ "ਅਰਸ਼ਾਂ ਉੱਤੇ ਧਾਵਾ ਬੋਲ ਰਹੇ ਸਨ" (ਕੁਗੇਲਮਾਨ ਨੂੰ ਮਾਰਕਸ ਦੀ ਚਿੱਠੀ)।[64] ਮਾਰਕਸ ਦੇ ਦਵੰਦਾਤਮਕ ਪਦਾਰਥਵਾਦ ਦੇ ਦ੍ਰਿਸ਼ਟੀਕੋਣ ਤੋਂ, ਉਸ ਹਾਲਤ ਵਿੱਚ, ਜਿਵੇਂ ਕਿ ਕਈ ਹੋਰ ਹਾਲਤਾਂ ਵਿੱਚ, ਇਨਕਲਾਬੀ ਕਾਰਵਾਈ ਦੀ ਹਾਰ, ਪ੍ਰੋਲੇਤਾਰੀ ਘੋਲ਼ ਦੇ ਆਮ ਵਹਿਣ ਤੇ **ਸਿੱਟੇ ਵਿੱਚ**, ਜਿੱਤੇ ਜਾ ਚੁੱਕੇ ਮੋਰਚੇ ਨੂੰ ਤਿਆਗਣ ਨਾਲ਼ੋਂ, ਬਿਨਾਂ ਲੜਾਈ ਹਥਿਆਰ ਸੁੱਟਣ ਨਾਲ਼ੋਂ ਛੁਟੇਰੀ ਬੁਰਾਈ ਹੋਵੇਗੀ। ਇਸ ਤਰ੍ਹਾਂ ਨਾਲ਼ ਹਥਿਆਰ ਸੁੱਟਣਾ ਪ੍ਰੋਲੇਤਾਰੀ ਦੇ ਹੌਸਲੇ ਢਾਹ ਦੇਂਦਾ ਤੇ ਉਹਨਾਂ ਦੀ ਜੁਝਾਰਤਾ ਨੂੰ ਕਮਜ਼ੋਰ ਕਰ ਦੇਂਦਾ। ਰਾਜਸੀ ਖੜੋਤ ਤੇ ਬੁਰਜੂਆ ਕਾਨੂੰਨੀਅਤ ਦੇ ਗਲਬੇ ਦੇ ਦੌਰਾਂ ਵਿੱਚ ਘੋਲ਼ ਦੇ ਕਾਨੂੰਨੀ ਸਾਧਨਾਂ ਦੀ ਵਰਤੋਂ ਦੀ ਪੂਰੀ ਤਰ੍ਹਾਂ ਕਦਰ ਕਰਦਿਆਂ, ਮਾਰਕਸ ਨੇ 1877 ਤੇ 1878 ਵਿੱਚ, ਸੋਸ਼ਲਿਸਟਾਂ ਵਿਰੁੱਧ ਅਸਾਧਾਰਨ ਕਾਨੂੰਨ[65] ਦੇ ਪਾਸ ਹੋਣ ਮਗਰੋਂ, ਮੋਸਤ ਦੀ "ਇਨਕਲਾਬੀ ਫਿਕਰੇਬਾਜ਼ੀ" ਦੀ ਤਿੱਖੀ ਨਿਖੇਧੀ ਕੀਤੀ; ਜੇ ਜ਼ਿਆਦਾ ਨਹੀਂ, ਤਾਂ ਏਨੀ ਹੀ ਤਿੱਖੀ ਤਰ੍ਹਾਂ ਉਨ੍ਹਾਂ ਨੇ ਮੌਕਾਪ੍ਰਸਤੀ ਦੀ ਆਲੋਚਨਾ ਕੀਤੀ ਜਿਹੜੀ ਕੁੱਝ ਸਮੇਂ ਲਈ ਅਧਿਕਾਰਿਤ ਸੋਸ਼ਲ-ਡੈਮੋਕਰੈਟਿਕ ਪਾਰਟੀ ਉੱਤੇ ਛਾ ਗਈ ਸੀ, ਜਿਸ ਨੇ ਕਿ ਇੱਕ ਦਮ ਸੋਸ਼ਲਿਸਟਾਂ ਵਿਰੁੱਧ ਅਸਾਧਾਰਨ ਕਾਨੂੰਨ ਦੇ ਜਵਾਬ ਵਿੱਚ ਗ਼ੈਰ-ਕਾਨੂੰਨੀ ਘੋਲ਼ ਵੱਲ ਆਉਣ ਲਈ ਦ੍ਰਿੜ੍ਹਤਾ, ਪਕਿਆਈ, ਇਨਕਲਾਬੀ ਭਾਵਨਾ ਤੇ ਤਤਪਰਤਾ ਦਾ ਪ੍ਰਗਟਾਵਾ ਨਹੀਂ ਸੀ ਕੀਤਾ ("ਚਿੱਠੀ-ਪੱਤਰ", ਸੈਂਚੀ-4, ਸਫੇ- 397, 404, 418, 422, 424,[66] ਨਾਲ਼ੇ ਦੇਖੋ, ਜ਼ੋਰਗੇ ਨੂੰ ਚਿੱਠੀ)।

ਜੁਲਾਈ-ਨਵੰਬਰ 1914 ਵਿੱਚ ਲਿਖਿਆ।

# .ਫ਼ਰੈਡਰਿਕ ਏਂਗਲਜ਼

ਬੁੱਧੀ ਦੀ ਕੈਸੀ ਮਿਸ਼ਾਲ ਅੱਜ ਬੁਝ ਗਈ
ਅੱਜ ਕੈਸਾ ਦਿਲ ਧੜਕਣੋਂ ਰੁਕ ਗਿਆ[67]

5 ਅਗਸਤ (ਨਵੇਂ ਕਲੰਡਰ ਅਨੁਸਾਰ), 1895 ਨੂੰ .ਫ਼ਰੈਡਰਿਕ ਏਂਗਲਜ਼ ਲੰਡਨ ਵਿੱਚ ਚੱਲ ਵੱਸੇ। ਆਪਣੇ ਮਿੱਤਰ ਕਾਰਲ ਮਾਰਕਸ ਤੋਂ ਮਗਰੋਂ (ਜਿਹੜੇ 1883 ਵਿੱਚ ਪੂਰਾ ਹੋਏ ਸਨ), ਏਂਗਲਜ਼ ਸਾਰੇ ਸਭਿਅ ਸੰਸਾਰ ਵਿੱਚ ਆਧੁਨਿਕ ਪ੍ਰੋਲੇਤਾਰੀ ਦੇ ਸਭ ਤੋਂ ਯੋਗ ਵਿਦਵਾਨ ਤੇ ਅਧਿਆਪਕ ਸਨ। ਉਸੇ ਸਮੇਂ ਤੋਂ ਹੀ, ਜਦੋਂ ਹੋਣੀ ਨੇ ਕਾਰਲ ਮਾਰਕਸ ਤੇ ਫ਼ਰੈਡਰਿਕ ਏਂਗਲਜ਼ ਨੂੰ ਮਿਲਾਇਆ, ਦੋਹਾਂ ਦੋਸਤਾਂ ਨੇ ਆਪਣੇ ਜੀਵਨ ਦਾ ਕੰਮ ਸਾਂਝੇ ਉਦੇਸ਼ ਦੇ ਲੇਖੇ ਲਾ ਦਿੱਤਾ। ਇਸ ਲਈ, ਇਹ ਸਮਝਣ ਲਈ ਕਿ .ਫ਼ਰੈਡਰਿਕ ਏਂਗਲਜ਼ ਨੇ ਪ੍ਰੋਲੇਤਾਰੀ ਲਈ ਕੀ ਕੀਤਾ ਹੈ, ਸਾਨੂੰ ਸਮਕਾਲੀ ਮਜ਼ਦੂਰ ਜਮਾਤ ਲਹਿਰ ਦੇ ਵਿਕਾਸ ਲਈ ਮਾਰਕਸ ਦੀ ਸਿੱਖਿਆ ਤੇ ਕੰਮ ਦੀ ਮਹੱਤਤਾ ਦਾ ਸਪੱਸ਼ਟ ਅੰਦਾਜ਼ਾ ਹੋਣਾ ਚਾਹੀਦਾ ਹੈ। ਮਾਰਕਸ ਤੇ ਏਂਗਲਜ਼ ਇਹ ਦਿਖਾਉਣ ਵਾਲ਼ੇ ਪਹਿਲੇ ਵਿਅਕਤੀ ਸਨ ਕਿ ਮਜ਼ਦੂਰ ਜਮਾਤ ਤੇ ਇਸ ਦੀਆਂ ਮੰਗਾਂ ਮੌਜੂਦਾ ਆਰਥਕ ਪ੍ਰਣਾਲੀ ਦਾ ਲਾਜ਼ਮੀ ਸਿੱਟਾ ਹਨ, ਜਿਹੜੀ ਕਿ ਬੁਰਜੂਆਜ਼ੀ ਦੇ ਨਾਲ਼ ਅਟੱਲ ਤੌਰ ’ਤੇ ਪ੍ਰੋਲੇਤਾਰੀ ਨੂੰ ਪੈਦਾ ਕਰਦੀ ਹੈ ਅਤੇ ਜਥੇਬੰਦ ਕਰਦੀ ਹੈ। ਉਹਨਾਂ ਨੇ ਦਰਸਾਇਆ ਕਿ ਉੱਤਮ ਵਿਚਾਰਾਂ ਵਾਲ਼ੇ ਵਿਅਕਤੀਆਂ ਦੇ ਸਦਭਾਵੀ ਯਤਨ ਨਹੀਂ, ਸਗੋਂ ਜਥੇਬੰਦ ਪ੍ਰੋਲੇਤਾਰੀ ਦਾ ਜਮਾਤੀ ਘੋਲ਼ ਹੈ, ਜਿਹੜਾ ਮਨੁੱਖਤਾ ਦੀ ਉਹਨਾਂ ਬੁਰਾਈਆਂ ਤੋਂ ਮੁਕਤੀ ਕਰਾਏਗਾ, ਜਿਨ੍ਹਾਂ ਨੇ ਉਸ ਨੂੰ ਇਸ ਵੇਲ਼ੇ ਦਬਾਇਆ ਹੋਇਆ ਹੈ। ਆਪਣੀਆਂ ਵਿਗਿਆਨਕ ਕਿਰਤਾਂ ਵਿੱਚ, ਮਾਰਕਸ ਤੇ ਏਂਗਲਜ਼ ਇਸ ਗੱਲ ਦੀ ਵਿਆਖਿਆ ਕਰਨ ਵਾਲ਼ੇ ਪਹਿਲੇ ਵਿਅਕਤੀ ਸਨ ਕਿ ਸੋਸ਼ਲਿਜ਼ਮ ਕੋਈ ਸੁਪਨਕਾਰਾਂ ਦੀ ਕਾਢ ਨਹੀਂ, ਸਗੋਂ ਆਧੁਨਿਕ ਸਮਾਜ ਵਿੱਚ ਉਤਪਾਦਨਕਾਰੀ ਸ਼ਕਤੀਆਂ ਦੇ ਵਿਕਾਸ ਦਾ ਅੰਤਮ ਨਿਸ਼ਾਨਾ ਤੇ ਅਟੱਲ ਸਿੱਟਾ ਹੈ। ਹੁਣ ਤੱਕ ਦਾ ਸਾਰਾ ਲਿਖਿਆ ਇਤਿਹਾਸ ਜਮਾਤੀ ਘੋਲ਼ ਦਾ, ਕੁੱਝ ਸਮਾਜਕ ਜਮਾਤਾਂ ਵੱਲੋਂ ਦੂਜੀਆਂ ਉੱਪਰ ਜਿੱਤ ਤੇ ਉਹਨਾਂ ਦੀ ਹਕੂਮਤ ਦੀ ਥਾਂ ਆਪਣੀ ਹਕੂਮਤ ਕਾਇਮ ਕਰਨ ਦਾ ਇਤਿਹਾਸ ਰਿਹਾ ਹੈ ਤੇ ਇੰਝ ਜਾਰੀ ਰਹੇਗਾ, ਜਦੋਂ ਤੱਕ ਜਮਾਤੀ ਘੋਲ਼ ਤੇ ਜਮਾਤੀ ਗਲਬੇ ਦੀਆਂ ਬੁਨਿਆਦੀ—ਨਿੱਜੀ ਜਾਇਦਾਦ ਤੇ ਅਰਾਜਕਤਾ ਵਾਲ਼ਾ ਸਮਾਜੀ ਉਤਪਾਦਨ— ਖਤਮ ਨਹੀਂ ਹੋ ਜਾਂਦੀਆਂ। ਪ੍ਰੋਲੇਤਾਰੀ ਦੇ ਹਿੱਤ ਇਹਨਾਂ ਬੁਨਿਆਦੀ ਤੇ ਖਾਤਮੇ ਦੀ ਮੰਗ ਕਰਦੇ ਹਨ ਤੇ ਇਸ ਲਈ ਜਥੇਬੰਦ ਮਜ਼ਦੂਰਾਂ ਦੇ ਚੇਤੰਨ ਜਮਾਤੀ ਘੋਲ਼ ਨੂੰ

ਉਹਨਾਂ ਦੇ ਖ਼ਿਲਾਫ਼ ਸੇਧਿਆਂ ਜਾਣਾ ਚਾਹੀਦਾ ਹੈ ਤੇ ਹਰ ਜਮਾਤੀ ਘੋਲ਼ ਰਾਜਸੀ ਘੋਲ਼ ਹੁੰਦਾ ਹੈ।

ਮਾਰਕਸ ਤੇ ਏਂਗਲਜ਼ ਦੇ ਇਹ ਵਿਚਾਰ ਹੁਣ ਸਾਰੇ ਪ੍ਰੋਲੇਤਾਰੀਆਂ ਵੱਲੋਂ ਅਪਣਾਏ ਜਾ ਚੁੱਕੇ ਹਨ, ਜਿਹੜੇ ਆਪਣੀ ਮੁਕਤੀ ਲਈ ਲੜ ਰਹੇ ਹਨ। ਪਰ ਜਦੋਂ 40ਵਿਆਂ ਵਿੱਚ ਦੋਹਾਂ ਦੋਸਤਾਂ ਨੇ ਸੋਸ਼ਲਿਜ਼ਮ ਸਾਹਿਤ ਵਿਚ ਤੇ ਆਪਣੇ ਸਮੇਂ ਦੀਆਂ ਸਮਾਜਕ ਲਹਿਰਾਂ ਵਿੱਚ ਹਿੱਸਾ ਲਿਆ ਤਾਂ ਇਹ ਵਿਚਾਰ ਬਿਲਕੁੱਲ ਨਵੇਂ ਸਨ। ਓਦੋਂ ਕਈ ਲੋਕ ਸਨ, ਗੁਣੀ ਤੇ ਗੁਣਹੀਣ, ਈਮਾਨਦਾਰ ਤੇ ਬੇਈਮਾਨ, ਜਿਹੜੇ ਰਾਜਸੀ ਅਜ਼ਾਦੀ ਲਈ ਘੋਲ਼ ਵਿੱਚ, ਬਾਦਸ਼ਾਹਾਂ, ਪੁਲਿਸ ਤੇ ਪਾਦਰੀਆਂ ਦੀ ਧੱਕੜਸ਼ਾਹੀ ਦੇ ਖ਼ਿਲਾਫ਼ ਘੋਲ਼ ਵਿੱਚ ਖੁਭੇ ਹੋਏ, ਬੁਰਜੂਆਜ਼ੀ ਤੇ ਪ੍ਰੋਲੇਤਾਰੀ ਦੇ ਹਿੱਤਾਂ ਵਿਚਲੇ ਵਿਰੋਧ ਨੂੰ ਦੇਖਣ ਤੋਂ ਅਸਮਰੱਥ ਰਹੇ ਸਨ। ਇਹ ਲੋਕ ਇਸ ਵਿਚਾਰ ਨੂੰ ਕਬੂਲ ਕਰਨ ਲਈ ਤਿਆਰ ਨਹੀਂ ਸਨ ਕਿ ਮਜ਼ਦੂਰ ਇੱਕ ਸਵੈਧੀਨ ਸਮਾਜਕ ਸ਼ਕਤੀ ਵਜੋਂ ਕੰਮ ਕਰਨ। ਦੂਜੇ ਪਾਸੇ, ਕਈ ਸੁਪਨਕਾਰ ਸਨ, ਜਿਨ੍ਹਾਂ ਵਿੱਚੋਂ ਕਈ ਪ੍ਰਤਿਭਾ ਵਾਲ਼ੇ ਵੀ ਸਨ, ਜਿਹੜੇ ਇਹ ਖਿਆਲ ਕਰਦੇ ਸਨ ਕਿ ਹਾਕਮਾਂ ਨੂੰ ਤੇ ਹਕੂਮਤ ਕਰਦੀਆਂ ਜਮਾਤਾਂ ਨੂੰ ਸਮਕਾਲੀ ਸਮਾਜਕ ਵਿਵਸਥਾ ਦੇ ਅਨਿਆਂ ਬਾਰੇ ਯਕੀਨ ਕਰਾਉਣ ਦੀ ਹੀ ਸਿਰਫ਼ ਲੋੜ ਹੈ ਤੇ ਫਿਰ ਧਰਤੀ ਉੱਤੇ ਅਮਨ ਤੇ ਸਰਬ ਕਲਿਆਣ ਸਥਾਪਤ ਕਰਨਾ ਸੌਖਾ ਹੋ ਜਾਏਗਾ। ਉਹ ਘੋਲ਼ ਤੋਂ ਬਿਨਾਂ ਸੋਸ਼ਲਿਜ਼ਮ ਦਾ ਸੁਪਨਾ ਲੈਂਦੇ ਸਨ। ਆਖ਼ਰੀ ਗੱਲ, ਉਸ ਸਮੇਂ ਦੇ ਲਗਭਗ ਸਾਰੇ ਸੋਸ਼ਲਿਸਟ ਤੇ ਮਜ਼ਦੂਰ ਜਮਾਤ ਦੇ ਦੋਸਤ ਆਮ ਕਰਕੇ ਪ੍ਰੋਲੇਤਾਰੀ ਨੂੰ ਸਿਰਫ਼ ਇੱਕ **ਫੋੜਾ** ਹੀ ਸਮਝਦੇ ਸਨ ਤੇ ਬੁਰੀ ਤਰ੍ਹਾਂ ਡਰੇ ਹੋਏ ਦੇਖਦੇ ਸਨ ਕਿ ਸਨਅਤ ਦੇ ਵਾਧੇ ਨਾਲ਼ ਇਹ ਫੋੜਾ ਕਿਵੇਂ ਵੱਧਦਾ ਜਾ ਰਿਹਾ ਹੈ। ਇਸ ਲਈ ਉਹ ਸਾਰੇ ਹੀ ਸਨਅਤ ਦੇ ਤੇ ਪ੍ਰੋਲੇਤਾਰੀ ਦੇ ਵਿਕਾਸ ਨੂੰ ਰੋਕਣ ਦੇ, "ਇਤਿਹਾਸ ਦੇ ਪਹੀਏ" ਨੂੰ ਰੋਕਣ ਦੇ ਸਾਧਨ ਲੱਭਦੇ ਸਨ। ਇਸ ਦੇ ਉਲਟ, ਮਾਰਕਸ ਤੇ ਏਂਗਲਜ਼ ਨੇ ਪ੍ਰੋਲੇਤਾਰੀ ਦੇ ਵਿਕਾਸ ਦੇ ਆਮ ਡਰ ਵਿੱਚ ਭਿਆਲ ਹੋਣਾ ਤਾਂ ਦੂਰ ਦੀ ਗੱਲ; ਆਪਣੀਆਂ ਸਾਰੀਆਂ ਆਸਾਂ ਪ੍ਰੋਲੇਤਾਰੀ ਦੇ ਲਗਾਤਾਰ ਵਾਧੇ ਉੱਤੇ ਲਾਈਆਂ ਹੋਈਆਂ ਸਨ। ਜਿੰਨੇ ਜ਼ਿਆਦਾ ਪ੍ਰੋਲੇਤਾਰੀ ਹੋਣਗੇ, ਇਨਕਲਾਬੀ ਜਮਾਤ ਵਜੋਂ ਉਹਨਾਂ ਦੀ ਤਾਕਤ ਓਨੀ ਹੀ ਜ਼ਿਆਦਾ ਹੋਵੇਗੀ ਤੇ ਸੋਸ਼ਲਿਜ਼ਮ ਓਨਾਂ ਹੀ ਨੇੜੇ ਤੇ ਵਧੇਰੇ ਸੰਭਵ ਹੋ ਜਾਏਗਾ। ਮਾਰਕਸ ਤੇ ਏਂਗਲਜ਼ ਵੱਲੋਂ ਮਜ਼ਦੂਰ ਜਮਾਤ ਦੀ ਕੀਤੀ ਗਈ ਸੇਵਾ ਨੂੰ ਕੁੱਝ ਲਫਜ਼ਾਂ ਵਿੱਚ ਇਸ ਤਰ੍ਹਾਂ ਪ੍ਰਗਟ ਕੀਤਾ ਜਾ ਸਕਦਾ ਹੈ: ਉਹਨਾਂ ਨੇ ਮਜ਼ਦੂਰ ਜਮਾਤ ਨੂੰ ਸਿਖਾਇਆ ਕਿ ਇਹ ਆਪਣੇ ਆਪ ਨੂੰ ਜਾਣੇ, ਆਪਣੇ ਆਪ ਤੋਂ ਚੇਤੰਨ ਹੋਵੇ ਤੇ ਉਹਨਾਂ ਨੇ ਸੁਪਨਿਆਂ ਦੀ ਥਾਂ ਵਿਗਿਆਨ ਦਾ ਬਦਲ ਪੇਸ਼ ਕੀਤਾ।

ਇਹੀ ਕਾਰਨ ਹੈ ਕਿ ਏਂਗਲਜ਼ ਦੇ ਨਾਂ ਤੇ ਜੀਵਨ ਤੋਂ ਹਰ ਮਜ਼ਦੂਰ ਨੂੰ ਜਾਣੂ ਹੋਣਾ ਚਾਹੀਦਾ ਹੈ। ਇਹੀ ਕਾਰਨ ਹੈ ਕਿ ਲੇਖਾਂ ਦੇ ਇਸ ਸੰਗ੍ਰਹਿ ਵਿੱਚ, ਜਿਸ ਦਾ ਨਿਸ਼ਾਨਾ, ਸਾਡੀਆਂ ਸਾਰੀਆਂ ਪ੍ਰਕਾਸ਼ਨਾਵਾਂ ਦੇ ਨਿਸ਼ਾਨੇ ਵਾਂਗ, ਰੂਸੀ ਮਜ਼ਦੂਰਾਂ ਵਿੱਚ ਚੇਤੰਨਤਾ ਜਗਾਉਣਾ ਹੈ, ਸਾਨੂੰ ਆਧੁਨਿਕ ਪ੍ਰੋਲੇਤਾਰੀ ਦੇ ਦੋ ਮਹਾਨ ਅਧਿਆਪਕਾਂ ਵਿੱਚੋਂ ਇੱਕ, ਫ਼ਰੈਡਰਿਕ ਏਂਗਲਜ਼ ਦੇ ਜੀਵਨ ਤੇ ਰਚਨਾ ਦੀ ਰੂਪ-ਰੇਖਾ ਦੇਣੀ ਚਾਹੀਦੀ ਹੈ।

ਏਂਗਲਜ਼ ਦਾ ਜਨਮ 1820 ਵਿੱਚ ਪਰੂਸ਼ੀਆ ਦੀ ਬਾਦਸ਼ਾਹਤ ਦੇ ਰ੍ਹਾਈਨ ਸੂਬੇ ਵਿੱਚ ਬਾਰਮਨ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਕਾਰਖਾਨੇਦਾਰ ਸਨ। 1838 ਵਿੱਚ ਏਂਗਲਜ਼, ਆਪਣੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕੀਤੇ ਬਿਨਾਂ, ਘਰੇਲੂ ਹਾਲਤਾਂ ਕਾਰਨ ਬਾਰਮਨ ਦੇ ਇੱਕ ਵਪਾਰਕ ਅਦਾਰੇ ਵਿੱਚ ਕਲਰਕ ਵਜੋਂ ਕੰਮ ਕਰਨ ਲਈ ਮਜਬੂਰ ਹੋ ਗਏ। ਵਪਾਰਕ ਕੰਮਾਂ ਨੇ ਏਂਗਲਜ਼ ਨੂੰ ਆਪਣੀ ਵਿਗਿਆਨਕ ਤੇ ਰਾਜਸੀ ਵਿਦਿਆ ਜਾਰੀ ਰੱਖਣ ਵਿੱਚ ਰੋਕ ਨਾ ਪਾਈ। ਉਹ ਅਜੇ ਹਾਈ ਸਕੂਲ ਵਿੱਚ ਹੀ ਸਨ, ਜਦੋਂ ਉਹ ਇੱਕਪੁਰਖੇ ਰਾਜ ਤੇ ਦਫਤਰਸ਼ਾਹਾਂ ਦੇ ਜ਼ੁਲਮ ਨੂੰ ਨਫ਼ਰਤ ਕਰਨ ਲੱਗ ਪਏ ਸਨ। ਦਰਸ਼ਨ ਦਾ ਅਧਿਐਨ ਉਨ੍ਹਾਂ ਨੂੰ ਹੋਰ ਅੱਗੇ ਲੈ ਗਿਆ। ਉਸ ਸਮੇਂ ਜਰਮਨ ਦਰਸ਼ਨ ਵਿੱਚ ਹੀਗਲ ਦੀ ਸਿੱਖਿਆ ਦਾ ਬੋਲ-ਬਾਲਾ ਸੀ ਤੇ ਏਂਗਲਜ਼ ਉਸ ਦੇ ਅਨੁਆਈ ਬਣ ਗਏ। ਭਾਵੇਂ ਹੀਗਲ ਆਪ ਇੱਕਪੁਰਖੀ ਹਕੂਮਤ ਵਾਲ਼ੇ ਪਰੂਸ਼ੀਆਈ ਰਾਜ ਦਾ ਪ੍ਰਸੰਸਕ ਸੀ, ਜਿਸ ਦੀ ਸੇਵਾ ਵਿੱਚ ਉਹ ਬਰਲਿਨ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਵਜੋਂ ਲੱਗੇ ਹੋਏ ਸਨ, ਪਰ ਹੀਗਲ ਦੀ **ਸਿੱਖਿਆ** ਇਨਕਲਾਬੀ ਸੀ। ਮਨੁੱਖਾ ਬੁੱਧੀ ਤੇ ਇਸ ਦੇ ਹੱਕਾਂ ਵਿੱਚ ਹੀਗਲ ਦਾ ਵਿਸ਼ਵਾਸ ਤੇ ਹੀਗਲੀ ਦਰਸ਼ਨ ਦਾ ਇਹ ਬੁਨਿਆਦੀ ਥੀਸਿਸ ਕਿ ਬ੍ਰਹਿਮੰਡ ਤਬਦੀਲੀ ਤੇ ਵਿਕਾਸ ਦੇ ਲਗਾਤਾਰ ਅਮਲ ਵਿੱਚੋਂ ਲੰਘ ਰਿਹਾ ਹੈ, ਇਸ ਬਰਲਿਨ ਦਰਸ਼ਨਵੇਤਾ ਦੇ ਕੁੱਝ ਚੇਲਿਆਂ ਨੂੰ — ਉਹਨਾਂ ਚੇਲਿਆਂ ਨੂੰ, ਜਿਹੜੇ ਮੌਜੂਦਾ ਹਾਲਤ ਨੂੰ ਪ੍ਰਵਾਨ ਕਰਨ ਤੋਂ ਇਨਕਾਰੀ ਸਨ— ਇਸ ਵਿਚਾਰ ਵੱਲ ਲੈ ਗਿਆ ਕਿ ਇਸ ਹਾਲਤ ਦੇ ਖਿਲਾਫ਼ ਘੋਲ਼, ਮੌਜੂਦਾ ਅਨਿਆਂ ਤੇ ਹਰ ਥਾਂ ਪਾਈ ਜਾਂਦੀ ਬੁਰਾਈ ਦੇ ਖ਼ਿਲਾਫ਼ ਘੋਲ਼ ਦੀ ਜੜ੍ਹ ਵੀ ਸਦੀਵੀ ਵਿਕਾਸ ਦੇ ਸਰਬ-ਵਿਆਪਕ ਕਾਨੂੰਨ ਵਿੱਚ ਹੀ ਹੈ। ਜੇ ਸਾਰੀਆਂ ਚੀਜ਼ਾਂ ਵਿਕਾਸ ਕਰਦੀਆਂ ਹਨ, ਜੇ ਇੱਕ ਤਰ੍ਹਾਂ ਦੀਆਂ ਸੰਸਥਾਵਾਂ ਦੂਜੀ ਤਰ੍ਹਾਂ ਦੀਆਂ ਸੰਸਥਾਵਾਂ ਨੂੰ ਆਪਣੀ ਥਾਂ ਦੇ ਦੇਂਦੀਆਂ ਹਨ ਤਾਂ ਫਿਰ ਪਰੂਸ਼ੀਆਈ ਬਾਦਸ਼ਾਹ ਜਾਂ ਰੂਸੀ ਜ਼ਾਰ ਦਾ ਇੱਕਪੁਰਖਾ ਰਾਜ, ਵਿਸ਼ਾਲ ਬਹੁ-ਗਿਣਤੀ ਦੀ ਕੀਮਤ ਉੱਤੇ ਨਿਗੂਣੀ ਜਿਹੀ ਘੱਟ-ਗਿਣਤੀ ਦਾ ਅਮੀਰ ਹੋਈ ਜਾਣਾ ਜਾਂ ਲੋਕਾਂ ਉੱਪਰ ਬੁਰਜੂਆਜ਼ੀ ਦਾ ਗਲਬਾ ਹਮੇਸ਼ਾ ਲਈ ਕਿਉਂ ਜਾਰੀ ਰਹੇ ? ਹੀਗਲ ਦਾ ਦਰਸ਼ਨ ਮਨ ਤੇ ਵਿਚਾਰਾਂ ਦੇ ਵਿਕਾਸ ਦੀ ਗੱਲ ਕਰਦਾ ਸੀ; ਇਹ **ਵਿਚਾਰਵਾਦੀ** ਸੀ। ਮਨ ਦੇ ਵਿਕਾਸ ਤੋਂ ਇਹ ਕੁਦਰਤ ਦੇ, ਮਨੁੱਖ ਦੇ ਸਮਾਜਕ ਸਬੰਧਾਂ ਦੇ ਵਿਚਾਰ ਨੂੰ ਕਾਇਮ ਰੱਖਦਿਆਂ*, ਮਾਰਕਸ ਤੇ ਏਂਗਲਜ਼ ਨੇ ਪੂਰਵ ਕਲਪਿਤ ਵਿਚਾਰਵਾਦੀ ਦ੍ਰਿਸ਼ਟੀਕੋਣ ਨੂੰ ਰੱਦ ਕੀਤਾ; ਜੀਵਨ ਦੇ ਤੱਥਾਂ ਵੱਲ ਮੁੜਦਿਆਂ, ਉਹਨਾਂ ਨੇ ਦੇਖਿਆ ਕਿ ਮਨ ਦਾ ਵਿਕਾਸ ਨਹੀਂ ਜਿਹੜਾ ਕੁਦਰਤ ਦੇ ਵਿਕਾਸ ਦੀ ਵਿਆਖਿਆ ਕਰਦਾ ਹੈ ਸਗੋਂ, ਇਸ ਦੇ ਉਲਟ, ਮਨ ਦੀ ਵਿਆਖਿਆ ਕੁਦਰਤ ਤੋਂ, ਪਦਾਰਥ ਤੋਂ ਕੀਤੀ ਜਾਣੀ ਚਾਹੀਦੀ ਹੈ।... ਹੀਗਲ ਤੇ ਦੂਜੇ ਹੀਗਲਵਾਦੀਆਂ ਤੋਂ ਉਲਟ, ਮਾਰਕਸ ਤੇ ਏਂਗਲਜ਼ ਪਦਾਰਥਵਾਦੀ ਸਨ।

---

* ਮਾਰਕਸ ਤੇ ਏਂਗਲਜ਼ ਅਕਸਰ ਇਸ ਗੱਲ ਵੱਲ ਧਿਆਨ ਦੁਆਉਂਦੇ ਸਨ ਕਿ ਆਪਣੇ ਬੌਧਿਕ ਵਿਕਾਸ ਵਿੱਚ ਉਹ ਮਹਾਨ ਜਰਮਨ ਦਰਸ਼ਨਵੇਤਾਵਾਂ, ਖਾਸ ਕਰਕੇ ਹੀਗਲ ਦੇ ਬਹੁਤ ਰਿਣੀ ਸਨ। "ਜਰਮਨ ਦਰਸ਼ਨ ਤੋਂ ਬਿਨਾਂ," ਏਂਗਲਜ਼ ਲਿਖਦੇ ਹਨ, "ਵਿਗਿਆਨਕ ਸੋਸ਼ਲਿਜ਼ਮ ਕਦੀ ਵੀ ਹੋਂਦ ਵਿੱਚ ਨਾ ਆਉਂਦਾ।"[68]

ਦੁਨੀਆ ਤੇ ਮਨੁੱਖਤਾ ਨੂੰ ਪਦਾਰਥਵਾਦੀ ਤਰੀਕੇ ਨਾਲ਼ ਲੈਂਦਿਆਂ, ਉਹਨਾਂ ਨੇ ਦੇਖਿਆ ਕਿ ਜਿਵੇਂ ਸਾਰੇ ਕੁਦਰਤੀ ਵਰਤਾਰਿਆਂ ਦੇ ਹੇਠਾਂ ਪਦਾਰਥਕ ਕਾਰਨ ਕੰਮ ਕਰ ਰਹੇ ਹੁੰਦੇ ਹਨ, ਇਸੇ ਤਰ੍ਹਾਂ ਹੀ ਮਨੁੱਖਾ ਸਮਾਜ ਦਾ ਵਿਕਾਸ ਪਦਾਰਥਕ ਤਾਕਤਾਂ, ਉਤਪਾਦਨਕਾਰੀ ਸ਼ਕਤੀਆਂ ਦੇ ਵਿਕਾਸ ਉੱਤੇ ਨਿਰਭਰ ਕਰਦਾ ਹੈ। ਉਤਪਾਦਨਕਾਰੀ ਸ਼ਕਤੀਆਂ ਦੇ ਵਿਕਾਸ ਉੱਪਰ ਉਹ ਸਬੰਧ ਨਿਰਭਰ ਕਰਦੇ ਹਨ, ਜਿਹੜੇ ਮਨੁੱਖਾਂ ਲੋੜਾਂ ਦੀ ਸੰਤੁਸ਼ਟੀ ਲਈ ਲੋੜੀਂਦੀਆਂ ਚੀਜ਼ਾਂ ਦੇ ਉਤਪਾਦਨ ਦੇ ਦੌਰਾਨ, ਮਨੁੱਖਾਂ ਵਿਚਕਾਰ ਪੈਦਾ ਹੋ ਜਾਂਦੇ ਹਨ ਤੇ ਇਹਨਾਂ ਸਬੰਧਾਂ ਵਿੱਚੋਂ ਸਮਾਜਕ ਜੀਵਨ ਦੇ, ਮਨੁੱਖਾ ਆਸ਼ਾਵਾਂ, ਵਿਚਾਰਾਂ ਤੇ ਕਾਨੂੰਨਾਂ ਦੇ ਸਾਰੇ ਵਰਤਾਰਿਆਂ ਦੀ ਵਿਆਖਿਆ ਮਿਲਦੀ ਹੈ। ਉਤਪਾਦਨਕਾਰੀ ਸ਼ਕਤੀਆਂ ਦਾ ਵਿਕਾਸ ਨਿੱਜੀ ਜਾਇਦਾਦ ਉੱਪਰ ਅਧਾਰਤ ਸਮਾਜਕ ਸਬੰਧ ਪੈਦਾ ਕਰਦਾ ਹੈ, ਪਰ ਹੁਣ ਅਸੀਂ ਦੇਖਦੇ ਹਾਂ ਕਿ ਉਤਪਾਦਨਕਾਰੀ ਸ਼ਕਤੀਆਂ ਦਾ ਇਹੀ ਵਿਕਾਸ ਬਹੁ-ਗਿਣਤੀ ਨੂੰ ਉਹਨਾਂ ਦੀ ਜਾਇਦਾਦ ਤੋਂ ਵਾਂਝਿਆਂ ਕਰ ਦੇਂਦਾ ਹੈ ਤੇ ਇਸ ਨੂੰ ਨਿਗੂਣੀ ਘੱਟ-ਗਿਣਤੀ ਦੇ ਹੱਥਾਂ ਵਿੱਚ ਕੇਂਦਰਿਤ ਕਰ ਦੇਂਦਾ ਹੈ। ਇਹ ਜਾਇਦਾਦ, ਆਧੁਨਿਕ ਸਮਾਜਕ ਵਿਵਸਥਾ ਦੇ ਅਧਾਰ ਨੂੰ ਹੀ ਖਤਮ ਕਰ ਦੇਂਦਾ ਹੈ, ਇਹ ਖੁਦ ਹੀ ਨਿਸ਼ਾਨੇ ਵੱਲ ਨੂੰ ਤਰਦਾ ਹੈ ਜਿਹੜਾ ਸਮਾਜਵਾਦੀਆਂ ਨੇ ਆਪਣੇ ਸਾਮ੍ਹਣੇ ਰੱਖਿਆ ਹੋਇਆ ਹੈ। ਸਮਾਜਵਾਦੀਆਂ ਨੇ ਜਿਹੜੀ ਗੱਲ ਕਰਨੀ ਹੈ ਉਹ ਇਹ ਸਮਝਣਾ ਹੈ ਕਿ ਕਿਹੜੀ ਸਮਾਜਕ ਸ਼ਕਤੀ, ਆਧੁਨਿਕ ਸਮਾਜ ਵਿੱਚ ਆਪਣੀ ਸਥਿਤੀ ਕਰਕੇ, ਸਮਾਜਵਾਦ ਲਿਆਉਣ ਵਿੱਚ ਦਿਲਚਸਪੀ ਰੱਖਦੀ ਹੈ ਤੇ ਇਸ ਸ਼ਕਤੀ ਨੂੰ ਇਸ ਦੇ ਹਿੱਤਾਂ ਦੀ ਤੇ ਇਸ ਦੇ ਇਤਿਹਾਸਕ ਮਿਸ਼ਨ ਦੀ ਚੇਤੰਨਤਾ ਦੇਣਾ ਹੈ। ਇਹ ਸ਼ਕਤੀ ਪ੍ਰੋਲੇਤਾਰੀ ਹਨ। ਏਂਗਲਜ਼ ਇੰਗਲੈਂਡ ਵਿੱਚ, ਇੰਗਲੈਂਡ ਦੀ ਸਨਅਤ ਦੇ ਕੇਂਦਰ, ਮਾਨਚੈਸਟਰ, ਵਿੱਚ ਪ੍ਰੋਲੇਤਾਰੀ ਤੋਂ ਜਾਣੂ ਹੋਏ, ਜਿੱਥੇ ਉਹ ਉਸ ਕਾਰੋਬਾਰੀ ਫਰਮ ਦੀ ਸੇਵਾ ਵਿੱਚ ਦਾਖਲ ਹੋ ਕੇ ਜਾ ਵੱਸੇ ਸਨ, ਜਿਸ ਵਿੱਚ ਉਨ੍ਹਾਂ ਦੇ ਪਿਤਾ ਹਿੱਸੇਦਾਰ ਸਨ। ਇੱਥੇ ਏਂਗਲਜ਼ ਸਿਰਫ਼ ਫੈਕਟਰੀ ਦੇ ਦਫ਼ਤਰ ਵਿੱਚ ਹੀ ਨਹੀਂ ਸਨ ਬੈਠੇ ਰਹਿੰਦੇ, ਸਗੋਂ ਝੁੱਗੀਆਂ ਵਿੱਚ ਤੁਰਦੇ ਫਿਰਦੇ ਰਹਿੰਦੇ ਸਨ, ਜਿਨ੍ਹਾਂ ਵਿੱਚ ਮਜ਼ਦੂਰ ਤੂੜੇ ਰਹਿੰਦੇ ਸਨ ਤੇ ਉਹਨਾਂ ਦੀ ਕੰਗਾਲੀ ਤੇ ਮੰਦਹਾਲੀ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ਼ ਦੇਖੀ। ਪਰ ਉਨ੍ਹਾਂ ਨੇ ਆਪਣੇ ਆਪ ਨੂੰ ਨਿੱਜੀ ਨਿਰੀਖਣਾਂ ਤੱਕ ਸੀਮਤ ਨਾ ਰਖਿਆ। ਉਨ੍ਹਾਂ ਨੇ ਉਹ ਸਾਰਾ ਕੁੱਝ ਪੜ੍ਹਿਆ, ਜੋ ਕੁੱਝ ਬਰਤਾਨਵੀ ਮਜ਼ਦੂਰ ਜਮਾਤ ਦੀ ਹਾਲਤ ਬਾਰੇ ਉਨ੍ਹਾਂ ਤੋਂ ਪਹਿਲਾਂ ਪ੍ਰਗਟ ਕੀਤਾ ਜਾ ਚੁੱਕਾ ਸੀ ਤੇ ਉਹਨਾਂ ਸਾਰੀਆਂ ਸਰਕਾਰੀ ਦਸਤਾਵੇਜਾਂ ਦਾ ਧਿਆਨ ਨਾਲ਼ ਅਧਿਐਨ ਕੀਤਾ, ਜਿਹੜੀਆਂ ਵੀ ਉਨ੍ਹਾਂ ਦੇ ਹੱਥ ਲੱਗੀਆਂ। ਇਹਨਾਂ ਅਧਿਐਨਾਂ ਤੇ ਨਿਰੀਖਣਾਂ ਦਾ ਫਲ ਉਹ ਕਿਤਾਬ ਸੀ, ਜਿਹੜੀ 1845 ਵਿੱਚ ਛਪੀ "ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਹਾਲਤ"। "ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਹਾਲਤ" ਦੇ ਕਰਤਾ ਵਜੋਂ ਏਂਗਲਜ਼ ਨੇ ਜੋ ਵੱਡੀ ਸੇਵਾ ਕੀਤੀ ਅਸੀਂ ਉਸ ਦਾ ਪਹਿਲਾਂ ਹੀ ਜ਼ਿਕਰ ਕਰ ਚੁੱਕੇ ਹਾਂ। ਏਂਗਲਜ਼ ਤੋਂ ਵੀ ਪਹਿਲਾਂ, ਕਈ ਲੋਕਾਂ ਨੇ ਪ੍ਰੋਲੇਤਾਰੀ ਦੇ ਦੁੱਖੜਿਆਂ ਦਾ ਵਰਨਣ ਕੀਤਾ ਸੀ ਤੇ ਉਹਨਾਂ ਦੀ ਸਹਾਇਤਾ ਕਰਨ ਦੀ ਲੋੜ ਵੱਲ ਧਿਆਨ ਦੁਆਇਆ ਸੀ। ਏਂਗਲਜ਼ ਇਹ ਕਹਿਣ ਵਾਲ਼ੇ **ਪਹਿਲੇ** ਬੰਦੇ ਸਨ ਕਿ ਪ੍ਰੋਲੇਤਾਰੀ **ਸਿਰਫ਼** ਇੱਕ

ਦੁੱਖ ਸਹਿ ਰਹੀ ਜਮਾਤ **ਨਹੀਂ**; ਕਿ ਇਹ ਅਸਲ ਵਿੱਚ ਪ੍ਰੋਲੇਤਾਰੀ ਦੀ ਅਪਮਾਣਜਨਕ ਆਰਥਕ ਹਾਲਤ ਹੈ, ਜਿਹੜੀ ਉਹਨਾਂ ਨੂੰ ਅਰੁੱਕ ਤੌਰ 'ਤੇ ਅੱਗੇ ਨੂੰ ਧੱਕਦੀ ਹੈ ਤੇ ਆਪਣੀ ਅੰਤਮ ਮੁਕਤੀ ਲਈ ਲੜਨ ਵਾਸਤੇ ਮਜਬੂਰ ਕਰਦੀ ਹੈ ਤੇ ਘੋਲ਼ ਕਰ ਰਹੇ ਪ੍ਰੋਲੇਤਾਰੀ **ਆਪਣੀ ਮਦਦ ਆਪ ਕਰਨਗੇ।** ਮਜ਼ਦੂਰ ਜਮਾਤ ਦੀ ਰਾਜਸੀ ਲਹਿਰ ਅਟੱਲ ਤੌਰ 'ਤੇ ਮਜ਼ਦੂਰਾਂ ਨੂੰ ਇਹ ਅਹਿਸਾਸ ਕਰਨ ਵੱਲ ਲੈ ਜਾਏਗੀ ਕਿ ਉਹਨਾਂ ਦੀ ਮੁਕਤੀ ਸਿਰਫ਼ ਸੋਸ਼ਲਿਜ਼ਮ ਵਿੱਚ ਹੈ। ਦੂਜੇ ਪਾਸੇ ਸੋਸ਼ਲਿਜ਼ਮ ਇੱਕ ਸ਼ਕਤੀ ਸਿਰਫ਼ ਓਦੋਂ ਹੀ ਬਣੇਗਾ ਜਦੋਂ ਇਹ ਮਜ਼ਦੂਰ **ਜਮਾਤ** ਦੇ **ਰਾਜਸੀ** ਘੋਲ਼ ਦਾ ਨਿਸ਼ਾਨਾ ਬਣ ਜਾਏਗਾ। ਇਹੋ ਜਿਹੇ ਹਨ ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਹਾਲਤ ਬਾਰੇ ਏਂਗਲਜ਼ ਦੀ ਕਿਤਾਬ ਦੇ ਮੁੱਖ ਵਿਚਾਰ, ਐਸੇ ਵਿਚਾਰ ਜਿਹੜੇ ਇਸ ਵੇਲ਼ੇ ਸਾਰੇ ਚਿੰਤਨਸ਼ੀਲ ਜੂਝਦੇ ਪ੍ਰੋਲੇਤਾਰੀਆਂ ਵੱਲੋਂ ਅਪਣਾਏ ਜਾ ਚੁੱਕੇ ਹਨ, ਪਰ ਜਿਹੜੇ ਉਸ ਵੇਲ਼ੇ ਬਿਲਕੁੱਲ ਨਵੇਂ ਸਨ। ਇਹ ਵਿਚਾਰ ਐਸੀ ਕਿਤਾਬ ਵਿੱਚ ਪੇਸ਼ ਕੀਤੇ ਗਏ ਸਨ, ਜਿਹੜੀ ਆਪਣੇ ਵਿੱਚ ਲੀਨ ਕਰ ਲੈਣ ਵਾਲ਼ੀ ਸ਼ੈਲੀ ਵਿੱਚ ਲਿਖੀ ਗਈ ਸੀ ਤੇ ਅੰਗਰੇਜ਼ ਪ੍ਰੋਲੇਤਾਰੀਆਂ ਦੇ ਕਸ਼ਟ ਦੀ ਸਭ ਤੋਂ ਵੱਧ ਵਾਸਤਵਿਕ ਤੇ ਦਿਲ ਨੂੰ ਧੱਕਾ ਲਾਉਣ ਵਾਲ਼ੀਆਂ ਤਸਵੀਰਾਂ ਨਾਲ਼ ਭਰੀ ਹੋਈ ਸੀ। ਇਹ ਕਿਤਾਬ ਪੂੰਜੀਵਾਦ ਤੇ ਬੁਰਜੂਆਜ਼ੀ ਉੱਪਰ ਭਿਆਨਕ ਦੋਸ਼ ਲਾਉਂਦੀ ਸੀ ਤੇ ਡੂੰਘਾ ਪ੍ਰਭਾਵ ਪਾਉਂਦੀ ਸੀ। ਆਧੁਨਿਕ ਪ੍ਰੋਲੇਤਾਰੀ ਦੀ ਹਾਲਤ ਦੀ ਸਭ ਤੋਂ ਚੰਗੀ ਤਸਵੀਰ ਪੇਸ਼ ਕਰਦੀ ਕਿਤਾਬ ਵਜੋਂ, ਏਂਗਲਜ਼ ਦੀ ਕਿਤਾਬ ਦਾ ਹਰ ਥਾਂ ਹਵਾਲਾ ਦਿੱਤਾ ਜਾਣ ਲੱਗਾ ਤੇ ਅਸਲ ਵਿੱਚ, ਨਾ 1845 ਤੋਂ ਪਹਿਲਾਂ ਤੇ ਨਾ ਹੀ ਉਸ ਤੋਂ ਪਿਛੋਂ ਮਜ਼ਦੂਰ ਜਮਾਤ ਦੀ ਮੰਦਹਾਲੀ ਦੀ ਏਨੀ ਉੱਘੜਵੀਂ ਤੇ ਏਨੀ ਸੱਚਾਈਭਰੀ ਤਸਵੀਰ ਦੇਖਣ ਵਿੱਚ ਆਈ ਹੈ।

ਇੰਗਲੈਂਡ ਆਉਣ ਤੋਂ ਮਗਰੋਂ ਹੀ ਏਂਗਲਜ਼ ਸਮਾਜਵਾਦੀ ਬਣੇ। ਮਾਨਚੈਸਟਰ ਵਿੱਚ ਉਨ੍ਹਾਂ ਨੇ ਉਸ ਵੇਲ਼ੇ ਦੀ ਬਰਤਾਨਵੀ ਮਜ਼ਦੂਰ ਲਹਿਰ ਵਿੱਚ ਸਰਗਰਮ ਲੋਕਾਂ ਨਾਲ਼ ਸੰਪਰਕ ਕਾਇਮ ਕਰ ਲਿਆ ਤੇ ਇੰਗਲੈਂਡ ਦੀਆਂ ਸੋਸ਼ਲਿਸਟ ਪ੍ਰਕਾਸ਼ਨਾਵਾਂ ਲਈ ਲਿਖਣਾ ਸ਼ੁਰੂ ਕਰ ਦਿੱਤਾ। 1844 ਵਿੱਚ, ਜਰਮਨੀ ਵਾਪਸ ਜਾਂਦਿਆਂ, ਪੈਰਿਸ ਵਿੱਚ ਉਨ੍ਹਾਂ ਦੀ ਮਾਰਕਸ ਨਾਲ਼ ਜਾਣ-ਪਛਾਣ ਹੋਈ, ਜਿਨ੍ਹਾਂ ਨਾਲ਼ ਉਹ ਪਹਿਲਾਂ ਹੀ ਚਿੱਠੀ-ਪੱਤਰ ਸ਼ੁਰੂ ਕਰ ਚੁੱਕੇ ਸਨ। ਪੈਰਿਸ ਵਿੱਚ, ਫ਼ਰਾਂਸੀਸੀ ਸਮਾਜਵਾਦੀਆਂ ਤੇ ਫ਼ਰਾਂਸੀਸੀ ਜੀਵਨ ਦੇ ਪ੍ਰਭਾਵ ਹੇਠ, ਮਾਰਕਸ ਵੀ ਸਮਾਜਵਾਦੀ ਬਣ ਚੁੱਕੇ ਸਨ। ਇੱਥੇ ਦੋਹਾਂ ਦੋਸਤਾਂ ਨੇ ਮਿਲ ਕੇ ਇੱਕ ਕਿਤਾਬ ਲਿਖੀ — "ਪਵਿੱਤਰ ਪਰਿਵਾਰ ਜਾਂ ਆਲੋਚਨਾਤਮਕ ਆਲੋਚਨਾ ਦੀ ਆਲੋਚਨਾ"। ਇਸ ਕਿਤਾਬ ਵਿੱਚ, ਜਿਹੜੀ "ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਹਾਲਤ" ਤੋਂ ਇੱਕ ਸਾਲ ਪਹਿਲਾਂ ਪ੍ਰਕਾਸ਼ਤ ਹੋਈ ਤੇ ਜਿਸ ਦਾ ਬਹੁਤਾ ਹਿੱਸਾ ਮਾਰਕਸ ਨੇ ਲਿਖਿਆ ਸੀ, ਇਨਕਲਾਬੀ ਪਦਾਰਥਵਾਦੀ ਸਮਾਜਵਾਦ ਦੀਆਂ ਬੁਨਿਆਦਾਂ ਦਾ ਵਰਨਣ ਹੈ, ਜਿਸ ਦੇ ਮੁੱਖ ਵਿਚਾਰਾਂ ਦੀ ਉੱਪਰ ਵਿਆਖਿਆ ਕੀਤੀ ਜਾ ਚੁੱਕੀ ਹੈ। "ਪਵਿੱਤਰ ਪਰਿਵਾਰ" ਬਾਵੇਰ ਭਰਾਵਾਂ, ਦਰਸ਼ਨਵੇਤਾਵਾਂ, ਤੇ ਉਹਨਾਂ ਦੇ ਅਨੁਆਈਆਂ ਦੀ ਮਜ਼ਾਕ ਨਾਲ਼ ਪਾਈ ਗਈ ਅੱਲ ਹੈ। ਇਹ ਭੱਦਰਪੁਰਸ਼ ਐਸੀ ਆਲੋਚਨਾ ਦਾ ਪ੍ਰਚਾਰ ਕਰਦੇ ਸਨ ਜਿਹੜੀ ਹਰ ਹਕੀਕਤ ਤੋਂ, ਹਰ

ਪਾਰਟੀ ਤੇ ਰਾਜਨੀਤੀ ਤੋਂ ਉੱਪਰ ਸੀ, ਜਿਹੜੀ ਸਾਰੀ ਰਾਜਸੀ ਸਰਗਰਮੀ ਨੂੰ ਰੱਦ ਕਰਦੀ ਸੀ ਤੇ ਜਿਹੜੀ ਸਿਰਫ਼ "ਆਲੋਚਨਾਤਮਕ ਢੰਗ ਨਾਲ਼" ਹੀ ਆਲ਼ੇ ਦੁਆਲ਼ੇ ਦੇ ਸੰਸਾਰ ਤੇ ਇਸ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਵਿਚਾਰ ਕਰਦੀ ਸੀ। ਇਹ ਭੱਦਰਪੁਰਸ਼, ਬਾਵੇਰ, ਪ੍ਰੋਲੇਤਾਰੀ ਨੂੰ, ਅਣਆਲੋਚਨਾਤਮਕ ਸਮੂਹ ਵਜੋਂ, ਨਫਰਤ ਦੀ ਨਿਗਾਹ ਨਾਲ ਦੇਖਦੇ ਸਨ। ਮਾਰਕਸ ਨੇ ਏਂਗਲਜ਼ ਨੇ ਇਸ ਬੇਹੂਦਾ ਤੇ ਹਾਨੀਕਾਰਕ ਰੁਝਾਣ ਦਾ ਜ਼ੋਰਦਾਰ ਢੰਗ ਨਾਲ਼ ਵਿਰੋਧ ਕੀਤਾ। ਅਸਲੀ, ਮਾਨਵੀ ਸ਼ਖਸੀਅਤ — ਹਾਕਮ ਜਮਾਤ ਤੇ ਰਾਜ ਵੱਲੋਂ ਲਿਤਾੜੇ ਹੋਏ ਮਜ਼ਦੂਰ— ਦੇ ਨਾਂ ਉੱਤੇ, ਉਹਨਾਂ ਨੇ ਵਿਚਾਰ ਕਰਨ ਦੀ ਨਹੀਂ, ਸਗੋਂ ਸਮਾਜ ਦੇ ਚੰਗੇਰੇ ਵਿਵਸਥਾ ਲਈ ਘੋਲ਼ ਕਰਨ ਦੀ ਮੰਗ ਕੀਤੀ। ਬੇਸ਼ੱਕ, ਉਹ ਪ੍ਰੋਲੇਤਾਰੀ ਨੂੰ ਐਸੀ ਸ਼ਕਤੀ ਸਮਝਦੇ ਸਨ ਜਿਹੜੀ ਇਸ ਘੋਲ਼ ਨੂੰ ਚਲਾਉਣ ਦੇ ਸਮਰੱਥ ਹੈ ਤੇ ਇਸ ਵਿੱਚ ਦਿਲਚਸਪੀ ਰੱਖਦੀ ਹੈ। "ਪਵਿੱਤਰ ਪਰਿਵਾਰ" ਦੇ ਪ੍ਰਕਾਸ਼ਤ ਹੋਣ ਤੋਂ ਪਹਿਲਾਂ ਹੀ ਏਂਗਲਜ਼, ਮਾਰਕਸ ਤੇ ਰੂਗੇ ਦੇ "Deutsch-Franzˆsische Jahrb¸cher" ("ਜਰਮਨੀ-ਫ਼ਰਾਂਸੀਸੀ ਸਾਲਨਾਮਾ") ਵਿੱਚ, ਆਪਣੇ "ਰਾਜਨੀਤਕ ਆਰਥਕਤਾ ਬਾਰੇ ਆਲੋਚਨਾਤਮਕ ਲੇਖ"[69] ਪ੍ਰਕਾਸ਼ਤ ਕਰ ਚੁੱਕੇ ਸਨ, ਜਿਨ੍ਹਾਂ ਵਿੱਚ ਉਨ੍ਹਾਂ ਨੇ ਸਮਕਾਲੀ ਆਰਥਕ ਵਿਵਸਥਾ ਦੇ ਮੁਖ ਵਰਤਾਰਿਆ ਦੀ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਨਿਰਖ-ਪਰਖ ਕੀਤੀ ਸੀ ਤੇ ਸਿੱਟਾ ਕੱਢਿਆ ਸੀ ਕਿ ਇਹ ਨਿੱਜੀ ਜਾਇਦਾਦ ਦੀ ਹਕੂਮਤ ਦੇ ਲਾਜ਼ਮੀ ਸਿੱਟੇ ਸਨ। ਰਾਜਨੀਤਕ ਆਰਥਕਤਾ ਦਾ ਅਧਿਐਨ ਕਰਨ ਦੇ ਮਾਰਕਸ ਦੇ ਫੈਸਲੇ ਵਿਚ ਏਂਗਲਜ਼ ਨਾਲ਼ ਸੰਪਰਕ ਨਿਰਸੰਦੇਹ ਇੱਕ ਅਨਸਰ ਸੀ; ਇਸ ਵਿਗਿਆਨ ਵਿੱਚ ਉਨ੍ਹਾਂ ਦੀਆਂ ਕਿਰਤਾਂ ਨੇ ਸੱਚਮੁੱਚ ਦਾ ਇਨਕਲਾਬ ਲੈ ਆਂਦਾ ਹੈ।

1845 ਤੋਂ 1847 ਤੱਕ ਏਂਗਲਜ਼ ਬਰਸਲਜ਼ ਤੇ ਪੈਰਿਸ ਵਿੱਚ ਰਹੇ; ਬਰਸਲਜ਼ ਤੇ ਪੈਰਿਸ ਵਿੱਚ ਜਰਮਨ ਮਜ਼ਦੂਰਾਂ ਵਿਚਕਾਰ ਅਮਲੀ ਸਰਗਰਮੀਆਂ ਦੇ ਨਾਲ਼ ਨਾਲ਼ ਵਿਗਿਆਨਕ ਕੰਮ ਵੀ ਕਰਦੇ ਰਹੇ। ਇੱਥੇ ਮਾਰਕਸ ਤੇ ਏਂਗਲਜ਼ ਨੇ ਖੁਫੀਆ ਜਰਮਨ "ਕਮਿਊਨਿਸਟ ਲੀਗ"[70] ਨਾਲ਼ ਸੰਪਰਕ ਸਥਾਪਤ ਕੀਤੇ, ਜਿਸ ਨੇ ਉਹਨਾਂ ਨੂੰ ਸਮਾਜਵਾਦ ਦੇ ਮੁੱਖ ਅਸੂਲਾਂ ਦੀ ਵਿਆਖਿਆ ਕਰਨ ਦਾ ਕੰਮ ਸੌਂਪਿਆ, ਜਿਹੜੇ ਉਹਨਾਂ ਨੇ ਘੜੇ ਸਨ। ਇਸ ਤਰ੍ਹਾਂ ਨਾਲ਼ ਮਾਰਕਸ ਤੇ ਏਂਗਲਜ਼ ਦੇ ਲਿਖੇ "ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ" ਦਾ ਜਨਮ ਹੋਇਆ, ਜਿਹੜਾ 1848 ਵਿੱਚ ਪ੍ਰਕਾਸ਼ਤ ਹੋਇਆ। ਇਹ ਛੋਟੀ ਜਿਹੀ ਕਿਤਾਬੜੀ ਪੂਰੀਆਂ ਦੀਆਂ ਪੂਰੀਆਂ ਸੈਂਚੀਆਂ ਦੇ ਬਰਾਬਰ ਹੈ : ਅੱਜ ਤੱਕ ਇਸ ਦੀ ਭਾਵਨਾ ਸਭਿਅ ਸੰਸਾਰ ਦੇ ਸਾਰੇ ਸੰਗਠਿਤ ਤੇ ਘੋਲ਼ ਕਰ ਰਹੇ ਪ੍ਰੋਲੇਤਾਰੀ ਨੂੰ ਪ੍ਰੇਰਦੀ ਤੇ ਅਗਵਾਈ ਦੇਂਦੀ ਹੈ।

1848 ਦੇ ਇਨਕਲਾਬ ਨੇ, ਜਿਹੜਾ ਪਹਿਲਾਂ ਫ਼ਰਾਂਸ ਵਿੱਚ ਛਿੜਿਆਂ ਤੇ ਫਿਰ ਪੱਛਮੀ ਯੂਰਪ ਦੇ ਦੂਜੇ ਦੇਸ਼ਾਂ ਤੱਕ ਫੈਲ ਗਿਆ, ਮਾਰਕਸ ਤੇ ਏਂਗਲਜ਼ ਨੂੰ ਵਾਪਸ ਆਪਣੀ ਮਾਤਭੂਮੀ ਵਿੱਚ ਲੈ ਆਂਦਾ। ਇੱਥੇ ਰ੍ਹਾਈਨੀ ਪਰੂਸ਼ੀਆ ਵਿੱਚ, ਉਹਨਾਂ ਨੇ ਕੋਲੋਨ ਤੋਂ ਪ੍ਰਕਾਸ਼ਤ ਹੁੰਦੇ ਜਮਹੂਰੀ ਅਖ਼ਬਾਰ "Neue Rheinische Zeitung"[71] ("ਨਵਾਂ ਰ੍ਹਾਈਨੀ ਦੈਨਿਕ") ਦਾ ਚਾਰਜ ਸੰਭਾਲ ਲਿਆ। ਦੋਵੇਂ ਦੋਸਤ ਰ੍ਹਾਈਨੀ ਪਰੂਸ਼ੀਆ ਵਿੱਚ ਸਾਰੀਆਂ ਇਨਕਲਾਬੀ

ਜਮਹੂਰੀ ਉਮੰਗਾਂ ਦੇ ਰੂਹਿ-ਰਵਾਂ ਸਨ। ਉਹਨਾਂ ਨੇ ਪਿਛਾਖੜ ਦੀਆਂ ਤਾਕਤਾਂ ਦੇ ਖ਼ਿਲਾਫ਼ ਅਜ਼ਾਦੀ ਦੀ ਤੇ ਲੋਕਾਂ ਦੇ ਹਿੱਤਾਂ ਦੀ ਰਾਖੀ ਵਿੱਚ ਆਖ਼ਰੀ ਦਮ ਤੱਕ ਲੜਾਈ ਕੀਤੀ। ਜਿਵੇਂ ਕਿ ਅਸੀਂ ਜਾਣਦੇ ਹਾਂ, ਪਿਛਾਖੜ ਦਾ ਪਲੜਾ ਭਾਰੀ ਰਿਹਾ। "ਨਵਾਂ ਰ੍ਹਾਈਨੀ ਦੈਨਿਕ" ਦਾ ਪ੍ਰਕਾਸ਼ਨ ਬੰਦ ਕਰਾ ਦਿੱਤਾ ਗਿਆ। ਮਾਰਕਸ ਨੂੰ, ਜਿਹੜੇ ਆਪਣੀ ਜਲਾਵਤਨੀ ਦੇ ਦੌਰਾਨ ਪਰੂਸ਼ੀਆ ਦੀ ਸ਼ਹਿਰੀਅਤ ਗੁਆ ਚੁੱਕੇ ਸਨ, ਦੇਸ਼ੋਂ ਬਾਹਰ ਕੱਢ ਦਿੱਤਾ ਗਿਆ; ਏਂਗਲਜ਼ ਨੇ ਹਥਿਆਰਬੰਦ ਜਨਤਕ ਬਗਾਵਤ ਵਿੱਚ ਹਿੱਸਾ ਲਿਆ, ਤਿੰਨ ਲੜਾਈਆਂ ਵਿੱਚ ਅਜ਼ਾਦੀ ਲਈ ਲੜੇ ਤੇ ਬਾਗੀਆਂ ਦੀ ਹਾਰ ਤੋਂ ਮਗਰੋਂ, ਸਵਿਟਜ਼ਰਲੈਂਡ ਦੇ ਰਸਤੇ ਦੌੜ ਕੇ ਲੰਡਨ ਚਲੇ ਗਏ।

ਮਾਰਕਸ ਵੀ ਲੰਡਨ ਵਿੱਚ ਜਾ ਵੱਸੇ। ਏਂਗਲਜ਼ ਮਾਨਚੈਸਟਰ ਦੀ ਕਾਰੋਬਾਰੀ ਫਰਮ ਵਿੱਚ, ਜਿਸ ਵਿੱਚ ਉਹ 40ਵਿਆਂ ਵਿਚ ਕੰਮ ਕਰਦੇ ਰਹੇ ਸਨ, ਮੁੜ ਕੇ ਕਲਰਕ ਜਾ ਲੱਗੇ ਤੇ ਮਗਰੋਂ ਇਸ ਦਾ ਹਿੱਸੇਦਾਰ ਬਣ ਗਏ। 1870 ਤੱਕ ਉਹ ਮਾਨਟੈਸਟਰ ਵਿੱਚ ਰਹਿੰਦੇ ਰਹੇ, ਜਦ ਕਿ ਮਾਰਕਸ ਲੰਡਨ ਵਿੱਚ ਰਹਿੰਦੇ ਰਹੇ, ਪਰ ਇਸ ਗੱਲ ਨੇ ਉਹਨਾਂ ਦੇ ਅਤਿ ਦੇ ਜਾਨਦਾਰ ਬੌਧਿਕ ਵਿਚਾਰ-ਵਟਾਂਦਰੇ ਨੂੰ ਕਾਇਮ ਰੱਖਣ ਵਿੱਚ ਵਿਘਨ ਨਾ ਪਾਇਆ: ਉਹ ਲਗਭਗ ਹਰ ਰੋਜ਼ ਇੱਕ ਦੂਜੇ ਚਿੱਠੀਆਂ ਲਿਖਦੇ ਸਨ। ਇਸ ਚਿੱਠੀ-ਪੱਤਰ ਵਿੱਚ ਦੋਵੇਂ ਦੋਸਤ ਵਿਚਾਰਾਂ ਦਾ ਤੇ ਪ੍ਰਾਪਤੀਆਂ ਦਾ ਵਟਾਂਦਰਾ ਕਰਦੇ ਸਨ ਤੇ ਉਹਨਾਂ ਨੇ ਵਿਗਿਆਨਕ ਸੋਸ਼ਲਿਜ਼ਮ ਨੂੰ ਉਲ੍ਹੀਕਣ ਦੇ ਕੰਮ ਵਿੱਚ ਮਿਲਵਰਤਣ ਜਾਰੀ ਰੱਖੀ। 1870 ਵਿੱਚ ਏਂਗਲਜ਼ ਲੰਡਨ ਆ ਗਏ ਤੇ ਉਹਨਾਂ ਦੀ ਸਾਂਝੀ ਬੌਧਿਕ ਜ਼ਿੰਦਗੀ, ਜੋ ਬੇਹੱਦ ਸਖਤ ਮਿਹਨਤ ਨਾਲ਼ ਭਰਪੂਰ ਸੀ, 1883 ਤੱਕ ਜਾਰੀ ਰਹੀ, ਜਦੋਂ ਕਿ ਮਾਰਕਸ ਚਲਾਣਾ ਕਰ ਗਏ। ਇਸ ਜ਼ਿੰਦਗੀ ਦਾ ਫਲ ਸੀ, ਮਾਰਕਸ ਵਾਲ਼ੇ ਪਾਸਿਉਂ, "ਸਰਮਾਇਆ", ਰਾਜਨੀਤਕ ਆਰਥਕਤਾ ਬਾਰੇ ਸਾਡੇ ਯੁੱਗ ਦੀ ਸਭ ਤੋਂ ਮਹਾਨ ਕਿਰਤ ਤੇ ਏਂਗਲਜ਼ ਵਾਲ਼ੇ ਪਾਸਿਉਂ, ਬਹੁਤ ਸਾਰੀਆਂ ਨਿੱਕੀਆਂ ਵੱਡੀਆਂ ਕਿਰਤਾਂ। ਮਾਰਕਸ ਨੇ ਪੂੰਜੀਵਾਦੀ ਆਰਥਕਤਾ ਦੇ ਗੁੰਝਲਦਾਰ ਵਰਤਾਰੇ ਦੇ ਵਿਸ਼ਲੇਸ਼ਣ ਉੱਤੇ ਕੰਮ ਕੀਤਾ। ਏਂਗਲਜ਼ ਨੇ, ਸਰਲ ਜਿਹੀਆਂ ਕਿਰਤਾਂ ਵਿੱਚ, ਜਿਹੜੀਆਂ ਅਕਸਰ ਵਿਵਾਦੀ ਖਾਸਾ ਰੱਖਦੀਆਂ ਸਨ, ਵਧੇਰੇ ਆਮ ਜਿਹੇ ਮਸਲਿਆਂ ਦੀ ਤੇ ਭੂਤ ਤੇ ਵਰਤਮਾਨ ਦੇ ਵੱਖੋ-ਵੱਖਰੇ ਵਰਤਾਰਿਆਂ ਦੀ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਤੇ ਮਾਰਕਸ ਦੇ ਆਰਥਕ ਸਿਧਾਂਤ ਦੀ ਭਾਵਨਾ ਵਿੱਚ ਚਰਚਾ ਕੀਤੀ। ਏਂਗਲਜ਼ ਦੀਆਂ ਕਿਰਤਾਂ ਵਿੱਚੋਂ ਅਸੀਂ ਇਹਨਾਂ ਦਾ ਜ਼ਿਕਰ ਕਰਾਂਗੇ: ਡੂਹਰਿੰਗ ਦੇ ਖ਼ਿਲਾਫ਼ ਵਿਵਾਦੀ ਕਿਰਤ (ਜੋ ਦਰਸ਼ਨ, ਪ੍ਰਾਕਿਰਤਕ ਵਿਗਿਆਨ ਤੇ ਸਮਾਜਕ ਵਿਗਿਆਨਾਂ ਦੇ ਖੇਤਰ ਵਿੱਚ ਬੇਹੱਦ ਮਹੱਤਵਪੂਰਨ ਮਸਲਿਆਂ ਦਾ ਵਿਸ਼ਲੇਸ਼ਣ ਕਰਦੀ ਹੈ)*, "ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ"

---

* ਇਹ ਅਦਭੁੱਤ ਤੌਰ 'ਤੇ ਭਰਪੂਰ ਤੇ ਸਿੱਖਿਆ-ਦਾਇਕ ਕਿਤਾਬ ਹੈ।[72] ਬਦਕਿਸਮਤੀ ਨੂੰ ਇਸ ਦਾ ਸਿਰਫ਼ ਛੋਟਾ ਜਿਹਾ ਹਿੱਸਾ ਹੀ, ਜਿਹੜਾ ਸਮਾਜਵਾਦ ਦੇ ਵਿਕਾਸ ਦੀ ਇਤਿਹਾਸਕ ਰੂਪ-ਰੇਖਾ ਨਾਲ਼ ਸਬੰਧਤ ਹੈ, ਰੂਸੀ ਵਿੱਚ ਅਨੁਵਾਦ ਹੋਇਆ ਹੋਇਆ ਹੈ ("ਵਿਗਿਆਨਕ ਸਮਾਜਵਾਦ ਦਾ ਵਿਕਾਸ", ਦੂਜੀ ਐਡੀਸ਼ਨ, ਜਨੇਵਾ, 1892)।[73]

(ਰੂਸੀ ਵਿੱਚ ਅਨੁਵਾਦਿਤ, ਸੇਂਟ ਪੀਟਰਸਬਰਗ ਤੋਂ ਪ੍ਰਕਾਸ਼ਤ, ਤੀਜੀ ਐਡੀਸ਼ਨ, 1895), "ਲੁਡਵਿਗ ਫਿਊਰਬਾਖ"[74] (ਰੂਸੀ ਅਨੁਵਾਦ ਤੇ ਨੋਟ ਗਿ. ਪਲੈਖਾਨੋਵ ਵੱਲੋਂ, ਜਨੇਵਾ, 1892), ਰੂਸੀ ਸਰਕਾਰ ਦੀ ਵਿਦੇਸ਼ ਨੀਤੀ ਬਾਰੇ ਲੇਖ (ਜਨੇਵਾ ਤੋਂ ਨਿਕਲਦੇ "ਸੋਤਸਿਆਲ-ਦਿਮੋਕਰਾਤ", ਨੰ: 1 ਤੇ 2 ਵਿੱਚ ਰੂਸੀ ਵਿੱਚ ਅਨੁਵਾਦਿਤ)[75], ਘਰਾਂ ਦੇ ਮਸਲੇ ਬਾਰੇ ਕੁੱਝ ਸ਼ਾਨਦਾਰ ਲੇਖ[76] ਤੇ ਅਖ਼ੀਰ ਵਿੱਚ, ਰੂਸ ਦੇ ਆਰਥਕ ਵਿਕਾਸ ਬਾਰੇ ਦੋ ਛੋਟੇ ਪਰ ਬੜੇ ਕੀਮਤੀ ਲੇਖ ("ਰੂਸ ਬਾਰੇ ਫ਼ਰੈਡਰਿਕ ਏਂਗਲਜ਼", ਜ਼ਾਸੂਲਿਚ ਵੱਲੋਂ ਰੂਸੀ ਵਿੱਚ ਅਨੁਵਾਦਿਤ, ਜਨੇਵਾ, 1894)।[77] ਮਾਰਕਸ ਪੂੰਜੀ ਬਾਰੇ ਆਪਣੀ ਵਿਸ਼ਾਲ ਕਿਰਤ ਨੂੰ ਅੰਤਮ ਛੁਹਾਂ ਦੇਣ ਤੋਂ ਬਿਨਾਂ ਹੀ ਚੱਲ ਵੱਸੇ ਸਨ। ਪਰ ਹੱਥਲਿਖਤ ਪਹਿਲਾਂ ਹੀ ਪੂਰੀ ਹੋ ਚੁੱਕੀ ਸੀ ਤੇ ਆਪਣੇ ਮਿੱਤਰ ਦੀ ਮੌਤ ਤੋਂ ਮਗਰੋਂ, ਏਂਗਲਜ਼ ਨੇ "ਸਰਮਾਇਆ" ਦੀ ਦੂਜੀ ਤੇ ਤੀਜੀ ਸੈਂਚੀ ਨੂੰ ਤਿਆਰ ਕਰਨ ਤੇ ਪ੍ਰਕਾਸ਼ਤ ਕਰਨ ਦਾ ਭਾਰੀ ਕੰਮ ਆਪਣੇ ਸਿਰ ਲੈ ਲਿਆ। ਉਨ੍ਹਾਂ ਨੇ 1885 ਵਿੱਚ ਦੂਜੀ ਸੈਂਚੀ ਤੇ 1894 ਵਿੱਚ ਤੀਜੀ ਸੈਂਚੀ ਪ੍ਰਕਾਸ਼ਤ ਕੀਤੀ (ਉਨ੍ਹਾਂ ਦੀ ਮੌਤ ਨੇ ਚੌਥੀ ਸੈਂਚੀ ਦੀ ਤਿਆਰੀ ਨੂੰ ਰੋਕ ਦਿੱਤਾ)।[78] ਇਹਨਾਂ ਦੋ ਸੈਂਚੀਆਂ ਉੱਤੇ ਬੇਹੱਦ ਮਿਹਨਤ ਕਰਨੀ ਪਈ। ਆਸਟਰੀਆ ਦੇ ਸੋਸ਼ਲ-ਡੈਮੋਕਰੈਟ ਆਡਲੇਰ ਨੇ ਠੀਕ ਹੀ ਕਿਹਾ ਹੈ ਕਿ "ਸਰਮਾਇਆ" ਦੀ ਦੂਜੀ ਤੇ ਤੀਜੀ ਸੈਂਚੀ ਪ੍ਰਕਾਸ਼ਤ ਕਰਕੇ ਏਂਗਲਜ਼ ਨੇ ਉਸ ਪ੍ਰਤਿਭਾਵਾਨ ਮਨੁੱਖ ਦੀ ਆਲੀਸ਼ਾਨ ਯਾਦਗਾਰ ਉਸਾਰੀ, ਜਿਹੜੇ ਕਿ ਉਨ੍ਹਾਂ ਦਾ ਦੋਸਤ ਸਨ; ਐਸੀ ਯਾਦਗਾਰ, ਜਿਸ ਉੱਤੇ, ਬਿਨਾਂ ਐਸੀ ਇੱਛਾ ਦੇ ਹੁੰਦਿਆਂ ਹੋਇਆਂ, ਉਨ੍ਹਾਂ ਨੇ ਅਮਿੱਟ ਤੌਰ 'ਤੇ ਆਪਣਾ ਨਾਂ ਉਕਰ ਦਿੱਤਾ। ਸੱਚਮੁੱਚ, ਇਹ ਦੋ ਸੈਂਚੀਆਂ ਦੋ ਆਦਮੀਆਂ —ਮਾਰਕਸ ਤੇ ਏਂਗਲਜ਼— ਦੀ ਕਿਰਤ ਹਨ। ਪੁਰਾਣੀਆਂ ਪੌਰਾਣਿਕ ਕਥਾਵਾਂ ਵਿੱਚ ਮਿੱਤਰਤਾ ਦੀਆਂ ਕਈ ਹਿਰਦੇ-ਸਪਰਸ਼ੀ ਉਦਾਹਰਣਾਂ ਮਿਲਦੀਆਂ ਹਨ। ਯੂਰਪੀ ਪ੍ਰੋਲੇਤਾਰੀ ਕਹਿ ਸਕਦੇ ਹਨ ਕਿ ਉਹਨਾਂ ਦਾ ਵਿਗਿਆਨ ਦੋ ਵਿਦਵਾਨਾਂ ਤੇ ਘੁਲਾਟੀਆਂ ਵੱਲੋਂ ਸਿਰਜਿਆਂ ਗਿਆ ਸੀ, ਜਿਨ੍ਹਾਂ ਦਾ ਇੱਕ ਦੂਜੇ ਨਾਲ਼ ਰਿਸ਼ਤਾ ਮਨੁੱਖੀ ਦੋਸਤੀ ਬਾਰੇ ਪ੍ਰਾਚੀਨ ਲੋਕਾਂ ਦੀਆਂ ਅਤਿ ਦੀਆਂ ਹਿਰਦੇ-ਸਪਰਸ਼ੀ ਕਹਾਣੀਆਂ ਨੂੰ ਵੀ ਮਾਤ ਪਾਉਂਦਾ ਹੈ। ਏਂਗਲਜ਼ ਹਮੇਸ਼ਾ ਹੀ — ਤੇ, ਸਮੁੱਚੇ ਤੌਰ 'ਤੇ, ਠੀਕ ਹੀ— ਆਪਣੇ ਆਪ ਨੂੰ ਮਾਰਕਸ ਤੋਂ ਮਗਰੋਂ ਰੱਖਦੇ ਸਨ। "ਮਾਰਕਸ ਦੇ ਜੀਵਨਕਾਲ ਵਿੱਚ", ਉਨ੍ਹਾਂ ਨੇ ਆਪਣੇ ਇੱਕ ਪੁਰਾਣੇ ਮਿੱਤਰ ਨੂੰ ਲਿਖਿਆ, "ਮੈਂ ਦੂਜੀ ਥਾਂ ਰੱਖਦਾ ਸਾਂ।"[79] ਜੀਊਂਦੇ ਮਾਰਕਸ ਲਈ ਉਨ੍ਹਾਂ ਦਾ ਪਿਆਰ ਤੇ ਮੋਏ ਮਾਰਕਸ ਦੀ ਯਾਦ ਲਈ ਉਨ੍ਹਾਂ ਦਾ ਸਤਿਕਾਰ ਅਥਾਹ ਸਨ। ਇਹ ਕਰੜੇ ਘੁਲਾਟੀਏ ਤੇ ਸਹੀ ਸੋਚ ਵਾਲ਼ੇ ਚਿੰਤਕ ਡੂੰਘੀ ਤਰ੍ਹਾਂ ਪਿਆਰ ਕਰਨ ਵਾਲ਼ੀ ਆਤਮਾ ਦੇ ਮਾਲਕ ਸਨ।

1848-1849 ਦੀ ਲਹਿਰ ਤੋਂ ਪਿੱਛੋਂ, ਮਾਰਕਸ ਤੇ ਏਂਗਲਜ਼ ਨੇ ਜਲਾਵਤਨੀ ਵਿੱਚ ਆਪਣੇ ਆਪ ਨੂੰ ਵਿਗਿਆਨਕ ਖੋਜ ਤੱਕ ਸੀਮਤ ਨਾ ਰੱਖਿਆ। 1864 ਵਿੱਚ, ਮਾਰਕਸ ਨੇ "ਕੌਮਾਂਤਰੀ ਮਜ਼ਦੂਰ ਸੰਘ" ਦੀ ਨੀਂਹ ਰੱਖੀ ਤੇ ਪੂਰਾ ਇੱਕ ਦਹਾਕਾ ਇਸ ਦੀ ਅਗਵਾਈ ਕੀਤੀ। ਏਂਗਲਜ਼ ਨੇ ਵੀ ਇਸ ਦੇ ਮਾਮਲਿਆਂ ਵਿੱਚ ਸਰਗਰਮ ਹਿੱਸਾ ਲਿਆ। "ਕੌਮਾਂਤਰੀ ਸੰਘ", ਜਿਹੜਾ ਕਿ ਮਾਰਕਸ ਦੇ ਵਿਚਾਰ ਮੁਤਾਬਕ, ਸਾਰੇ ਦੇਸ਼ਾਂ ਦੇ ਪ੍ਰੋਲੇਤਾਰੀ ਨੂੰ

ਇੱਕ ਮੁੱਠ ਕਰਦਾ ਸੀ, ਦਾ ਕੰਮ ਮਜ਼ਦੂਰ ਜਮਾਤ ਲਹਿਰ ਦੇ ਵਿਕਾਸ ਲਈ ਅਥਾਹ ਮਹੱਤਤਾ ਰੱਖਦਾ ਸੀ। ਪਰ 70ਵਿਆਂ ਵਿੱਚ, "ਕੌਮਾਂਤਰੀ ਸੰਘ" ਦੇ ਖਤਮ ਹੋ ਜਾਣ ਤੋਂ ਮਗਰੋਂ ਵੀ, ਮਾਰਕਸ ਤੇ ਏਂਗਲਜ਼ ਦਾ ਏਕਤਾ ਪੈਦਾ ਕਰਨ ਵਾਲ਼ਾ ਰੋਲ਼ ਖਤਮ ਨਾ ਹੋਇਆ। ਇਸ ਦੇ ਉਲਟ, ਇਹ ਕਿਹਾ ਜਾ ਸਕਦਾ ਹੈ ਕਿ ਮਜ਼ਦੂਰ ਜਮਾਤ ਲਹਿਰ ਦ ਰੂਹਾਨੀ ਆਗੂਆਂ ਵਜੋਂ ਉਹਨਾਂ ਦੀ ਮਹੱਤਤਾ ਵਿੱਚ ਲਗਾਤਾਰ ਵਾਧਾ ਹੁੰਦਾ ਗਿਆ, ਕਿਉਂਕਿ ਲਹਿਰ ਖੁਦ ਨਿਰੰਤਰ ਵੱਧਦੀ ਗਈ। ਮਾਰਕਸ ਦੀ ਮੌਤ ਤੋਂ ਪਿੱਛੋਂ, ਏਂਗਲਜ਼ ਇਕੱਲਿਆਂ ਨੇ ਹੀ ਯੂਰਪੀ ਸਮਾਜਵਾਦੀਆਂ ਦੇ ਸਲਾਹਕਾਰ ਤੇ ਆਗੂ ਦਾ ਕੰਮ ਜਾਰੀ ਰੱਖਿਆ। ਜਰਮਨ ਸਮਾਜਵਾਦੀਆਂ ਵੱਲੋਂ ਵੀ, ਜਿਨ੍ਹਾਂ ਦੀ ਤਾਕਤ ਸਰਕਾਰੀ ਜਬਰ ਦੇ ਬਾਵਜੂਦ ਨਿਰੰਤਰ ਤੇ ਤੇਜ਼ੀ ਨਾਲ਼ ਵੱਧਦੀ ਜਾ ਰਹੀ ਸੀ ਤੇ ਸਪੇਨ, ਰੁਮਾਨੀਆ ਤੇ ਰੂਸ ਵਰਗੇ ਪਛੜੇ ਦੇਸ਼ਾਂ ਦੇ ਸਮਾਜਵਾਦੀਆਂ ਵੱਲੋਂ ਵੀ, ਜਿਹੜੇ ਆਪਣੇ ਪਹਿਲੇ ਕਦਮਾਂ ਬਾਰੇ ਸੋਚਣ ਤੇ ਉਹਨਾਂ ਨੂੰ ਮਾਪਣ-ਜੋਖਣ ਲਈ ਮਜਬੂਰ ਹੁੰਦੇ ਸਨ, ਏਂਗਲਜ਼ ਦੀ ਸਲਾਹ ਤੇ ਅਗਵਾਈ ਲੈਣ ਦੀ ਇੱਕੋ ਜਿੰਨੀ ਕੋਸ਼ਿਸ਼ ਕੀਤੀ ਜਾਂਦੀ ਸੀ। ਉਹਨਾਂ ਸਾਰਿਆਂ ਨੇ ਉਹਨਾਂ ਦੇ ਬੁਢਾਪੇ ਵਿੱਚ ਏਂਗਲਜ਼ ਦੇ ਗਿਆਨ ਤੇ ਤਜ਼ਰਬੇ ਦੇ ਭਰਪੂਰ ਭੰਡਾਰ ਤੋਂ ਲਾਭ ਉਠਾਇਆ।

ਮਾਰਕਸ ਤੇ ਏਂਗਲਜ਼ ਦੋਵੇਂ ਹੀ ਰੂਸੀ ਜਾਣਦੇ ਸਨ ਤੇ ਰੂਸੀ ਕਿਤਾਬਾਂ ਪੜ੍ਹਦੇ ਸਨ, ਉਹ ਇਸ ਦੇਸ਼ ਵਿੱਚ ਸਜੀਵ ਦਿਲਚਸਪੀ ਲੈਂਦੇ ਸਨ, ਰੂਸੀ ਇਨਕਲਾਬੀ ਲਹਿਰ ਵੱਲ ਹਮਦਰਦੀ ਭਰਿਆ ਧਿਆਨ ਦੇਂਦੇ ਸਨ ਤੇ ਰੂਸੀ ਇਨਕਲਾਬੀਆਂ ਨਾਲ਼ ਸੰਪਰਕ ਰੱਖਦੇ ਸਨ। ਉਹ ਦੋਵੇਂ ਹੀ **ਜਨਵਾਦੀ** ਬਣਨ ਤੋਂ ਪਿੱਛੋਂ ਸਮਾਜਵਾਦੀ ਬਣੇ ਤੇ ਰਾਜਸੀ ਧੱਕੜਸ਼ਾਹੀ ਲਈ **ਨ਼ਫਰਤ** ਦੀ ਜਮਹੂਰੀ ਭਾਵਨਾ ਉਹਨਾਂ ਵਿੱਚ ਬੇਹੱਦ ਜ਼ੋਰਦਾਰ ਸੀ। ਇਸ ਸਿੱਧੇ ਰਾਜਸੀ ਅਹਿਸਾਸ ਨੇ, ਰਾਜਸੀ ਧੱਕੜਸ਼ਾਹੀ ਤੇ ਆਰਥਕ ਜਬਰ ਵਿਚਕਾਰ ਸਬੰਧ ਦੀ ਡੂੰਘੀ ਸਿਧਾਂਤਕ ਸੂਝ ਨਾਲ਼ ਤੇ ਉਹਨਾਂ ਦੇ ਭਰਪੂਰ ਜੀਵਨ ਤਜਰਬੇ ਨਾਲ਼ ਮਿਲ ਕੇ, ਮਾਰਕਸ ਤੇ ਏਂਗਲਜ਼ ਨੂੰ **ਰਾਜਸੀ** ਪੱਖੋਂ ਅਸਾਧਾਰਨ ਤੌਰ 'ਤੇ ਸੰਵੇਦਨਸ਼ੀਲ ਬਣਾ ਦਿੱਤਾ। ਇਹੀ ਕਾਰਨ ਹੈ ਕਿ ਸ਼ਕਤੀਸ਼ਾਲੀ ਜ਼ਾਰਸ਼ਾਹੀ ਸਰਕਾਰ ਦੇ ਖ਼ਿਲਾਫ਼ ਮੁੱਠੀ ਕੁ ਭਰ ਰੂਸੀ ਇਨਕਲਾਬੀਆਂ ਦੇ ਬਹਾਦਰਾਨਾ ਘੋਲ਼ ਨੇ ਇਹਨਾਂ ਅਜ਼ਮਾਏ ਹੋਏ ਇਨਕਲਾਬੀਆਂ ਦੇ ਦਿਲਾਂ ਵਿੱਚ ਬੇਹੱਦ ਹਮਦਰਦੀਭਰੀ ਗੂੰਜ ਪੈਦਾ ਕੀਤੀ। ਦੂਜੇ ਪਾਸੇ, ਭੁਲਾਂਦਰ-ਮਈ ਆਰਥਕ ਲਾਭਾਂ ਦੀ ਖਾਤਰ, ਰੂਸੀ ਸਮਾਜਵਾਦੀਆਂ ਦੇ ਸਭ ਤੋਂ ਵੱਧ ਫੌਰੀ ਤੇ ਮਹੱਤਵਪੂਰਨ ਕਾਰਜ, ਭਾਵ, ਰਾਜਸੀ ਅਜ਼ਾਦੀ ਜਿੱਤਣਾ, ਤੋਂ ਮੂੰਹ ਮੋੜਨ ਦਾ ਰੁਝਾਣ ਕੁਦਰਤੀ ਤੌਰ 'ਤੇ ਉਹਨਾਂ ਨੂੰ ਸ਼ੱਕੀ ਲੱਗਦਾ ਸੀ ਤੇ ਸਗੋਂ ਉਹ ਇਸ ਨੂੰ ਸਮਾਜਕ ਇਨਕਲਾਬ ਦੇ ਮਹਾਨ ਉਦੇਸ਼ ਨਾਲ਼ ਸਿੱਧੀ ਗ਼ੱਦਾਰੀ ਸਮਝਦੇ ਸਨ। "ਮਜ਼ਦੂਰਾਂ ਦੀ ਮੁਕਤੀ ਖੁਦ ਮਜ਼ਦੂਰ ਜਮਾਤ ਦਾ ਕੰਮ ਹੋਣਾ ਚਾਹੀਦਾ ਹੈ"— ਮਾਰਕਸ ਤੇ ਏਂਗਲਜ਼ ਲਗਾਤਾਰ ਇਸ ਗੱਲ ਦੀ ਸਿੱਖਿਆ ਦੇਂਦੇ ਸਨ।[80] ਪਰ ਆਪਣੀ ਮੁਕਤੀ ਖਾਤਰ ਲੜਨ ਲਈ, ਪ੍ਰੋਲੇਤਾਰੀ ਨੂੰ ਆਪਣੇ ਲਈ ਕੁੱਝ **ਰਾਜਸੀ** ਅਧਿਕਾਰ ਪ੍ਰਾਪਤ ਕਰਨੇ ਚਾਹੀਦੇ ਹਨ। ਇਸ ਤੋਂ ਛੁੱਟ, ਮਾਰਕਸ ਤੇ ਏਂਗਲਜ਼ ਨੇ ਸਪੱਸ਼ਟ ਦੇਖ ਲਿਆ ਸੀ ਕਿ ਰੂਸ ਵਿੱਚ ਰਾਜਸੀ ਇਨਕਲਾਬ ਦੀ ਪੱਛਮ ਯੂਰਪੀ ਮਜ਼ਦੂਰ ਜਮਾਤ ਲਹਿਰ ਲਈ ਵੀ ਭਾਰੀ ਮਹੱਤਤਾ

ਹੋਵੇਗੀ। ਇਕ-ਪੁਰਖੇ ਰਾਜ ਵਾਲ਼ਾ ਰੂਸ ਆਮ ਕਰਕੇ ਯੂਰਪੀ ਪਿਛਾਖ਼ੜ ਦੀ ਹਮੇਸ਼ਾ ਹੀ ਓਟ ਰਿਹਾ ਸੀ। 1870 ਦੀ ਜੰਗ ਦੇ ਸਿੱਟੇ ਵਜੋਂ, ਜਿਸ ਨੇ ਫ਼ਰਾਂਸ ਤੇ ਜਰਮਨੀ ਵਿਚਕਾਰ ਬਹੁਤ ਦੇਰ ਤੱਕ ਫੁੱਟ ਪਾ ਛੱਡੀ, ਰੂਸ ਵੱਲੋਂ ਪ੍ਰਾਪਤ ਕੀਤੀ ਗਈ ਅਸਾਧਾਰਨ ਤੌਰ 'ਤੇ ਢੁੱਕਵੀਂ ਕੌਮਾਂਤਰੀ ਪੁਜ਼ੀਸ਼ਨ ਨੇ ਬੇਸ਼ੱਕ ਪਿਛਾਂਹਖਿਚੂ ਤਾਕਤ ਵਜੋਂ ਹੀ ਇੱਕ-ਪੁਰਖੇ ਰਾਜ ਵਾਲ਼ੇ ਰੂਸ ਦੀ ਮਹੱਤਤਾ ਨੂੰ ਵਧਾਇਆ। ਸਿਰਫ਼ ਅਜ਼ਾਦ ਰੂਸ ਹੀ, ਐਸਾ ਰੂਸ ਜਿਸ ਨੂੰ ਨਾ ਤਾਂ ਪੋਲਾਂ, ਫਿੰਨਾਂ, ਜਰਮਨਾਂ ਤੇ ਆਰਮੀਨੀਅਨਾਂ ਜਾਂ ਦੂਜੀਆਂ ਛੋਟੀਆਂ ਕੌਮਾਂ ਨੂੰ ਦਬਾਉਣ ਦੀ ਲੋੜ ਹੋਵੇ ਤੇ ਨਾ ਹੀ ਫ਼ਰਾਂਸ ਤੇ ਜਰਮਨੀ ਨੂੰ ਲਗਾਤਾਰ ਇੱਕ ਦੂਜੇ ਦੇ ਖ਼ਿਲਾਫ਼ ਲੜਾਉਣ ਦੀ ਲੋੜ ਹੋਵੇ, ਆਧੁਨਿਕ ਯੂਰਪ ਨੂੰ ਜੰਗ ਦੇ ਬੋਝ ਤੋਂ ਮੁਕਤ ਸਾਹ ਲੈਣ ਦੇ ਯੋਗ ਬਣਾਏਗਾ, ਯੂਰਪ ਵਿਚਲੇ ਸਾਰੇ ਪਿਛਾਂਹਖਿੱਚੂ ਅਨਸਰਾਂ ਨੂੰ ਕਮਜ਼ੋਰ ਕਰੇਗਾ ਤੇ ਯੂਰਪੀ ਮਜ਼ਦੂਰ ਜਮਾਤ ਨੂੰ ਮਜ਼ਬੂਤ ਕਰੇਗਾ। ਇਸੇ ਵਿੱਚ ਏਂਗਲਜ਼ ਪੱਛਮ ਵਿੱਚ ਵੀ ਮਜ਼ਦੂਰ ਜਮਾਤ ਲਹਿਰ ਦੀ ਤਰੱਕੀ ਦੀ ਖਾਤਰ ਰੂਸ ਵਿੱਚ ਰਾਜਸੀ ਅਜ਼ਾਦੀ ਦੀ ਸਥਾਪਨਾ ਦੇ ਦ੍ਰਿੜ ਇਛੁੱਕ ਸਨ। ਉਨ੍ਹਾਂ ਦੇ ਰੂਪ ਵਿੱਚ, ਰੂਸੀ ਇਨਕਲਾਬੀਆਂ ਦਾ ਸਭ ਤੋਂ ਚੰਗਾ ਮਿੱਤਰ ਜਾਂਦਾ ਰਿਹਾ ਹੈ।

ਆਓ, ਅਸੀਂ ਮਹਾਨ ਘੁਲਾਟੀਏ ਤੇ ਪ੍ਰੋਲੇਤਾਰੀਆਂ ਦੇ ਅਧਿਆਪਕ, ਫ਼ਰੈਡਰਿਕ ਏਂਗਲਜ਼ ਦੀ ਯਾਦ ਦਾ ਹਮੇਸ਼ਾ ਹੀ ਸਤਿਕਾਰ ਕਰਦੇ ਰਹੀਏ!

1895 ਦੀ ਪਤਝੜ ਵਿੱਚ ਲਿਖਿਆ।

# ਮਾਰਕਸਵਾਦ ਦੇ ਤਿੰਨ ਸੋਮੇ ਤੇ ਤਿੰਨ ਅੰਗ-ਰੂਪ ਹਿੱਸੇ[81]

ਸਮੁੱਚੀ ਸਭਿਅ ਦੁਨੀਆ ਵਿੱਚ ਮਾਰਕਸ ਦੀਆਂ ਸਿੱਖਿਆਵਾਂ ਨੇ ਬੁਰਜੂਆ ਵਿਗਿਆਨ, ਦੋਵਾਂ ਸਰਕਾਰੀ ਤੇ ਉਦਾਰਵਾਦੀ, ਦੀ ਅਤਿ ਦੀ ਦੁਸ਼ਮਣੀ ਤੇ ਘ੍ਰਿਣਾ ਜਗਾਈ, ਜਿਹੜਾ ਮਾਰਕਸਵਾਦ ਨੂੰ ਇੱਕ ਕਿਸਮ ਦਾ "ਘਾਤਕ ਮੱਤ" ਸਮਝਦਾ ਹੈ ਤੇ ਹੋਰ ਕਿਸੇ ਵਤੀਰੇ ਦੀ ਆਸ ਨਹੀਂ ਰੱਖੀ ਜਾ ਸਕਦੀ, ਕਿਉਂ ਜੁ ਜਮਾਤੀ ਘੋਲ਼ ਉੱਤੇ ਅਧਾਰਤ ਸਮਾਜ ਵਿੱਚ ਕੋਈ ਵੀ "ਨਿਰਪੱਖ" ਸਮਾਜਕ ਵਿਗਿਆਨ ਨਹੀਂ ਹੋ ਸਕਦਾ। ਇੱਕ ਜਾਂ ਦੂਜੇ ਢੰਗ ਨਾਲ਼ **ਸਾਰਾ** ਸਰਕਾਰੀ ਤੇ ਉਦਾਰਵਾਦੀ ਵਿਗਿਆਨ ਉਜਰਤੀ ਗੁਲਾਮੀ ਦੀ **ਹਮਾਇਤ ਕਰਦਾ ਹੈ**, ਜਦੋਂ ਕਿ ਮਾਰਕਸਵਾਦ ਨੇ ਉਜਰਤੀ ਗੁਲਾਮੀ ਵਿਰੁੱਧ ਬੇ-ਕਿਰਕ ਜੰਗ ਦਾ ਐਲਾਨ ਕੀਤਾ ਹੋਇਆ ਹੈ। ਉਜਰਤੀ ਗੁਲਾਮੀ ਵਾਲ਼ੇ ਸਮਾਜ ਵਿੱਚ ਵਿਗਿਆਨ ਦੇ ਨਿਰਪੱਖ ਹੋਣ ਦੀ ਆਸ ਰੱਖਣਾ ਉਵੇਂ ਹੀ ਮੂਰਖਤਾ ਤੇ ਭੋਲਾਪਣ ਹੈ, ਜਿਵੇਂ ਕਾਰਖਾਨੇਦਾਰਾਂ ਤੋਂ ਇਸ ਸਵਾਲ ਸਬੰਧੀ ਨਿਰਪੱਖਤਾ ਦੀ ਆਸ ਰੱਖਣਾ ਕਿ ਕੀ ਪੂੰਜੀ ਦੇ ਮੁਨਾਫੇ ਘਟਾ ਕੇ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਵਾਧਾ ਨਹੀਂ ਕੀਤਾ ਜਾਣਾ ਚਾਹੀਦਾ।

ਪਰ ਇਹ ਹੀ ਸਾਰਾ ਕੁੱਝ ਨਹੀਂ। ਦਰਸ਼ਨ ਦਾ ਇਤਿਹਾਸ ਤੇ ਸਮਾਜਕ ਵਿਗਿਆਨ ਦਾ ਇਤਿਹਾਸ ਪੂਰਨ ਸਪੱਸ਼ਟਤਾ ਸਹਿਤ ਦਰਸਾਉਂਦਾ ਹੈ ਕਿ ਮਾਰਕਸਵਾਦ ਵਿੱਚ ਇੱਕ ਕੱਟੜ, ਸਿਲ-ਪੱਥਰ ਮੱਤ ਦੇ ਅਰਥ ਵਿੱਚ, ਇੱਕ ਅਜਿਹੇ ਮੱਤ ਦੇ ਅਰਥ ਵਿੱਚ, ਜੋ ਸੰਸਾਰ-ਸੱਭਿਅਤਾ ਦੇ ਵਿਕਾਸ ਦੀ ਸ਼ਾਹਰਾਹ **ਤੋਂ ਦੂਰ** ਖੜਾ ਹੋਵੇ, "ਤੰਗ ਨਜ਼ਰੀ" ਨਾਲ਼ ਮਿਲਦੀ-ਜੁਲਦੀ ਕੋਈ ਚੀਜ਼ ਨਹੀਂ। ਇਹ ਦੇ ਉਲਟ ਸਗੋਂ ਮਾਰਕਸ ਦੀ ਪ੍ਰਤਿਭਾ ਐਨ ਏਸੇ ਗੱਲ ਵਿੱਚ ਹੈ ਕਿ ਉਹਨਾਂ ਨੇ ਅਜਿਹੇ ਸਵਾਲਾਂ ਦੇ ਜਵਾਬ ਮੁਹੱਈਆ ਕੀਤੇ ਜੋ ਮਨੁੱਖ-ਜਾਤੀ ਦੇ ਸਭ ਤੋਂ ਸ਼੍ਰੇਸ਼ਠ ਦਿਮਾਗਾਂ ਨੇ ਉਠਾਏ ਹੋਏ ਸਨ। ਉਹਨਾਂ ਦੀਆਂ ਸਿੱਖਿਆਵਾਂ ਦਰਸ਼ਨ, ਰਾਜਸੀ ਆਰਥਕਤਾ ਤੇ ਸਮਾਜਵਾਦ ਦੇ ਸਭ ਤੋਂ ਮਹਾਨ ਪ੍ਰਤੀਨਿੱਧਾਂ ਦੀਆਂ ਸਿੱਖਿਆਵਾਂ ਦੀ ਸਿੱਧੀ ਤੇ ਫ਼ੌਰੀ **ਨਿਰੰਤਰਤਾ** ਵਜੋਂ ਪੈਦਾ ਹੋਈਆਂ।

ਮਾਰਕਸੀ ਮੱਤ ਸਰਬ-ਸ਼ਕਤੀਮਾਨ ਹੈ ਕਿਉਂ ਜੋ ਇਹ ਸੱਚਾ ਹੈ। ਇਹ ਪੂਰਨ ਤੇ ਇੱਕਸੁਰ ਹੈ ਤੇ ਲੋਕਾਂ ਨੂੰ ਇੱਕ ਸਮੂਲਚਾ ਸੰਸਾਰ ਸੰਕਲਪ ਦੇਂਦਾ ਹੈ, ਜੋ ਕਿਸੇ ਵੀ ਸ਼ਕਲ ਦੇ ਵਹਿਮ, ਪਿਛਾਖੜ ਜਾਂ ਬੁਰਜੂਆ ਜਬਰ ਦੀ ਹਮਾਇਤ ਦਾ ਕੱਟੜ ਦੁਸ਼ਮਣ ਹੈ। ਇਹ ਉਸ ਸਭ ਤੋਂ ਚੰਗੇ ਕੁੱਝ ਦਾ ਹੱਕੀ ਵਾਰਸ ਹੈ, ਜੋ ਮਨੁੱਖ-ਜਾਤੀ ਨੇ 19ਵੀਂ ਸਦੀ ਵਿੱਚ ਜਰਮਨ ਦਰਸ਼ਨ, ਅੰਗਰੇਜ਼ ਰਾਜਸੀ ਆਰਥਕਤਾ ਅਤੇ ਫ਼ਰਾਂਸੀਸੀ ਸੋਸ਼ਲਿਜ਼ਮ ਦੀ ਸ਼ਕਲ ਵਿੱਚ ਰਚਿਆ।

ਮਾਰਕਸਵਾਦ ਦੇ ਇਹਨਾਂ ਤਿੰਨਾਂ ਸੋਮਿਆਂ ਦਾ ਤੇ ਇਹਨਾਂ ਤਿੰਨਾਂ ਅੰਗ-ਰੂਪ ਹਿੱਸਿਆਂ ਦਾ, ਅਸੀਂ ਸੰਖੇਪ ਰੂਪ ਵਿੱਚ ਵਰਨਣ ਕਰਾਂਗੇ।

## 1

ਮਾਰਕਸਵਾਦ ਦਾ ਦਰਸ਼ਨ **ਪਦਾਰਥਵਾਦ** ਹੈ। ਯੂਰਪ ਦੇ ਸਮੁੱਚੇ ਅਜੋਕੇ ਇਤਿਹਾਸ ਦੇ ਦੌਰਾਨ ਤੇ ਖਾਸ ਕਰਕੇ ਫ਼ਰਾਂਸ ਵਿਚ ਅਠਾਰ੍ਹਵੀਂ ਸਦੀ ਅੰਤ ਵਿੱਚ ਫ਼ਰਾਂਸ, ਜੋ ਹਰ ਕਿਸਮ ਦੇ ਮੱਧਕਾਲੀ ਕੂੜੇ ਵਿਰੁੱਧ, ਸੰਸਥਾਵਾਂ ਤੇ ਵਿਚਾਰਾਂ ਵਿੱਚ ਸਾਮੰਤਵਾਦ ਵਿਰੁੱਧ, ਫ਼ੈਸਲਾਕੁਨ ਲੜਾਈ ਦਾ ਖੇਤਰ ਸੀ, ਪਦਾਰਥਵਾਦ ਇੱਕੋ-ਇੱਕ ਦਰਸ਼ਨ ਸਿੱਧ ਹੋਇਆ ਹੈ, ਜੋ ਪ੍ਰਾਕਿਰਤਕ ਵਿਗਿਆਨਾਂ ਦੀਆਂ ਸਭਨਾਂ ਸਿੱਖਿਆਵਾਂ ਪ੍ਰਤੀ ਵਫਾਦਾਰ ਤੇ ਇੱਕਸਾਰ ਹੈ ਤੇ ਵਹਿਮ, ਪਖੰਡ ਆਦਿ ਦਾ ਵੈਰੀ ਹੈ। ਇਸ ਲਈ ਜਮਹੂਰੀਅਤ ਦੇ ਦੁਸ਼ਮਣਾਂ ਨੇ ਪਦਾਰਥਵਾਦ ਨੂੰ "ਰੱਦਣ", ਇਹਦੀ ਜੜ੍ਹਾ ਨੂੰ ਤੇਲ ਦੇਣ ਤੇ ਭੰਡਣ ਲਈ ਆਪਣੀ ਸਾਰੀ ਵਾਹ ਲਾਈ ਤੇ ਦਾਰਸ਼ਨਿਕ ਵਿਚਾਰਵਾਦ ਦੀਆਂ, ਜੋ ਹਮੇਸ਼ਾ ਹੀ ਇੱਕ ਜਾਂ ਦੂਜੇ ਢੰਗ ਨਾਲ਼ ਧਰਮ ਦੀ ਵਕਾਲਤ ਜਾਂ ਹਿਮਾਇਤ ਸਮਾਨ ਹੁੰਦਾ ਹੈ, ਵੱਖ-ਵੱਖ ਸ਼ਕਲਾਂ ਦਾ ਪੱਖ ਪੂਰਿਆ।

ਮਾਰਕਸ ਤੇ ਏਂਗਲਜ਼ ਨੇ ਦਾਰਸ਼ਨਿਕ ਪਦਾਰਥਵਾਦ ਦੀ ਅਤਿਅੰਤ ਦ੍ਰਿੜ੍ਹ ਢੰਗ ਨਾਲ਼ ਪ੍ਰੋੜ੍ਹਤਾ ਕੀਤੀ ਤੇ ਇਸ ਅਧਾਰ ਤੋਂ ਹਰ ਕੁਰਾਹੇ ਦੀ ਡੂੰਘੀ ਗਲਤੀ ਦੀ ਵਾਰ-ਵਾਰ ਵਿਆਖਿਆ ਕੀਤੀ। ਉਹਨਾਂ ਦੇ ਵਿਚਾਰਾਂ ਦੀ ਸਭ ਤੋਂ ਸਪੱਸ਼ਟ ਤੇ ਪੂਰਨ ਵਿਆਖਿਆ ਏਂਗਲਜ਼ ਦੀਆਂ ਲਿਖਤਾਂ, "ਲੁਡਵਿਗ ਫਿਊਰਬਾਖ" ਤੇ "ਡੂਹਰਿੰਗ ਵਿਰੁੱਧ" ਵਿੱਚ ਕੀਤੀ ਗਈ, ਜੋ, "ਕਮਿਊਨਿਸਟ ਮੈਨੀਫੈਸਟੋ"[82] ਵਾਂਗ ਪਰ ਜਮਾਤੀ-ਸੂਝ ਵਾਲ਼ੇ ਮਜ਼ਦੂਰ ਲਈ ਗੁਟਕੇ ਹਨ।

ਪਰ ਮਾਰਕਸ ਅਠਾਰ੍ਹਵੀਂ ਸਦੀ ਦੇ ਪਦਾਰਥਵਾਦ ਉੱਤੇ ਹੀ ਨਹੀਂ ਰੁੱਕ ਗਏ; ਉਨ੍ਹਾਂ ਨੇ ਦਰਸ਼ਨ ਨੂੰ ਅੱਗੇ ਤੋਰਿਆ। ਉਨ੍ਹਾਂ ਨੇ ਇਹਨੂੰ ਜਰਮਨ ਕਲਾਸੀਕੀ ਦਰਸ਼ਨ ਦੀਆਂ ਖਾਸ ਕਰਕੇ ਹੀਗਲੀ ਪ੍ਰਣਾਲੀ ਦੀਆਂ, ਜੋ ਆਪਣੀ ਵਾਰੀ ਫਿਊਰਬਾਖ ਦੇ ਪਦਾਰਥਵਾਦ ਵੱਲ ਲਿਜਾਂਦੀ ਸੀ, ਪ੍ਰਾਪਤੀਆਂ ਨਾਲ਼ ਭਰਪੂਰ ਕੀਤਾ। ਇਹਨਾਂ ਪ੍ਰਾਪਤੀਆਂ ਵਿੱਚੋਂ ਮੁੱਖ ਪ੍ਰਾਪਤੀ **ਦਵੰਦਵਾਦ** ਹੈ, ਭਾਵ, ਪੂਰਨ ਤੋਂ ਪੂਰਨ ਤੇ ਡੂੰਘੀ ਤੋਂ ਡੂੰਘੀ ਸ਼ਕਲ ਵਿੱਚ, ਇੱਕ-ਪਾਸੜਪਨ ਤੋਂ ਮੁਕਤ ਵਿਕਾਸ ਦਾ ਮੱਤ, ਮਨੁੱਖੀ ਗਿਆਨ ਦੀ ਸਾਪੇਖਤਾ ਦਾ ਮੱਤ ਜੋ ਸਾਨੂੰ ਸਦੀਵੀ ਰੂਪ ਉੱਤੇ ਵਿਕਾਸ ਕਰਦੇ ਪਦਾਰਥ ਦਾ ਪ੍ਰਤੀਬਿੰਬ ਮੁਹੱਈਆ ਕਰਦਾ ਹੈ। ਪ੍ਰਾਕਿਰਤਕ ਵਿਗਿਆਨ ਦੀਆਂ ਨਵੀਨਤਮ ਲੱਭਤਾਂ— ਰੇਡੀਅਮ, ਅਲੈਕਟਰੋਨ, ਤੱਤਾਂ ਦਾ ਰੂਪਾਂਤਰ — ਨੇ ਬੁਰਜੂਆ ਦਾਰਸ਼ਵੇਤਾਵਾਂ ਦੀਆਂ, ਪੁਰਾਣੇ ਤੇ ਗਲੇ-ਸੜੇ ਵਿਚਾਰਵਾਦ ਵੱਲ "ਨਵੇਂ" ਮੋੜਾਂ ਸਹਿਤ, ਸਿੱਖਿਆਵਾਂ ਦੇ ਬਾਵਜੂਦ ਵੀ ਮਾਰਕਸ ਦੇ ਦਵੰਦਵਾਦੀ ਪਦਾਰਥਵਾਦ ਦੀ ਸ਼ਾਨਦਾਰ ਢੰਗ ਨਾਲ਼ ਪੁਸ਼ਟੀ ਕੀਤੀ ਹੈ।

ਦਾਰਸ਼ਨਿਕ ਪਦਾਰਥਵਾਦ ਨੂੰ ਡੂੰਘਿਆਂ ਤੇ ਵਿਕਸਤ ਕਰਦਿਆਂ ਮਾਰਕਸ ਨੇ ਉਹਨੂੰ ਮੁਕੰਮਲ ਕੀਤਾ, ਇਹਦੇ ਪ੍ਰਕਿਰਤੀ ਦੇ ਗਿਆਨ ਨੂੰ **ਮਨੁੱਖੀ ਸਮਾਜ** ਦੇ ਗਿਆਨ ਤੱਕ ਵਧਾਇਆ। ਮਾਰਕਸ ਦਾ **ਇਤਿਹਾਸਕ ਪਦਾਰਥਵਾਦ** ਵਿਗਿਆਨਕ ਚਿੰਤਨ ਦੀ ਸਭ ਤੋਂ ਮਹਾਨ ਪ੍ਰਾਪਤੀ ਸੀ। ਉਸ ਗੜਬੜ ਤੇ ਆਪਹੁਦਰਤਾ, ਜਿਹਦਾ ਪਹਿਲੋਂ ਇਤਿਹਾਸ ਤੇ ਸਿਆਸਤ ਸਬੰਧੀ ਵਿਚਾਰਾਂ ਵਿੱਚ ਦੌਰ-ਦੌਰਾ ਹੁੰਦਾ ਸੀ, ਦੀ ਥਾਂ ਧਿਆਨ-ਖਿਚਵੀਂ ਹੱਦ ਤੱਕ

ਸਮੂਲਚੇ ਤੇ ਇੱਕਸੁਰ ਵਿਗਿਆਨਕ ਸਿਧਾਂਤ ਨੇ ਲੈ ਲਈ, ਜੋ ਦਰਸਾਉਂਦਾ ਹੈ ਕਿ ਕਿਵੇਂ ਉਤਪਾਦਨਕਾਰੀ ਸ਼ਕਤੀਆਂ ਦੇ ਵਾਧੇ ਦੇ ਸਿੱਟੇ ਵਜੋਂ, ਸਮਾਜਕ ਜੀਵਨ ਦੇ ਇੱਕ ਪ੍ਰਬੰਧ ਵਿੱਚੋਂ ਇੱਕ ਹੋਰ ਤੇ ਉਚੇਰਾ ਪ੍ਰਬੰਧ ਵਿਕਸਦਾ ਹੈ — ਮਿਸਾਲ ਵਜੋਂ, ਕਿਵੇਂ ਪੂੰਜੀਵਾਦ ਸਾਮੰਤਵਾਦ ਵਿੱਚੋਂ ਉਗਮਦਾ ਹੈ।

ਜਿਵੇਂ ਮਨੁੱਖੀ ਗਿਆਨ ਪ੍ਰਕਿਰਤੀ (ਭਾਵ ਵਿਕਾਸ ਕਰ ਰਹੇ ਪਦਾਰਥ) ਨੂੰ ਪ੍ਰਤੀਬਿੰਬਤ ਕਰਦਾ ਹੈ, ਜੋ ਉਹਦੇ ਤੋਂ ਸੁਤੰਤਰ ਰੂਪ ਵਿਚ ਕਾਇਮ ਹੈ, ਤਿਵੇਂ ਹੀ ਮਨੁੱਖ ਦਾ **ਸਮਾਜਕ ਗਿਆਨ** (ਭਾਵ, ਉਹਦੇ ਵੱਖ-ਵੱਖ ਵਿਚਾਰ ਤੇ ਮੱਤ — ਦਾਰਸ਼ਨਿਕ, ਧਾਰਮਿਕ, ਰਾਜਸੀ ਇਤਿਆਦਿ) ਸਮਾਜ ਦਾ **ਆਰਥਕ ਪ੍ਰਬੰਧ** ਪ੍ਰਤੀਬਿੰਬਤ ਕਰਦਾ ਹੈ। ਰਾਜਸੀ ਸੰਸਥਾਵਾਂ ਆਰਥਕ ਬੁਨਿਆਦ ਉੱਪਰ ਪਰਾਬਣਤਰ ਹਨ। ਮਿਸਾਲ ਵਜੋਂ, ਅਸੀਂ ਵੇਖਦੇ ਹਾਂ ਕਿ ਅਜੋਕੀਆਂ ਯੂਰਪੀ ਰਾਜਾਂ ਦੀਆਂ ਵੱਖ-ਵੱਖ ਰਾਜਸੀ ਸ਼ਕਲਾਂ ਪ੍ਰੋਲੇਤਾਰੀ ਉੱਤੇ ਬੁਰਜੂਆਜ਼ੀ ਦੇ ਰਾਜ ਨੂੰ ਮਜ਼ਬੂਤ ਕਰਨ ਦੇ ਕੰਮ ਆਉਂਦੀਆਂ ਹਨ।

ਮਾਰਕਸ ਦਾ ਦਰਸ਼ਨ ਮੁਕੰਮਲ ਦਾਰਸ਼ਨਿਕ ਪਦਾਰਥਵਾਦ ਹੈ, ਜਿਸ ਨੇ ਮਨੁੱਖਜਾਤੀ ਨੂੰ ਤੇ ਖਾਸ ਕਰਕੇ ਮਜ਼ਦੂਰ ਜਮਾਤ ਨੂੰ, ਗਿਆਨ ਦੇ ਬਲਵਾਨ ਹਥਿਆਰ ਦਿੱਤੇ ਹਨ।

## 2

ਇਹ ਮੰਨਦਿਆਂ ਕਿ ਆਰਥਕ ਪ੍ਰਬੰਧ ਉਹ ਬੁਨਿਆਦ ਹੈ, ਜਿਸ ਉੱਤੇ ਰਾਜਸੀ ਪਰਾਬਣਤਰ ਖੜੀ ਹੁੰਦੀ ਹੈ, ਮਾਰਕਸ ਨੇ ਇਸ ਆਰਥਕ ਪ੍ਰਬੰਧ ਦੇ ਅਧਿਐਨ ਵੱਲ ਅਤਿਅੰਤ ਧਿਆਨ ਦਿੱਤਾ। ਮਾਰਕਸ ਦੀ ਮੁੱਖ ਰਚਨਾ, "ਸਰਮਾਇਆ", ਅਜੋਕੇ, ਭਾਵ, ਪੂੰਜੀਵਾਦੀ, ਸਮਾਜ ਦੇ ਆਰਥਕ ਪ੍ਰਬੰਧ ਦੇ ਅਧਿਐਨ ਨੂੰ ਸਮਰਪਤ ਹੈ।

ਮਾਰਕਸ ਤੋਂ ਪਹਿਲਾਂ, ਕਲਾਸੀਕੀ ਰਾਜਸੀ ਆਰਥਕਤਾ ਪੂੰਜੀਵਾਦੀ ਦੇਸ਼ਾਂ ਵਿੱਚੋਂ ਸਭ ਤੋਂ ਵਿਕਸਤ ਦੇਸ਼ ਇੰਗਲੈਂਡ ਵਿੱਚ ਪ੍ਰਵਾਨ ਚੜ੍ਹੀ। ਆਰਥਕ ਪ੍ਰਬੰਧ ਦੀਆਂ ਆਪਣੀਆਂ ਖੋਜਾਂ ਨਾਲ਼ ਐਡਮ ਸਮਿੱਥ ਤੇ ਡੇਵਿਡ ਰੀਕਾਰਡੋ ਨੇ **ਕਦਰ ਤੇ ਕਿਰਤ ਸਿਧਾਂਤ** ਦੀ ਬੁਨਿਆਦ ਰੱਖੀ। ਮਾਰਕਸ ਨੇ ਉਹਨਾਂ ਦਾ ਕੰਮ ਜਾਰੀ ਰੱਖਿਆ। ਉਨ੍ਹਾਂ ਨੇ ਇਸ ਸਿਧਾਂਤ ਨੂੰ ਕਰੜਾਈ ਨਾਲ਼ ਸਿੱਧ ਕੀਤਾ ਤੇ ਇੱਕਸਾਰ ਵਿਕਸਤ ਕੀਤਾ। ਉਨ੍ਹਾਂ ਨੇ ਦਰਸਾਇਆ ਕਿ ਹਰ ਜਿਣਸ ਦੀ ਕਦਰ ਉਹਦੇ ਉਤਪਾਦਨ ਉੱਤੇ ਖਰਚ ਹੋਏ ਸਮਾਜਕ ਰੂਪ ਵਿੱਚ ਲੋੜੀਂਦੇ ਕਿਰਤ-ਸਮੇਂ ਨਾਲ਼ ਮਿੱਥੀ ਜਾਂਦੀ ਹੈ।

ਜਿੱਥੇ ਬੁਰਜੂਆ ਅਰਥ-ਸ਼ਾਸਤਰੀਆਂ ਨੇ ਚੀਜ਼ਾਂ ਵਿਚਕਾਰ ਸਬੰਧ (ਇੱਕ ਜਿਣਸ ਦਾ ਦੂਜੀ ਜਿਣਸ ਨਾਲ਼ ਵਟਾਂਦਰਾ) ਵੇਖਿਆ, ਉੱਥੇ ਮਾਰਕਸ ਨੇ **ਮਨੁੱਖਾਂ ਵਿਚਕਾਰ ਸਬੰਧ** ਪ੍ਰਗਟ ਕੀਤਾ। ਜਿਣਸਾਂ ਦਾ ਵਟਾਂਦਰਾ ਮੰਡੀ ਰਾਹੀਂ ਇਕੱਲੇ-ਇਕੱਲੇ ਉਤਪਾਦਕਾਂ ਵਿਚਲੇ ਸਬੰਧ ਪ੍ਰਗਟਾਉਂਦਾ ਹੈ। **ਮੁਦਰਾ** ਇਸ ਗੱਲ ਦੀ ਸੂਚਕ ਹੈ ਕਿ ਇਹ ਬੰਧਨ ਇਕੱਲੇ-ਇਕੱਲੇ ਉਤਪਾਦਕਾਂ ਦੇ ਸਮੁੱਚੇ ਆਰਥਕ ਜੀਵਨ ਨੂੰ ਅਨਿਖੜਵੇਂ ਢੰਗ ਨਾਲ਼ ਬੰਨ੍ਹਦਾ, ਪਕੇਰਿਉਂ ਪਕੇਰਾ ਹੁੰਦਾ ਜਾ ਰਿਹਾ ਹੈ। **ਪੂੰਜੀ** ਇਸ ਬੰਧਨ ਦੇ ਅਗਲੇਰੇ ਵਿਕਾਸ ਦੀ ਸੂਚਕ ਹੈ: ਮਨੁੱਖ ਦੀ

ਕਿਰਤ ਸ਼ਕਤੀ ਇੱਕ ਜਿਣਸ ਬਣ ਜਾਂਦੀ ਹੈ। ਉਜਰਤੀ ਮਜ਼ਦੂਰ ਆਪਣੀ ਕਿਰਤ ਸ਼ਕਤੀ ਜ਼ਮੀਨ, ਫੈਕਟਰੀਆਂ ਤੇ ਕਿਰਤ ਦੇ ਸਾਧਨਾਂ ਦੇ ਮਾਲਕ ਅੱਗੇ ਵੇਚਦਾ ਹੈ। ਮਜ਼ਦੂਰ ਦਿਨ ਦਾ ਇੱਕ ਹਿੱਸਾ ਆਪਣੇ ਆਪ ਦੇ ਤੇ ਆਪਣੇ ਪਰਿਵਾਰ ਦੇ ਗੁਜ਼ਾਰੇ ਦਾ ਖਰਚ (ਉਜਰਤਾਂ) ਪੂਰਾ ਕਰਨ ਲਈ ਗੁਜ਼ਾਰਦਾ ਹੈ, ਜਦੋਂ ਕਿ ਦਿਨ ਦੇ ਦੂਜੇ ਹਿੱਸੇ ਵਿੱਚ ਮਜ਼ਦੂਰ, ਪੂੰਜੀਪਤੀ ਲਈ **ਵਾਧੂ ਕਦਰ**, ਮੁਨਾਫੇ ਦਾ ਸੋਮਾ, ਪੂੰਜੀਵਾਦੀ ਜਮਾਤ ਦੀ ਦੌਲਤ ਦਾ ਸੋਮਾ, ਰਚਦਾ ਹੋਇਆ, ਬਿਨਾਂ ਇਵਜ਼ਾਨੇ ਤੋਂ ਮੁਸ਼ੱਕਤ ਕਰਦਾ ਹੈ।

ਵਾਧੂ ਕਦਰ ਦਾ ਸਿਧਾਂਤ ਮਾਰਕਸ ਦੇ ਆਰਥਕ ਸਿਧਾਂਤ ਦਾ ਨੀਂਹ-ਪੱਥਰ ਹੈ।

ਮਜ਼ਦੂਰ ਦੀ ਕਿਰਤ ਨਾਲ਼ ਰਚੀ ਪੂੰਜੀ ਛੋਟੇ ਮਾਲਕਾਂ ਨੂੰ ਉਜਾੜਦੀ ਤੇ ਬੇਰੁਜ਼ਗਾਰਾਂ ਦੀ ਫ਼ੌਜ ਪੈਦਾ ਕਰਦੀ ਮਜ਼ਦੂਰ ਉੱਤੇ ਦਬਾਓ ਪਾਉਂਦੀ ਹੈ। ਸਨਅਤ ਵਿੱਚ ਵੱਡੇ ਪੈਮਾਨੇ ਦੇ ਉਤਪਾਦਨ ਦੀ ਫ਼ਤਹਿ ਇਕਦਮ ਪ੍ਰਤੱਖ ਹੈ, ਪਰ ਅਸੀਂ ਇਹੋ ਹੀ ਵਰਤਾਰਾ ਜ਼ਰਾਇਤ ਵਿੱਚ ਵੀ ਵੇਖਦੇ ਹਾਂ; ਵੱਡੇ ਪੈਮਾਨੇ ਦੀ ਪੂੰਜੀਵਾਦੀ ਜ਼ਰਾਇਤ ਦੀ ਪ੍ਰਮੁੱਖਤਾ ਵੱਧਦੀ ਹੈ, ਮਸ਼ੀਨਾਂ ਦੀ ਵਰਤੋਂ ਵੱਧਦੀ ਹੈ, ਕਿਸਾਨ ਆਰਥਕਤਾ ਮੁਦਰਾ-ਪੂੰਜੀ ਦੇ ਫੰਦੇ ਵਿੱਚ ਫੱਸਦੀ ਹੈ, ਇਹ ਆਪਣੀ ਪਛੜੀ ਹੋਈ ਤਕਨੀਕ ਦੇ ਬੋਝ ਹੇਠ ਨਿਘਰਦੀ ਹੈ ਤੇ ਤਬਾਹ ਹੋ ਜਾਂਦੀ ਹੈ। ਜ਼ਰਾਇਤ ਵਿੱਚ ਛੋਟੇ ਪੈਮਾਨੇ ਦੇ ਉਤਪਾਦਨ ਦਾ ਨਿਘਾਰ ਵੱਖ-ਵੱਖ ਸ਼ਕਲਾਂ ਧਾਰਦਾ ਹੈ। ਪਰ ਖੁਦ ਨਿਘਾਰ ਇੱਕ ਮੰਨੀ-ਪ੍ਰਮੰਨੀ ਹਕੀਕਤ ਹੈ।

ਪੂੰਜੀ, ਛੋਟੇ ਪੈਮਾਨੇ ਦੇ ਉਤਪਾਦਨ ਨੂੰ ਤਬਾਹ ਕਰਦੀ ਹੋਈ, ਕਿਰਤ-ਉਪਜਾਇਕਤਾ ਦੇ ਵਾਧੇ ਤੇ ਵੱਡੇ ਪੂੰਜੀਪਤੀਆਂ ਦੀਆਂ ਸੰਸਥਾਵਾਂ ਲਈ ਇਜਾਰੇਦਾਰਾ ਪੁਜ਼ੀਸ਼ਨ ਦੀ ਸਥਾਪਨਾ ਵੱਲ ਲਿਜਾਂਦੀ ਹੈ। ਖੁਦ ਉਤਪਾਦਨ ਦਿਨੋਂ-ਦਿਨ ਵਧੇਰੇ ਸਮਾਜਕ ਹੁੰਦਾ ਜਾਂਦਾ ਹੈ—ਲੱਖਾਂ ਤੇ ਕਰੋੜਾਂ ਮਜ਼ਦੂਰ ਆਪੋ ਵਿੱਚ ਇੱਕ ਬਾਕਾਇਦਾ ਆਰਥਕ ਸੰਗਠਨ ਵਿੱਚ ਬੱਝ ਜਾਂਦੇ ਹਨ — ਪਰ ਸਾਂਝੀ ਕਿਰਤ ਦੀ ਉਪਜ ਮੁੱਠੀ ਭਰ ਪੂੰਜੀਪਤੀਆਂ ਵੱਲੋਂ ਹਥਿਆ ਲਈ ਜਾਂਦੀ ਹੈ। ਉਤਪਾਦਨ ਦੀ ਅਰਾਜਕਤਾ ਵੱਧਦੀ ਹੈ, ਉਵੇਂ ਹੀ ਸੰਕਟ, ਮੰਡੀਆਂ ਦੀ ਅੰਨ੍ਹੀ ਢੂੰਡ ਤੇ ਆਮ ਵਸੋਂ ਦੀ ਹੋਂਦ ਦੀ ਅਸੁਰੱਖਿਆ ਵੀ।

ਪੂੰਜੀ ਉੱਤੇ ਮਜ਼ਦੂਰਾਂ ਦੀ ਨਿਰਭਰਤਾ ਵਧਾਉਂਦਿਆਂ ਹੋਇਆਂ ਪੂੰਜੀਵਾਦੀ ਪ੍ਰਬੰਧ ਸੰਜੁਗਤ ਕਿਰਤ ਦੀ ਮਹਾਨ ਸ਼ਕਤੀ ਉਸਾਰਦਾ ਹੈ।

ਮਾਰਕਸ ਨੇ ਪੂੰਜੀਵਾਦ ਦਾ ਵਿਕਾਸ, ਜਿਣਸ ਆਰਥਕਤਾ ਦੇ ਪਹਿਲੇ ਜਿਰਮਾਂ ਤੋਂ, ਸਰਲ ਵਟਾਂਦਰੇ ਤੋਂ, ਇਸ ਦੇ ਉੱਚਤਮ ਰੂਪ, ਵੱਡੇ ਪੈਮਾਨੇ ਦੀ ਉਤਪਾਦਨ, ਤੱਕ ਉਲੀਕਿਆ।

ਤੇ ਪੁਰਾਣੇ ਤੇ ਨਵੇਂ, ਸਭਨਾਂ ਪੂੰਜੀਵਾਦੀ ਦੇਸ਼ਾਂ ਦਾ ਤਜਰਬਾ ਇਸ ਮਾਰਕਸੀ ਮੱਤ ਦੀ ਸੱਚਾਈ ਨੂੰ ਹਰ ਸਾਲ ਵੱਧਦੀ ਗਿਣਤੀ ਵਿੱਚ ਮਜ਼ਦੂਰਾਂ ਨੂੰ ਸਪੱਸ਼ਟਤਾ ਨਾਲ਼ ਦਰਸਾ ਰਿਹਾ ਹੈ।

ਪੂੰਜੀਵਾਦ ਨੇ ਸਾਰੀ ਦੁਨੀਆ ਉੱਤੇ ਫਤਿਹ ਪਾ ਲਈ ਹੈ, ਪਰ ਇਹ ਫਤਿਹ ਪੂੰਜੀ ਉੱਤੇ ਕਿਰਤ ਦੀ ਫਤਿਹ ਦੀ ਭੂਮਿਕਾ ਹੈ।

## 3

ਜਦੋਂ ਸਾਮੰਤਵਾਦ ਦਾ ਤਖ਼ਤਾ ਉਲਟਾ ਦਿੱਤਾ ਗਿਆ ਤੇ ਰੱਬ ਦੀ ਧਰਤੀ ਉੱਤੇ "**ਅਜ਼ਾਦ**" ਪੂੰਜੀਵਾਦੀ ਸਮਾਜ ਪ੍ਰਗਟ ਹੋਇਆ, ਇੱਕਦਮ ਹੀ ਪ੍ਰਤੱਖ ਹੋ ਗਿਆ ਕਿ ਇਸ ਅਜ਼ਾਦੀ ਦਾ ਮਤਲਬ ਕਿਰਤੀਆਂ ਉੱਤੇ ਜਬਰ ਤੇ ਉਹਨਾਂ ਦੀ ਲੁੱਟ-ਖਸੁੱਟ ਦਾ ਨਵਾਂ ਪ੍ਰਬੰਧ ਹੈ। ਇਸ ਜਬਰ ਦੇ ਪ੍ਰਤੀਬਿੰਬ ਤੇ ਇਹਦੇ ਵਿਰੁੱਧ ਰੋਸ ਦੇ ਤੌਰ 'ਤੇ ਛੇਤੀ ਹੀ ਵੱਖ-ਵੱਖ ਸੋਸ਼ਲਿਸ਼ਟ ਮੱਤ ਸਾਹਮਣੇ ਆਉਣ ਲੱਗ ਪਏ। ਪਰ ਮੁੱਢਲਾ ਸਮਾਜਵਾਦ **ਯੂਟੋਪੀਆਈ** ਸਮਾਜਵਾਦ ਸੀ। ਇਹ ਪੂੰਜੀਵਾਦੀ ਸਮਾਜ ਦੀ ਪੜਚੋਲ਼ ਕਰਦਾ ਸੀ, ਇਹ ਉਹਦੀ ਨਿਖੇਧੀ ਕਰਦਾ ਸੀ ਤੇ ਉਹ ਨੂੰ ਲਾਹਣਤ ਪਾਉਂਦਾ ਸੀ, ਇਹ ਉਹਦੀ ਤਬਾਹੀ ਦੇ ਸੁਫ਼ਨੇ ਲੈਂਦਾ ਸੀ, ਇਹ ਚੰਗੇਰੇ ਪ੍ਰਬੰਧ ਦੀਆਂ ਖ਼ਿਆਲ-ਉਡਾਰੀਆਂ ਵਿੱਚ ਪੈਂਦਾ ਸੀ ਤੇ ਧੰਨਵਾਨਾਂ ਨੂੰ ਲੁੱਟ-ਖਸੁੱਟ ਦੀ ਸਦਾਚਾਰ-ਹੀਣਤਾਂ ਬਾਰੇ ਕਾਇਲ ਕਰਨ ਦੀ ਕੋਸ਼ਿਸ਼ ਕਰਦਾ ਸੀ।

ਪਰ ਯੂਟੋਪੀਆਈ ਸਮਾਜਵਾਦ ਖਲਾਸੀ ਪਾਣ ਦਾ ਸੱਚਾ ਰਾਹ ਨਾ ਦੱਸ ਸਕਿਆ। ਉਹ ਪੂੰਜੀਵਾਦ ਹੇਠ ਉਜਰਤੀ ਗੁਲਾਮੀ ਦੇ ਨਿਚੋੜ ਦੀ ਵਿਆਖਿਆ ਨਾ ਕਰ ਸਕਿਆ, ਨਾ ਹੀ ਪੂੰਜੀਵਾਦ ਦੇ ਵਿਕਾਸ ਦੇ ਨੇਮ ਲੱਭ ਸਕਿਆ, ਨਾ ਹੀ ਉਸ **ਸਮਾਜਕ ਸ਼ਕਤੀ** ਵੱਲ ਸੰਕੇਤ ਕਰ ਸਕਿਆ ਜੋ ਨਵੇਂ ਸਮਾਜ ਦੀ ਸਿਰਜਕ ਬਣਨ ਦੇ ਸਮਰੱਥ ਹੋ ਸਕਦੀ ਹੈ।

ਏਧਰ, ਤੂਫ਼ਾਨੀ ਇਨਕਲਾਬਾਂ ਨੇ ਜਿਨ੍ਹਾਂ ਦੇ ਨਾਲ਼-ਨਾਲ਼ ਹਰ ਥਾਂ ਯੂਰਪ ਵਿੱਚ ਤੇ ਖ਼ਾਸ ਕਰਕੇ ਫ਼ਰਾਂਸ ਵਿੱਚ, ਸਾਮੰਤਵਾਦ ਦਾ ਖੇਤ-ਗੁਲਾਮੀ ਦਾ ਅੰਤ ਹੋਇਆ, ਵੱਧਦੀ ਹੱਦ ਤੱਕ ਸਪੱਸ਼ਟ ਤੌਰ 'ਤੇ, ਸਮੁੱਚੇ ਵਿਕਾਸ ਦੇ ਅਧਾਰ ਤੇ ਚਾਲਕ ਸ਼ਕਤੀ ਦੇ ਰੂਪ ਵਿੱਚ **ਜਮਾਤਾਂ ਦੇ ਘੋਲ਼** ਨੂੰ ਪ੍ਰਗਟ ਕੀਤਾ।

ਸਾਮੰਤੀ ਜਮਾਤ ਵਿਰੁੱਧ, ਸਿਰਲੱਥ ਮੁਕਾਬਲੇ ਤੋਂ ਬਿਨਾਂ, ਰਾਜਸੀ ਅਜ਼ਾਦੀ ਦੀ ਇੱਕ ਵੀ ਜਿੱਤ ਨਾ ਜਿੱਤੀ ਗਈ। ਇੱਕ ਵੀ ਪੂੰਜੀਵਾਦੀ ਦੇਸ਼, ਪੂੰਜੀਵਾਦੀ ਸਮਾਜ ਦੀਆਂ ਵੱਖ-ਵੱਖ ਜਮਾਤਾਂ ਵਿਚਕਾਰ ਜ਼ਿੰਦਗੀ-ਮੌਤ ਦੇ ਘੋਲ਼ ਤੋਂ ਬਿਨਾਂ ਬਹੁਤੀ ਜਾਂ ਥੋੜ੍ਹੀ ਹੱਦ ਤੱਕ ਅਜ਼ਾਦ ਤੇ ਜਮਹੂਰੀ ਅਧਾਰ ਉੱਤੇ ਨਾ ਵਿਕਸਿਆ।

ਮਾਰਕਸ ਦੀ ਪ੍ਰਤਿਭਾ ਇਸ ਗੱਲ ਵਿੱਚ ਹੈ ਕਿ ਉਹ ਹੋਰ ਹਰ ਕਿਸੇ ਤੋਂ ਪਹਿਲਾਂ ਇਹ ਦੇ ਤੋਂ ਉਹ ਨਤੀਜਾ ਕੱਢ ਸਕੇ ਤੇ ਇੱਕਸਾਰਤਾ ਸਹਿਤ ਲਾਗੂ ਕਰ ਸਕੇ ਜੋ ਸੰਸਾਰ ਇਤਿਹਾਸ ਸਿਖਾਉਂਦਾ ਹੈ। ਇਹ ਨਤੀਜਾ **ਜਮਾਤੀ ਘੋਲ਼** ਦਾ ਸਿਧਾਂਤ ਹੈ।

ਲੋਕ, ਜਿਨ੍ਹਾਂ ਚਿਰ ਉਹਨਾਂ ਨੂੰ ਸਭਨਾਂ ਸਦਾਚਾਰਕ, ਧਾਰਮਿਕ, ਰਾਜਸੀ ਤੇ ਸਮਾਜਕ ਵਾਕੰਸ਼ਾਂ, ਐਲਾਨਾਂ ਤੇ ਵਾਅਦਿਆਂ ਪਿੱਛੇ ਇੱਕ ਜਾਂ ਦੂਜੀ ਜਮਾਤ ਦੇ **ਹਿੱਤ** ਲੱਭਣ ਦੀ ਜਾਚ ਨਹੀਂ ਆ ਜਾਂਦੀ, ਹਮੇਸ਼ਾ ਹੀ ਸਿਆਸਤ ਵਿੱਚ ਧੋਖੇ ਤੇ ਸਵੈ-ਧੋਖੇ ਦੇ ਮੂਰਖ ਸ਼ਿਕਾਰ ਰਹੇ ਹਨ ਤੇ ਹਮੇਸ਼ਾ ਹੀ ਰਹਿਣਗੇ। ਸੁਧਾਰਾਂ ਤੇ ਉੱਨਤੀ ਦੇ ਪੱਖੀ, ਜਿੰਨਾ ਚਿਰ ਇਹ ਨਹੀਂ ਸਮਝ ਲੈਂਦੇ ਕਿ ਹਰ ਪੁਰਾਣੀ ਸੰਸਥਾ, ਭਾਵੇਂ ਉਹ ਕਿੱਡੀ ਵੀ ਵਹਿਸ਼ਿਆਨਾ ਤੇ ਗਲੀ-ਸੜੀ ਕਿਉਂ ਨਾ ਲੱਗੇ, ਕੁੱਝ ਹਾਕਮ ਜਮਾਤਾਂ ਦੀਆਂ ਸ਼ਕਤੀਆਂ ਵੱਲੋਂ ਕਾਇਮ ਰੱਖੀ ਜਾਂਦੀ ਹੈ, ਪੁਰਾਣੇ ਪ੍ਰਬੰਧ ਦੇ ਰੱਖਿਅਕਾਂ ਵੱਲੋਂ ਹਮੇਸ਼ਾ ਹੀ ਬੁੱਧੂ ਬਣਾਏ ਜਾਂਦੇ ਰਹਿਣਗੇ ਤੇ ਇਹਨਾਂ ਜਮਾਤਾਂ ਦੇ ਵਿਰੋਧ ਨੂੰ

ਕੁਚਲਣ ਦਾ **ਇੱਕੋ ਢੰਗ** ਹੈ ਤੇ ਉਹ, ਉਸੇ ਹੀ ਸਮਾਜ ਵਿੱਚ ਜੋ ਸਾਡੇ ਚੁਗਿਰਦੇ ਹੈ, ਅਜਿਹੀਆਂ ਸ਼ਕਤੀਆਂ ਨੂੰ ਲੱਭਣਾ ਤੇ ਘੋਲ਼ ਲਈ ਜਾਗ੍ਰਿਤ ਤੇ ਜਥੇਬੰਦ ਕਰਨਾ ਹੈ, ਜੋ ਪੁਰਾਣੇ ਕੁੱਝ ਨੂੰ ਹੂੰਝ ਘੱਤਣ ਤੇ ਨਵੇਂ ਕੁੱਝ ਨੂੰ ਰਚਣ ਦੇ ਸਮਰੱਥ ਤਾਕਤ ਬਣ ਸਕਦੀਆਂ ਹਨ — ਤੇ ਜਿਨ੍ਹਾਂ, ਆਪਣੀ ਸਮਾਜਕ ਪੁਜ਼ੀਸ਼ਨ ਦੇ ਕਾਰਨ ਇਹ ਤਾਕਤ ਬਣਨਾ **ਹੋਵੇਗਾ।**

ਸਿਰਫ਼ ਮਾਰਕਸ ਦੇ ਦਾਰਸ਼ਨਿਕ ਪਦਾਰਥਵਾਦ ਨੇ ਹੀ ਪ੍ਰੋਲੇਤਾਰੀ ਨੂੰ ਉਸ ਆਤਮਕ ਗੁਲਾਮੀ ਤੋਂ ਨਿਕਲਣ ਦਾ ਰਾਹ ਵਿਆਖਿਆ ਹੈ, ਜਿਸ ਵਿੱਚ ਹੁਣ ਤੱਕ ਸਭ ਜਬਰ-ਸਹਿੰਦੀਆਂ ਜਮਾਤਾਂ ਨਿਢਾਲ ਪਈਆਂ ਰਹੀਆਂ ਹਨ। ਸਿਰਫ਼ ਮਾਰਕਸ ਦੇ ਆਰਥਕ ਸਿਧਾਂਤ ਨੇ ਹੀ ਪੂੰਜੀਵਾਦ ਦੇ ਆਮ ਪ੍ਰਬੰਧ ਵਿੱਚ ਪ੍ਰੋਲੇਤਾਰੀ ਦੀ ਅਸਲ ਪੁਜ਼ੀਸ਼ਨ ਦੀ ਵਿਆਖਿਆ ਕੀਤੀ ਹੈ।

ਪ੍ਰੋਲੇਤਾਰੀ ਦੀਆਂ ਸੁਆਧੀਨ ਜਥੇਬੰਦੀਆਂ, ਅਮਰੀਕਾ ਤੋਂ ਜਾਪਾਨ ਤੱਕ ਤੇ ਸਵੀਡਨ ਤੋਂ ਦੱਖਣੀ ਅਫ਼ਰੀਕਾ ਤੱਕ, ਸਾਰੀ ਦੁਨੀਆ ਵਿੱਚ ਦੂਣ-ਸਵਾਈਆਂ ਹੋ ਰਹੀਆਂ ਹਨ। ਪ੍ਰੋਲੇਤਾਰੀ ਨੂੰ ਆਪਣਾ ਜਮਾਤੀ ਘੋਲ਼ ਕਰਦਿਆਂ ਚਾਨਣ ਤੇ ਵਿੱਦਿਆ ਮਿਲ ਰਹੀ ਹੈ; ਇਹ ਆਪਣੇ ਆਪ ਨੂੰ ਬੁਰਜੂਆ ਸਮਾਜ ਦੇ ਤੁਅੱਸਬਾਂ ਤੋਂ ਮੁਕਤ ਕਰ ਰਿਹਾ ਹੈ; ਇਹ ਆਪਣੀਆਂ ਸਫ਼ਾਂ ਨੂੰ ਸਦਾ ਵਧੇਰੇ ਇੱਕਮੁੱਠ ਕਰ ਰਿਹਾ ਹੈ ਤੇ ਆਪਣੀਆਂ ਸਫਲਤਾਵਾਂ ਦੀ ਹੱਦ ਮਾਪਣ ਦੀ ਜਾਚ ਸਿਖ ਰਿਹਾ ਹੈ; ਇਹ ਆਪਣੀਆਂ ਸ਼ਕਤੀਆਂ ਨੂੰ ਫ਼ੌਲਾਦੀ ਬਣਾ ਰਿਹਾ ਹੈ ਤੇ ਅਰੁੱਕ ਤੌਰ 'ਤੇ ਵੱਧ ਰਿਹਾ ਹੈ।

"ਪ੍ਰੋਸਵੇਸਚੇਨਿਯੇ" ਨੰ: 3, ਮਾਰਚ 1913।

# ਮਾਰਕਸਵਾਦ ਦੇ ਇਤਿਹਾਸਕ ਵਿਕਾਸ ਦੇ ਕੁੱਝ ਲੱਛਣ

ਆਪਣੇ ਆਪ ਤੇ ਆਪਣੇ ਉੱਘੇ ਦੋਸਤ ਵੱਲ ਸੰਕੇਤ ਕਰਦਿਆਂ ਏਂਗਲਜ਼ ਨੇ ਲਿਖਿਆ: ਸਾਡੀ ਸਿੱਖਿਆ ਕੱਟੜ ਮੱਤ ਨਹੀਂ, ਅਮਲ ਦਾ ਰਾਹ-ਵਿਖਾਵਾ ਹੈ। ਇਹ ਕਲਾਸੀਕੀ ਕਥਨ ਕਮਾਲ ਸ਼ਕਤੀ ਤੇ ਭਾਵ-ਪੂਰਨ ਢੰਗ ਨਾਲ਼ ਮਾਰਕਸਵਾਦ ਦੇ ਉਸ ਪੱਖ ਉੱਤੇ ਜ਼ੋਰ ਦੇਂਦਾ ਹੈ, ਜੋ ਅਕਸਰ ਅੱਖੋਂ ਓਹਲੇ ਕਰ ਦਿੱਤਾ ਜਾਂਦਾ ਹੈ ਤੇ ਇਹ ਨੂੰ ਅੱਖੋਂ ਓਹਲੇ ਕਰ ਕੇ ਅਸੀਂ ਮਾਰਕਸਵਾਦ ਨੂੰ ਕੋਈ ਇੱਕ-ਪਾਸੜ, ਕੁਰੂਪ ਤੇ ਨਿਰਜ਼ਿੰਦ ਚੀਜ਼ ਬਣਾ ਦੇਂਦੇ ਹਾਂ; ਅਸੀਂ ਇਹ ਨੂੰ ਇਹਦੀ ਜੀਊਂਦੀ ਆਤਮਾ ਤੋਂ ਵਿਰਵਾ ਕਰ ਦੇਂਦੇ ਹਾਂ; ਅਸੀਂ ਇਹ ਦੀਆਂ ਮੂਲ ਸਿਧਾਂਤਕ ਨੀਂਹਾਂ ਨੂੰ ਕਮਜ਼ੋਰ ਕਰਦੇ ਹਾਂ — ਦਵੰਦਵਾਦ ਨੂੰ, ਇਸ ਮੱਤ ਨੂੰ ਕਿ ਇਤਿਹਾਸਕ ਵਿਕਾਸ ਸਰਬੰਗੀ ਤੇ ਵਿਰੋਧਤਾਈਆਂ ਨਾਲ਼ ਭਰਪੂਰ ਹੈ; ਅਸੀਂ ਯੁੱਗ ਦੇ ਨਿਸ਼ਚਿਤ ਅਮਲੀ ਕਾਰਜਾਂ ਨਾਲ਼ੋਂ ਉਹਦਾ ਸਬੰਧ ਤੋੜਦੇ ਹਾਂ, ਜੋ ਇਤਿਹਾਸ ਦੇ ਹਰ ਨਵੇਂ ਮੋੜ ਨਾਲ਼ ਬਦਲ ਸਕਦੇ ਹਨ।

ਤੇ ਸੱਚੀ ਮੁੱਚੀ ਹੀ ਸਾਡੇ ਸਮੇਂ ਰੂਸ ਵਿੱਚ ਮਾਰਕਸਵਾਦ ਦੀ ਹੋਣੀ ਵਿੱਚ ਦਿਲਚਸਪੀ ਰੱਖਣ ਵਾਲ਼ੇ ਲੋਕਾਂ ਵਿੱਚ ਅਜਿਹੇ ਲੋਕਾਂ ਨਾਲ਼ ਬਹੁਤ ਅਕਸਰ ਮੇਲ ਹੁੰਦਾ ਹੈ, ਜੋ ਮਾਰਕਸਵਾਦ ਦੇ ਠੀਕ ਏਸੇ ਹੀ ਪੱਖ ਨੂੰ ਅੱਖੋਂ ਓਹਲੇ ਕਰਦੇ ਹਨ ਤਾਂ ਵੀ, ਹਰ ਇੱਕ ਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਪਿਛਲੇ ਕੁੱਝ ਸਾਲਾਂ ਵਿੱਚ ਰੂਸ ਵਿੱਚ ਅਜਿਹੀਆਂ ਚਾਣਚੱਕੀ ਤਬਦੀਲੀਆਂ ਆਈਆਂ ਹਨ ਕਿ ਸਥਿਤੀ ਅਸਾਧਾਰਨ ਤੇਜ਼ੀ ਤੇ ਅਸਾਧਾਰਨ ਜ਼ੋਰ ਨਾਲ਼ ਬਦਲ ਗਈ ਹੈ — ਸਮਾਜਕ ਤੇ ਰਾਜਸੀ ਸਥਿਤੀ — ਜਿਹੜੀ ਸਭ ਤੋਂ ਸਿੱਧੇ ਤੇ ਫ਼ੌਰੀ ਢੰਗ ਨਾਲ਼ ਅਮਲ ਦੀਆਂ ਸਥਿਤੀਆਂ ਤੇ, ਇਸ ਲਈ, ਅਮਲ ਦੇ ਨਿਸ਼ਾਨੇ ਮਿੱਥਦੀ ਹੈ। ਨਿਰਸੰਦੇਹ, ਮੇਰਾ ਸੰਕੇਤ ਆਮ ਤੇ ਮੂਲ ਨਿਸ਼ਾਨਿਆਂ ਵੱਲ ਨਹੀਂ, ਜੋ ਇਤਿਹਾਸ ਦੇ ਮੋੜਾਂ ਨਾਲ਼ ਨਹੀਂ ਬਦਲਦੇ, ਜਿੰਨਾ ਚਿਰ ਕਿ ਜਮਾਤਾਂ ਵਿਚਲੇ ਬੁਨਿਆਦੀ ਸਬੰਧ ਨਹੀਂ ਬਦਲ ਜਾਂਦੇ। ਇਹ ਪੂਰਨ ਭਾਂਤ ਪ੍ਰਤੱਖ ਹੈ ਕਿ ਰੂਸ ਵਿੱਚ ਇਸ ਆਰਥਕ (ਤੇ ਸਿਰਫ਼ ਆਰਥਕ ਹੀ ਨਹੀਂ) ਵਿਕਾਸ ਦਾ ਆਮ ਝੁਕਾਓ, ਰੂਸੀ ਸਮਾਜ ਦੀਆਂ ਵੱਖ-ਵੱਖ ਜਮਾਤਾਂ ਵਿਚਲੇ ਬੁਨਿਆਦੀ ਸਬੰਧਾਂ ਵਾਂਗ, ਸਮਝੋ, ਪਿਛਲੇ ਛੇ ਸਾਲਾਂ ਦੇ ਦੌਰਾਨ ਨਹੀਂ ਬਦਲਿਆ।

ਇਸ ਸਮੇਂ ਦੇ ਦੌਰਾਨ, ਫ਼ੌਰੀ ਤੇ ਸਿੱਧੇ ਅਮਲ ਦੇ ਨਿਸ਼ਾਨੇ ਬਹੁਤ ਹੀ ਤਿੱਖੇ ਢੰਗ ਨਾਲ਼ ਬਦਲ ਗਏ ਹਨ, ਉਵੇਂ ਹੀ ਜਿਵੇਂ ਠੋਸ ਸਮਾਜਕ ਤੇ ਰਾਜਸੀ ਹਾਲਤ ਬਦਲ ਗਈ ਹੈ — ਤੇ **ਨਤੀਜੇ ਦੇ ਤੌਰ** ’ਤੇ ਮਾਰਕਸਵਾਦ ਵਿੱਚ ਵੀ, ਕਿਉਂ ਜੋ ਇਹ ਇੱਕ ਜੀਊਂਦਾ ਮੱਤ ਹੈ, **ਵੱਖ-ਵੱਖ** ਪੱਖਾਂ ਦਾ ਅੱਗੇ **ਆਉਣਾ ਜ਼ਰੂਰੀ ਸੀ।**

ਇਸ ਖਿਆਲ ਨੂੰ ਸਪੱਸ਼ਟ ਕਰਨ ਲਈ ਆਓ ਉਸ ਤਬਦੀਲੀ ਉੱਤੇ ਝਾਤ ਮਾਰੀਏ ਜੋ ਪਿਛਲੇ ਛੇ ਸਾਲਾਂ ਦੇ ਦੌਰਾਨ ਠੋਸ ਸਮਾਜਕ ਤੇ ਰਾਜਸੀ ਹਾਲਤ ਵਿੱਚ ਆ ਚੁੱਕੀ ਹੈ। ਸਾਨੂੰ ਇੱਕਦਮ ਹੀ ਦੋ ਤਿੰਨ-ਸਾਲਾ ਦੌਰ ਦਿੱਸ ਪੈਂਦੇ ਹਨ, ਜਿਨ੍ਹਾਂ ਵਿੱਚ ਇਹ ਛੇ-ਸਾਲਾਂ ਸਮਾਂ ਆ

ਜਾਂਦਾ ਹੈ: ਇੱਕ ਮੋਟੇ ਤੌਰ ਉੱਤੇ 1907 ਦੇ ਹੁਨਾਲੇ ਨਾਲ਼ ਖ਼ਤਮ ਹੁੰਦਾ ਹੈ, ਤੇ ਦੂਜਾ 1910 ਦੇ ਹੁਨਾਲੇ ਨਾਲ਼[83]। ਨਿਰੋਲ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਵੇਖਦਿਆਂ, ਪਹਿਲੇ ਤਿੰਨ-ਸਾਲਾਂ ਦੌਰ ਦੀ ਵਿਸ਼ੇਸ਼ਤਾ ਰੂਸ ਦੇ ਰਾਜਕੀ ਪ੍ਰਬੰਧ ਦੇ ਬੁਨਿਆਦੀ ਲੱਛਣਾਂ ਵਿੱਚ ਤੇਜ਼ ਤਬਦੀਲੀਆਂ ਹਨ; ਇਹਨਾਂ ਤਬਦੀਲੀਆਂ ਦਾ ਰਾਹ ਬਹੁਤ ਹੀ ਅਣ-ਸਾਵਾਂ ਸੀ ਤੇ ਦੋਵੇ ਪਾਸੇ ਝੋਲਾਂ ਦੀ ਗੁੰਜਾਇਸ਼ ਬਹੁਤ ਜ਼ਿਆਦਾ ਸੀ। "ਪਰਾਬਣਤਰ" ਵਿੱਚ ਇਹਨਾਂ ਤਬਦੀਲੀਆਂ ਦਾ ਸਮਾਜਕ ਤੇ ਆਰਥਕ ਅਧਾਰ ਰੂਸੀ ਸਮਾਜ ਦੀਆਂ **ਸਭਨਾਂ** ਜਮਾਤਾਂ ਵੱਲੋਂ **ਅਤਿਅੰਤ ਵੰਨ-ਸੁਵੰਨੇ** ਖੇਤਰਾਂ ਵਿੱਚ (ਦੂਮਾ[84] ਦੀ ਅੰਦਰਲੀ ਤੇ ਬਾਹਰਲੀ ਸਰਗਰਮੀ, ਅਖ਼ਬਾਰਾਂ, ਯੂਨੀਅਨਾਂ, ਇਕਤ੍ਰਤਾਵਾਂ ਇਤਿਆਦਿ) ਇੰਝ ਖੁੱਲ੍ਹੇ ਆਮ ਤੇ ਏਡਾ ਪ੍ਰਭਾਵਸ਼ਾਲੀ ਤੇ ਏਡੇ ਆਮ ਪੈਮਾਨੇ ਉੱਤੇ ਅਮਲ ਸੀ, ਜਿੱਡੇ ਉੱਤੇ ਇਤਿਹਾਸ ਵਿੱਚ ਅਕਸਰ ਵੇਖਣ ਵਿੱਚ ਨਹੀਂ ਆਉਂਦਾ।

ਇਹ ਦੇ ਉਲਟ, ਦੂਜੇ ਤਿੰਨ-ਸਾਲਾ ਦੌਰ ਦੀ ਵਿਸ਼ੇਸ਼ਤਾ—ਅਸੀਂ ਦੁਹਰਾਉਂਦੇ ਹਾਂ ਕਿ ਅਸੀਂ ਆਪਣੇ ਆਪ ਨੂੰ ਨਿਰੋਲ ਸਿਧਾਂਤਕ "ਸਮਾਜ-ਵਿਗਿਆਨਕ" ਦ੍ਰਿਸ਼ਟੀਕੋਣ ਦੀਆਂ ਹੱਦਾਂ ਦੇ ਅੰਦਰ-ਅੰਦਰ ਰੱਖ ਰਹੇ ਹਾਂ — ਇੱਕ ਏਡਾ ਮੱਠਾ ਕ੍ਰਮ-ਵਿਕਾਸ ਸੀ ਜੋ ਲਗਭਗ ਖਲ੍ਹਿਆਰ ਦੇ ਤੁਲ ਸੀ। ਰਾਜਕੀ ਪ੍ਰਬੰਧ ਵਿੱਚ ਉੱਕਾ ਹੀ ਕੋਈ ਧਿਆਨ-ਯੋਗ ਤਬਦੀਲੀਆਂ ਨਾ ਆਈਆਂ। ਬਹੁ-ਗਿਣਤੀ "ਖੇਤਰਾਂ" ਵਿੱਚ, ਜਿਨ੍ਹਾਂ ਵਿੱਚ ਇਸ ਤੋਂ ਪਹਿਲੇ ਸਮੇਂ ਦੇ ਦੌਰਾਨ ਇਹ ਕਾਰਵਾਈਆਂ ਕੀਤੀਆਂ ਗਈਆਂ, **ਜਮਾਤਾਂ** ਵੱਲੋਂ ਖੁੱਲ੍ਹੇ ਆਮ ਤੇ ਵੰਨ-ਸੁਵੰਨੀਆਂ ਕਾਰਵਾਈਆਂ ਕੋਈ ਵੀ ਨਹੀਂ, ਜਾਂ ਲਗਭਗ ਕੋਈ ਵੀ ਨਹੀਂ ਕੀਤੀਆਂ ਗਈਆਂ।

ਦੋ ਸਮਿਆਂ ਵਿਚਕਾਰ ਇੱਕੋ ਜਿਹੀ ਗੱਲ ਇਹ ਤੱਥ ਹੈ ਕਿ ਰੂਸ ਵਿੱਚ ਵਿਕਾਸ ਦੋਵਾਂ ਦੌਰਾਂ ਵਿੱਚ ਪਹਿਲਾਂ ਵਰਗਾ ਵਿਕਾਸ ਹੀ ਰਿਹਾ, ਪੂੰਜੀਵਾਦੀ ਵਿਕਾਸ। ਇਸ ਆਰਥਕ ਵਿਕਾਸ ਤੇ ਕੁੱਝ ਸਾਮੰਤੀ, ਮੱਧਕਾਲੀ ਵਿਚਕਾਰ ਅੰਤਰ-ਵਿਰੋਧ ਦੂਰ ਨਾ ਹੋਇਆ ਤੇ ਇਸ ਗੱਲ ਦੇ ਨਤੀਜੇ ਵਜੋਂ ਪਹਿਲਾਂ ਵਾਂਗ ਹੀ ਰਿਹਾ ਕਿ ਕੁੱਝ ਸੰਸਥਾਵਾਂ ਵੱਲੋਂ ਜੁਜ਼ਵੀ ਬੁਰਜੂਆ ਚਰਿੱਤਰ ਧਾਰਨ ਕਰਨ ਨਾਲ਼ ਇਹ ਅੰਤਰ-ਵਿਰੋਧ ਸਿਰਫ਼ ਤੇਜ਼ ਹੀ ਹੋ ਸਕਦਾ ਸੀ, ਘੱਟ ਨਹੀਂ ਸੀ ਸਕਦਾ।

ਦੋ ਦੌਰਾਂ ਵਿਚਲਾ ਫ਼ਰਕ ਇਸ ਗੱਲ ਵਿੱਚ ਸੀ ਕਿ ਇਹਨਾਂ ਦੌਰਾਂ ਵਿੱਚੋਂ ਪਹਿਲੇ ਸਮੇਂ ਦੇ ਦੌਰਾਨ ਇਤਿਹਾਸਕ ਪਿੜ ਦੀ ਅਗਲੀ ਥਾਂ ਇਹਨਾਂ ਸਵਾਲਾਂ ਨੇ ਮੱਲੀ ਹੋਈ ਸੀ ਕਿ ਪਹਿਲੋਂ-ਦੱਸੀਆਂ ਤੇਜ਼ ਤੇ ਅਣ-ਸਾਵੀਆਂ ਤਬਦੀਲੀਆਂ ਦਾ ਨਤੀਜਾ ਕਿਹੜੀ ਸ਼ਕਲ ਅਖਤਿਆਰ ਕਰੇਗਾ। ਰੂਸ ਵਿੱਚ ਵਿਕਾਸ ਦੇ ਪੂੰਜੀਵਾਦੀ ਖਾਸੇ ਦੇ ਕਾਰਨ ਇਹਨਾਂ ਤਬਦੀਲੀਆਂ ਦਾ ਤੱਤ ਬੁਰਜੂਆ ਹੋਣਾ ਲਾਜ਼ਮੀ ਸੀ; ਪਰ ਬੁਰਜੂਆਜ਼ੀ ਹੁੰਦੀ ਤਾਂ ਬੁਰਜੂਆਜ਼ੀ ਹੈ। ਵਿਚਲੀ ਤੇ ਵੱਡੀ ਬੁਰਜੂਆਜ਼ੀ ਜੋ ਘੱਟ ਜਾਂ ਵੱਧ ਹੱਦ ਤੱਕ ਨਰਮ ਰੁਚੀ ਵਾਲ਼ੇ ਉਦਾਰਵਾਦ ਦੀ ਧਾਰਨੀ ਸੀ, ਅਸਲੋਂ ਆਪਣੀ ਜਮਾਤੀ ਪੁਜ਼ੀਸ਼ਨ ਕਰਕੇ ਹੀ, ਚਾਣਚੱਕੀ ਤਬਦੀਲੀਆਂ ਤੋਂ ਡਰਦੀ ਸੀ, ਤੇ ਜ਼ਰੱਈ ਪ੍ਰਬੰਧ ਵਿੱਚ ਵੀ ਤੇ ਰਾਜਸੀ "ਪਰਾਬਣਤਰ" ਵਿੱਚ ਵੀ, ਪੁਰਾਣੀਆਂ ਸੰਸਥਾਵਾਂ ਦੀ ਵੱਡੀ ਰਹਿੰਦ-ਖੂੰਹਦ ਨੂੰ ਕਾਇਮ ਰੱਖਣ ਦੇ ਯਤਨ ਕਰਦੀ ਸੀ। ਪੇਂਡੂ ਨਿੱਕ-ਬੁਰਜੂਆਜ਼ੀ ਨੇ, ਜੋ ਕਿਸਾਨੀ ਨਾਲ਼, ਜੋ "ਆਪਣੇ ਹੱਥਾਂ ਦੀ ਕਿਰਤ" ਉੱਤੇ ਜੀਊਂਦੀ ਹੈ,

ਓਤਪੱਤ ਹੈ, **ਵੱਖਰੀ ਕਿਸਮ ਦੇ** ਬੁਰਜੂਆ ਸੁਧਾਰਾਂ ਲਈ ਯਤਨ ਕਰਨਾ ਸੀ, ਸੁਧਾਰ, ਜਿਨ੍ਹਾਂ ਮੱਧਕਾਲੀ ਰਹਿੰਦ-ਖੂੰਹਦ ਲਈ ਕਿਤੇ ਘੱਟ ਗੁੰਜਾਇਸ਼ ਛੱਡਣੀ ਸੀ। ਉਜਰਤੀ ਮਜ਼ਦੂਰਾਂ ਨੂੰ, ਉਸ ਹੱਦ ਤੱਕ ਜਿਸ ਤੱਕ ਉਹਨਾਂ ਚੇਤੰਨ ਤੌਰ 'ਤੇ ਮਹਿਸੂਸ ਕੀਤਾ ਕਿ ਉਹਨਾਂ ਦੇ ਆਸ ਪਾਸ ਕੀ ਹੋ ਰਿਹਾ ਸੀ, ਆਪਣੇ ਲਈ ਦੋ ਵੱਖ-ਵੱਖ ਰੁਚੀਆਂ ਦੀ ਇਸ ਟੱਕਰ ਵੱਲ ਆਪਣਾ ਨਿਸ਼ਚਿਤ ਵਤੀਰਾ ਘੜਨਾ ਪੈਣਾ ਸੀ, ਜੋ ਬੁਰਜੂਆ ਪ੍ਰਬੰਧ ਦੀਆਂ ਹੱਦਾਂ ਦੇ ਅੰਦਰ-ਅੰਦਰ ਰਹੀਆਂ, ਪਰ ਜਿਨ੍ਹਾਂ ਇਹਦੇ ਲਈ ਉੱਕਾ ਹੀ ਵੱਖਰੀਆਂ ਸ਼ਕਲਾਂ, ਵਿਕਾਸ ਦੀਆਂ ਉੱਕਾ ਹੀ ਵੱਖਰੀਆਂ ਦਰਾਂ, ਉਹਦੇ ਅਗਾਂਹ-ਵਧੂ ਪ੍ਰਭਾਵਾਂ ਦੇ ਵੱਖਰੇ ਦਰਜੇ ਮਿੱਥੇ।

ਇਸ ਤਰ੍ਹਾਂ, ਪਿਛਲੇ ਤਿੰਨ ਸਾਲਾਂ ਦੇ ਦੌਰ ਨੇ, ਸਬੱਬ ਨਾਲ਼ ਨਹੀਂ, ਲਾਜ਼ਮੀ ਤੌਰ 'ਤੇ ਮਾਰਕਸਵਾਦ ਵਿੱਚ ਮੂਹਰੇ ਉਹ ਮਸਲੇ ਲਿਆਂਦੇ, ਜਿਨ੍ਹਾਂ ਦਾ ਜ਼ਿਕਰ ਅਕਸਰ ਦਾਅ-ਪੇਚਾਂ ਦੇ ਮਸਲਿਆਂ ਦੇ ਤੌਰ ਉੱਤੇ ਕੀਤਾ ਜਾਂਦਾ ਹੈ। ਇਸ ਰਾਏ ਨਾਲ਼ੋਂ ਬਹੁਤੀ ਗਲਤ ਹੋਰ ਕੋਈ ਗੱਲ ਨਹੀਂ ਕਿ ਝਗੜੇ ਤੇ ਮਤਭੇਦ ਜੋ ਇਹਨਾਂ ਸਵਾਲਾਂ ਬਾਰੇ ਪੈਦਾ ਹੋਏ, "ਬੁੱਧੀਮਾਨਾਂ" ਵਿਚਕਾਰ ਝਗੜੇ ਸਨ, ਕਿ ਉਹ "ਕੱਚੇ ਪ੍ਰੋਲੇਤਾਰੀ ਉੱਤੇ ਅਸਰ ਦੇ ਘੋਲ਼" ਸਨ, ਕਿ ਉਹ "ਬੁੱਧੀਮਾਨਾਂ ਨੂੰ ਪ੍ਰੋਲੇਤਾਰੀ ਨਾਲ਼ ਅਨੁਕੂਲਣ ਦੇ ਅਮਲ" ਦਾ ਪ੍ਰਗਟਾਵਾ ਸਨ, ਜਿਵੇਂ ਕਿ ਵੱਖ-ਵੱਖ ਕਿਸਮਾਂ ਦੇ "ਵੇਖੀ-ਵਾਦੀ"[85] ਸੋਚਦੇ ਹਨ। ਇਹਦੇ ਉਲਟ ਸਗੋਂ, ਐਨ ਏਸੇ ਕਾਰਨ ਹੀ ਕਿ ਇਹ ਜਮਾਤ ਪ੍ਰੌਢਤਾ ਪ੍ਰਾਪਤ ਕਰ ਚੁੱਕੀ ਸੀ, ਇਹ ਰੂਸ ਦੇ ਸਮੁੱਚੇ ਬੁਰਜੂਆ ਵਿਕਾਸ ਵਿੱਚ ਦੋ ਵੱਖੋ-ਵੱਖਰੀਆਂ ਰੁਚੀਆਂ ਦੇ ਭੇੜ ਤੋਂ ਅਭਿੱਜ ਨਾ ਰਹਿ ਸਕੀ ਤੇ ਇਸ ਜਮਾਤ ਦੇ ਵਿਚਾਰਧਾਰਕ ਮਾਹਿਰ ਇਹਨਾਂ ਵੱਖੋ-ਵੱਖਰੀਆਂ ਰੁਚੀਆਂ ਦੇ ਅਨੁਕੂਲ (ਸਿੱਧੇ ਜਾਂ ਅਸਿੱਧੇ ਤੌਰ 'ਤੇ ਸਿੱਧੇ ਜਾਂ ਉਲਟੇ ਪ੍ਰਤੀਬਿੰਬ ਵਿੱਚ) ਸਿਧਾਂਤਕ ਸਿੱਟੇ ਮੁਹੱਈਆ ਕੀਤੇ ਬਿਨਾਂ ਨਾ ਰਹਿ ਸਕੇ।

ਦੂਜੇ ਤਿੰਨ-ਸਾਲਾ ਦੌਰ ਵਿੱਚ ਰੂਸ ਅੰਦਰ ਬੁਰਜੂਆ ਵਿਕਾਸ ਦੀਆਂ **ਵੱਖੋ-ਵੱਖਰੀਆਂ** ਰੁਚੀਆਂ ਦਾ ਭੇੜ ਪ੍ਰਧਾਨ ਗੱਲ **ਨਹੀਂ** ਸੀ ਕਿਉਂ ਜੋ ਇਹ **ਦੋਵੇਂ** ਰੁਚੀਆਂ "ਕੱਟੜਾਂ"[86] ਵੱਲੋਂ ਕੁਚਲੀਆਂ ਜਾ ਰਹੀਆਂ ਸਨ, ਪਿੱਛੇ ਧੱਕੀਆਂ ਗਈਆਂ ਸਨ, ਅੰਦਰ ਵੱਲ ਧੱਕੀਆਂ ਗਈਆਂ ਸਨ ਤੇ ਹਾਲ ਦੀ ਘੜੀ, ਦਬਾ ਦਿੱਤੀਆਂ ਗਈਆਂ ਸਨ। ਮੱਧਕਾਲੀ ਕੱਟੜਾਂ ਨੇ ਨਾ ਸਿਰਫ਼ ਅਗਲੀ ਥਾਂ ਹੀ ਮੱਲੀ ਹੋਈ ਸੀ, ਸਗੋਂ ਉਹ ਬੁਰਜੂਆ ਸਮਾਜ ਦੇ ਵਿਸ਼ਾਲ ਤੋਂ ਵਿਸ਼ਾਲ ਹਿੱਸਿਆ ਨੂੰ "ਵੇਖੀ-ਵਾਦੀ" ਭਾਵਨਾ ਨਾਲ਼, ਨਿਰਾਸ਼ਤਾ ਤੇ ਪਛਤਾਵੇ ਦੀ ਭਾਵਨਾ ਨਾਲ਼, ਟੁੰਬ ਵੀ ਰਹੇ ਸਨ। ਤਲ ਉੱਤੇ ਜੋ ਕੁੱਝ ਆਇਆ, ਉਹ ਪੁਰਾਣੇ ਪ੍ਰਬੰਧ ਨੂੰ ਸੁਧਾਰਨ ਦੇ ਦੋ ਢੰਗਾਂ ਦੀ ਟੱਕਰ ਨਹੀਂ ਸੀ, ਸਗੋਂ ਹਰ ਕਿਸਮ ਦੇ ਸੁਧਾਰਾਂ ਵਿੱਚ ਭਰੋਸੇ ਦਾ ਖ਼ਤਮ ਹੋਣਾ, "ਮਸਕੀਨੀ" ਤੇ "ਪਛਤਾਵੇ" ਦੀ ਭਾਵਨਾ, ਸਮਾਜ-ਵਿਰੋਧੀ ਮੱਤ ਦਾ ਮੋਹ ਸੀ, ਰਹੱਸਵਾਦ ਦਾ ਖ਼ਬਤ ਸੀ ਇਤਿਆਦਿ।

ਤੇ ਇਹ ਹੈਰਾਨ ਕਰ ਦੇਣ ਦੀ ਹੱਦ ਤੱਕ ਚਾਣਚੱਕੀ ਤਬਦੀਲੀ ਸਬੱਬੀ ਨਹੀਂ ਸੀ, ਨਾ ਹੀ ਇਹ ਸਿਰਫ਼ "ਬਾਹਰਲੇ" ਦਬਾਓ ਦਾ ਹੀ ਨਤੀਜਾ ਸੀ। ਇਸ ਤੋਂ ਪਹਿਲੇ ਦੌਰ ਨੇ ਵਸੋਂ ਦੀਆਂ ਪਰਤਾਂ ਨੂੰ, ਜੋ ਪੀੜ੍ਹੀਆਂ ਤੇ ਸਦੀਆਂ ਤੋਂ ਰਾਜਸੀ ਸਵਾਲਾਂ ਤੋਂ ਅਭਿੱਜ ਸਨ ਤੇ ਉਹਨਾਂ

ਨੂੰ ਜਾਣਦੀਆਂ-ਪਛਾਣਦੀਆਂ ਨਹੀਂ ਸਨ, ਇੰਝ ਡੂੰਘੀ ਤਰ੍ਹਾਂ ਹਿਲੂਣ ਦਿੱਤਾ ਸੀ ਕਿ "ਸਭਨਾਂ ਕਦਰਾਂ ਦਾ ਮੁੜ ਮੁਲੰਕਣ", ਬੁਨਿਆਦੀ ਮਸਲਿਆਂ ਦਾ ਨਵਾਂ ਅਧਿਐਨ, ਸਿਧਾਂਤ ਵਿੱਚ, ਮੂਲ ਅੰਸ਼ਾਂ ਵਿੱਚ, ਮੁੱਢਲੀਆਂ ਗੱਲਾਂ ਨਾਲ਼ ਸ਼ੁਰੂ ਹੁੰਦੇ ਅਧਿਐਨ ਵਿੱਚ, ਦਿਲਚਸਪੀ ਸੁਭਾਵਕ ਤੇ ਲਾਜ਼ਮੀ ਤੌਰ 'ਤੇ ਪੈਦਾ ਹੋ ਗਈ। ਲੰਮੀ ਨੀਂਦਰ ਤੋਂ ਚਾਣਚਕ ਜਗਾ ਦਿੱਤੇ ਗਏ ਤੇ ਚਾਣਚਕ ਹੀ ਅਤਿ ਅਹਿਮ ਮਸਲਿਆਂ ਦੇ ਸਾਹਮਣੇ ਲਿਆ ਖਲ੍ਹਾਰੇ ਗਏ ਲਖੂਖਾ ਲੋਕ, ਇਸ ਪੱਧਰ ਉੱਤੇ ਚੋਖਾ ਚਿਰ ਨਹੀਂ ਸੀ ਰਹਿ ਸਕਦੇ, ਸਾਹ ਲਏ ਬਿਨਾਂ, ਮੁੱਢਲੇ ਸਵਾਲਾਂ ਵੱਲ ਪਰਤਿਆਂ ਬਿਨਾਂ, ਨਵੀਂ ਸਿਖਲਾਈ ਤੋਂ ਬਿਨਾਂ, ਜੋ ਬੇ-ਮਿਸਾਲ ਭਰਪੂਰਤਾ ਵਾਲ਼ੇ ਸਬਕ "ਪਚਾਉਣ" ਵਿੱਚ ਉਹਨਾਂ ਦੀ ਮਦਦ ਕਰਦੀ, ਤੇ ਬੇ-ਜੋੜ ਹੱਦ ਤੱਕ ਵਧੇਰੇ ਵਿਸ਼ਾਲ ਆਮ ਲੋਕਾਂ ਲਈ ਫੇਰ ਅੱਗੇ ਵੱਧਣਾ ਸੰਭਵ ਬਣਾਉਂਦੀ, ਪਰ ਹੁਣ ਅੱਗੇ ਨਾਲ਼ੋਂ ਕਿਤੇਂ ਬਹੁਤੀ ਪਕਿਆਈ ਨਾਲ਼, ਵਧੇਰੇ ਚੇਤੰਨ ਰੂਪ ਵਿੱਚ, ਵਧੇਰੇ ਵਿਸ਼ਵਾਸ ਨਾਲ਼, ਵਧੇਰੇ ਹੱਠ ਨਾਲ਼।

ਇਤਿਹਾਸਕ ਵਿਕਾਸ ਦਾ ਦਵੰਦ ਅਜਿਹਾ ਸੀ ਕਿ ਪਹਿਲੇ ਦੌਰ ਵਿੱਚ ਪ੍ਰਧਾਨ ਚੀਜ਼ ਦੇਸ਼ ਦੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਫੌਰੀ ਸੁਧਾਰਾਂ ਦੀ ਪ੍ਰਾਪਤੀ ਸੀ, ਜਦੋਂ ਕਿ ਦੂਜੇ ਦੌਰ ਵਿੱਚ ਪ੍ਰਧਾਨ ਚੀਜ਼ ਤਜ਼ਰਬੇ ਦਾ ਅਧਿਐਨ ਸੀ, ਉਹਦਾ ਵਧੇਰੇ ਵਿਸ਼ਾਲ ਹਿੱਸਿਆਂ ਵੱਲੋਂ ਰਚਾਏ ਜਾਣਾ ਸੀ, ਜੇ ਕਿਹਾ ਜਾ ਸਕੇ ਤਾਂ ਉਹਦਾ ਹੇਠਲੀ ਪਰਤ ਤੱਕ, ਵੱਖ-ਵੱਖ ਜਮਾਤਾਂ ਦੀਆਂ ਪਛੜੀਆਂ ਸਫ਼ਾਂ ਤੱਕ ਘੁਸੜਨਾ ਸੀ।

ਐਨ ਏਸੇ ਕਰਕੇ ਕਿ ਮਾਰਕਸਵਾਦ ਨਿਰਜਿੰਦ ਕੱਟੜ-ਮੱਤ ਨਹੀਂ, ਅੰਤਮ, ਤਿਆਰ, ਬਣਿਆ-ਬਣਾਇਆ, ਅਬਦਲ ਸਿਧਾਂਤ ਨਹੀਂ, ਸਗੋਂ ਅਮਲ ਦਾ ਰਾਹ-ਵਿਖਾਵਾ ਹੈ, ਐਨ ਏਸੇ ਕਰਕੇ ਉਹਨੇ ਸਮਾਜਕ ਜੀਵਨ ਦੀਆਂ ਹਾਲਤਾਂ ਵਿੱਚ ਆਈ ਹੈਰਾਨ ਕਰਨ ਦੀ ਹੱਦ ਤੱਕ ਅਚਾਨਕ ਤਬਦੀਲੀ ਨੂੰ ਪ੍ਰਤੀਬਿੰਬਤ ਕਰਨਾ ਹੀ ਸੀ। ਤਬਦੀਲੀ ਦਾ ਇੱਕ ਪ੍ਰਤੀਬਿੰਬ, ਇੱਕ ਗੰਭੀਰ ਵਿਗਠਨ ਤੇ ਫੁੱਟ, ਹਰ ਤਰ੍ਹਾਂ ਦੀ ਡਾਵਾਂਡੋਲਤਾ, ਗੱਲ ਕੀ, ਮਾਰਕਸਵਾਦ ਦਾ ਇੱਕ ਬਹੁਤ ਹੀ ਗੰਭੀਰ **ਅੰਦਰਲਾ** ਸੰਕਟ ਸੀ। ਇਸ ਵਿਗਠਨ ਦਾ ਦ੍ਰਿੜ੍ਹ ਮੁਕਾਬਲਾ ਕਰਨ ਦੀ ਮਾਰਕਸਵਾਦ ਦੀਆਂ **ਨੀਂਹਾਂ** ਲਈ ਦ੍ਰਿੜ੍ਹ ਤੇ ਹਠੀਲਾ ਘੋਲ਼ ਕਰਨ ਦੀ, ਲੋੜ ਇੱਕ ਵਾਰੀ ਫੇਰ ਪ੍ਰਧਾਨ ਗੱਲ ਬਣ ਗਈ। ਇਸ ਤੋਂ ਪਹਿਲੇ ਦੌਰ ਵਿੱਚ, ਜਮਾਤਾਂ ਦੇ ਅਤਿ ਵਿਸ਼ਾਲ ਹਿੱਸਿਆਂ ਨੇ, ਜੋ ਆਪਣੇ ਨਿਸ਼ਾਨਿਆਂ ਨੂੰ ਸੂਤਰਬੱਧ ਕਰਨ ਵਿੱਚ ਮਾਰਕਸਵਾਦ ਤੋਂ ਕਤਰਾ ਨਹੀਂ ਸਕਦੇ, ਕੁੱਝ "ਨਾਅਰਿਆਂ" ਨੂੰ ਘੋਟਾ ਲਾ ਕੇ, ਦਾਅ-ਪੇਚੀ ਸਵਾਲਾਂ ਦੇ ਕੁੱਝ ਜਵਾਬ, ਇਹਨਾਂ ਜਵਾਬਾਂ ਦੀ ਮਾਰਕਸਵਾਦੀ ਕਸੌਟੀ ਨੂੰ **ਸਮਝਿਆਂ ਬਿਨਾਂ**, ਯਾਦ ਕਰਕੇ ਮਾਰਕਸਵਾਦ ਨੂੰ ਅਤਿ ਇੱਕ-ਪਾਸੜ ਤੇ ਮੋੜੇ-ਤੋੜੇ ਢੰਗ ਨਾਲ਼ ਪਚਾਇਆ ਹੋਇਆ ਸੀ। ਸਮਾਜਕ ਜੀਵਨ ਦੇ ਸਭ ਵੱਖ-ਵੱਖ ਖੇਤਰਾਂ ਵਿੱਚ "ਸਭਨਾਂ ਕਦਰਾਂ ਦੇ ਮੁੜ ਮੁਲੰਕਨ" ਦੇ ਨਤੀਜੇ ਵਜੋਂ ਮਾਰਕਸਵਾਦ ਦੀਆਂ ਸਭ ਤੋਂ ਅਮੂਰਤ ਤੇ ਆਮ ਦਾਰਸ਼ਨਿਕ ਨੀਂਹਾਂ ਦੀ "ਸੁਧਾਈ" ਹੋਈ। ਆਪਣੀਆਂ ਵੰਨ-ਸੁਵੰਨੀਆਂ ਵਿਚਾਰਵਾਦੀ ਭਾਹਾਂ ਸਹਿਤ ਬੁਰਜੂਆ ਦਰਸ਼ਨ ਦਾ ਅਸਰ ਉਸ ਮਾਖ਼ੀਅਨ ਵਬਾ ਵਿੱਚ ਪ੍ਰਗਟ ਹੋਇਆ, ਜਿਹੜੀ ਮਾਰਕਸਵਾਦੀਆਂ ਵਿੱਚ ਫੈਲ ਗਈ। ਘੋਟਾ ਲਾ ਕੇ ਯਾਦ ਕੀਤੇ, ਪਰ ਨਾ ਸਮਝੇ, ਨਾ ਵਿਚਾਰੇ, ਨਾਅਰਿਆਂ ਨੂੰ ਦੁਹਰਾਉਣ ਦੇ ਨਤੀਜੇ ਵਜੋਂ ਵਿਸ਼ਾਲ ਪੈਮਾਨੇ ਉੱਤੇ ਥੋਥੀ ਫ਼ਿਕਰੇਬਾਜ਼ੀ ਪ੍ਰਚੱਲਤ ਹੋ ਗਈ; ਜੋ ਅਮਲ ਵਿੱਚ,

ਕਤਈ ਰੂਪ ਵਿੱਚ ਗ਼ੈਰ-ਮਾਰਕਸਵਾਦੀ, ਨਿੱਕ-ਬੁਰਜੂਆ ਰੌਆਂ ਦੇ ਤੁਲ ਸੀ, ਜਿਵੇਂ ਕਿ ਨਿਸ਼ੰਗ ਜਾਂ ਲੱਜਿਤ ਓਤਜ਼ੋਵਵਾਦ[87] ਜਾਂ ਓਤਜ਼ੋਵਵਾਦ ਦੀ ਮਾਰਕਸਵਾਦ ਦੀ ਇੱਕ "ਹੱਕੀ ਆਭਾ" ਦੇ ਰੂਪ ਵਿੱਚ ਪ੍ਰਵਾਨਗੀ।

ਦੂਜੇ ਪਾਸੇ, "ਵੇਖੀ-ਵਾਦ" ਦੀ ਭਾਵਨਾ, ਪਛਤਾਵੇ ਦੀ ਭਾਵਨਾ, ਜੋ ਬੁਰਜੂਆਜ਼ੀ ਦੇ ਬਹੁਤ ਹੀ ਵਿਸ਼ਾਲ ਹਿੱਸਿਆਂ ਉੱਤੇ ਛਾ ਗਈ ਹੋਈ ਸੀ, ਉਸ ਰੌ ਵਿੱਚ ਵੀ ਰਚ ਗਈ, ਜੋ ਮਾਰਕਸਵਾਦੀ ਸਿਧਾਂਤ ਤੇ ਅਮਲ ਨੂੰ "ਨਰਮ ਤੇ ਸਹੀ" ਧਾਰਿਆਂ ਦੀਆਂ ਹੱਦਾਂ ਦੇ ਅੰਦਰ-ਅੰਦਰ ਰੱਖਣ ਦੀ ਕੋਸ਼ਿਸ਼ ਕਰਦੀ ਹੈ। ਏਥੇ ਮਾਰਕਸਵਾਦ ਜੋ ਰਹਿ ਗਿਆ ਸੀ, ਉਹ ਸਿਰਫ਼ ਲੱਫ਼ਾਜ਼ੀ ਸੀ, ਜੋ "ਅਧਿਸ਼੍ਰੇਣੀ", "ਸਰਦਾਰੀ" ਆਦਿ ਸਬੰਧੀ ਦਲੀਲਾਂ ਨੂੰ ਵੇਸ ਪਵਾਉਣ ਦੇ ਕੰਮ ਆਉਂਦੀ ਸੀ, ਜੋ ਉਦਾਰਵਾਦ ਦੀ ਭਾਵਨਾ ਨਾਲ਼ ਪੂਰੀ ਤਰ੍ਹਾਂ ਸਰਚੀਆਂ ਹੋਈਆਂ ਸਨ।

ਨਿਰਸੰਦੇਹ, ਇਹਨਾਂ ਦਲੀਲਾਂ ਦੀ ਘੋਖ-ਪਰਖ ਇਸ ਲੇਖ ਦਾ ਆਸਾ ਨਹੀਂ ਹੋ ਸਕਦਾ। ਉਸ ਸੰਕਟ ਦੀ, ਜਿਸ ਵਿੱਚੋਂ ਮਾਰਕਸਾਵਾਦ ਲੰਘ ਰਿਹਾ ਹੈ, ਡੂੰਘਾਈ ਬਾਰੇ ਜੋ ਉੱਪਰ ਕਿਹਾ ਗਿਆ ਹੈ, ਉਹਨੂੰ ਸਚਿਤਰਨ ਲਈ ਤੇ ਵਰਤਮਾਨ ਸਮੇਂ ਸਮੁੱਚੀ ਸਮਾਜਕ ਤੇ ਆਰਥਕ ਹਾਲਤ ਨਾਲ਼ ਇਹਦਾ ਸਬੰਧ ਸਚਿਤਰਨ ਲਈ ਉਹਨਾਂ ਵੱਲ ਕੇਵਲ ਇੱਕ ਸੰਕੇਤ ਹੀ ਕਾਫ਼ੀ ਹੈ। ਇਸ ਸੰਕਟ ਵੱਲੋਂ ਪੈਦਾ ਕੀਤੇ ਗਏ ਸਵਾਲ ਲਾਂਭੇ ਨਹੀਂ ਕੀਤੇ ਜਾ ਸਕਦੇ। ਇਹਨਾਂ ਨੂੰ ਲੱਫ਼ਾਜ਼ੀ ਨਾਲ਼ ਟਾਲ਼ ਦੇਣ ਨਾਲ਼ੋਂ ਬਹੁਤੀ ਹਾਨੀਕਾਰਕ ਜਾਂ ਬੇ-ਅਸੂਲੀ ਗੱਲ ਹੋਰ ਕੋਈ ਨਹੀਂ ਹੋਵੇਗੀ। ਇਸ ਤੋਂ ਬਹੁਤੀ ਅਹਿਮ ਗੱਲ ਹੋਰ ਕੋਈ ਨਹੀਂ ਕਿ ਉਹਨਾਂ **ਸਭਨਾਂ** ਮਾਰਕਸਵਾਦੀਆਂ ਨੂੰ, ਜਿਨ੍ਹਾਂ ਸੰਕਟ ਦੀ ਡੂੰਘਾਈ ਤੇ ਉਹਦੇ ਵਿਰੁੱਧ ਘੁਲਣ ਦੀ ਲੋੜ ਮਹਿਸੂਸ ਕਰ ਲਈ ਹੈ, ਮਾਰਕਸਵਾਦ ਦੀਆਂ ਸਿਧਾਂਤਕ ਨੀਂਹਾਂ ਤੇ ਉਹਦੇ ਬੁਨਿਆਦੀ ਪ੍ਰਸਤਾਵਾਂ ਦੀ, ਜੋ ਮਾਰਕਸਵਾਦ ਦੇ ਵੱਖ-ਵੱਖ "ਹਮਸਫ਼ਰਾਂ" ਤੱਕ ਬੁਰਜੂਆ ਅਸਰ ਦੇ ਫੈਲਣ ਨਾਲ਼ ਇੱਕਦਮ ਉਲਟ ਪਾਸਿਆਂ ਤੋਂ ਵਿਗਾੜੇ ਜਾ ਰਹੇ ਹਨ, ਰੱਖਿਆ ਦੇ ਆਸ਼ੇ ਨਾਲ਼, ਇਕਮੁੱਠ ਕੀਤਾ ਜਾਵੇ।

ਪਿਛਲੇ ਤਿੰਨ ਸਾਲਾਂ ਦੇ ਵਿਸ਼ਾਲ ਹਲਕਿਆਂ ਨੂੰ ਸਮਾਜਕ ਜੀਵਨ ਵਿੱਚ ਚੇਤੰਨ ਸ਼ਮੂਲੀਅਤ ਲਈ ਜਗਾਇਆ ਹੈ, ਹਲਕੇ, ਜੋ ਪਹਿਲੀ ਵਾਰੀ ਮਾਰਕਸਵਾਦ ਨਾਲ਼ ਆਪਣੀ ਜਾਣ-ਪਛਾਣ ਅਸਲ ਢੰਗ ਨਾਲ਼ ਕਰਾਉਣ ਲੱਗ ਪਏ ਹਨ। ਇਸ ਸਿਲਸਿਲੇ ਵਿੱਚ ਬੁਰਜੂਆ ਅਖ਼ਬਾਰ ਹਮੇਸ਼ਾ ਨਾਲ਼ੋਂ ਬਹੁਤੇ ਕਿਤੇ ਵਧੇਰੇ ਗ਼ਲਤ ਵਿਚਾਰ ਉਪਜਾਉਣ ਤੇ ਵਧੇਰੇ ਵਿਸ਼ਾਲ ਪੈਮਾਨੇ ਉੱਤੇ ਫੈਲਾਉਣ ਲੱਗ ਪਏ ਹਨ। ਇਹਨਾਂ ਹਾਲਾਤ ਵਿੱਚ, ਮਾਰਕਸਵਾਦੀਆਂ ਦੀਆਂ ਸਫ਼ਾਂ ਦਾ ਵਿਗਠਨ ਖਾਸ ਹੀ ਖ਼ਤਰਨਾਕ ਹੈ। ਇਸ ਲਈ ਵਰਤਮਾਨ ਸਮੇਂ ਇਸ ਵਿਗਠਨ ਦੀ ਅਟੱਲਤਾ ਦੇ ਕਾਰਨ ਸਮਝਣਾ ਤੇ ਵਿਗਠਨ ਵਿਰੁੱਧ ਇੱਕਸਾਰ ਘੋਲ਼ ਕਰਨ ਦੇ ਆਸ਼ੇ ਨਾਲ਼ ਆਪਣੀਆਂ ਸਫ਼ਾਂ ਇਕਮੁੱਠ ਕਰਨਾ, ਸ਼ਬਦ ਦੇ ਸਭ ਤੋਂ ਸਿੱਧੇ ਤੇ ਸ਼ੁੱਧ ਭਾਵ ਅਨੁਸਾਰ, ਮਾਰਕਸਵਾਦੀਆਂ ਦਾ ਯੁੱਗ ਦਾ ਕਰੱਤਵ ਹੈ।

"ਜ਼ਵੇਜ਼ਦਾ" ਨੰ: 2,
23 ਦਸੰਬਰ, 1910 ਨੂੰ ਛਪਿਆ।

# ਕਾਰਲ ਮਾਰਕਸ ਦੀ ਸਿੱਖਿਆ ਦੀ ਇਤਿਹਾਸਕ ਹੋਣੀ[88]

ਮਾਰਕਸ ਦੇ ਮੱਤ ਦੀ ਮੁੱਖ ਗੱਲ ਇਹ ਹੈ ਕਿ ਇਹ ਸੋਸ਼ਲਿਸ਼ਟ ਸਮਾਜ ਦੇ ਉਸਰਈਆਂ ਵਜੋਂ ਪ੍ਰੋਲੇਤਾਰੀ ਦੇ ਇਤਿਹਾਸਕ ਰੋਲ਼ ਨੂੰ ਉਜਾਗਰ ਕਰਦਾ ਹੈ। ਜਦੋਂ ਤੋਂ ਮਾਰਕਸ ਨੇ ਇਸ ਮੱਤ ਨੂੰ ਪੇਸ਼ ਕੀਤਾ ਹੈ, ਕੀ ਸੰਸਾਰ ਭਰ ਵਿੱਚ ਵਾਪਰੀਆਂ ਘਟਨਾਵਾਂ ਦੀ ਪ੍ਰਗਤੀ ਨੇ ਇਸ ਦੀ ਪੁਸ਼ਟੀ ਕੀਤੀ ਹੈ ?

ਮਾਰਕਸ ਨੇ ਪਹਿਲੀ ਵਾਰੀ ਇਹ 1844 ਵਿੱਚ ਪੇਸ਼ ਕੀਤਾ। 1848 ਵਿੱਚ ਪ੍ਰਕਾਸ਼ਤ ਹੋਏ ਮਾਰਕਸ ਤੇ ਏਂਗਲਜ਼ ਦੇ "ਕਮਿਊਨਿਸਟ ਮੈਨੀਫੈਸਟੋ" ਨੇ ਇਸ ਮੱਤ ਦੀ ਸੰਪੂਰਨ ਤੇ ਬਾਕਾਇਦਾ ਵਿਆਖਿਆ ਕੀਤੀ, ਜਿਹੜੀ ਵਿਆਖਿਆ ਕਿ ਅੱਜ ਦਿਨ ਤੱਕ ਸਭ ਤੋਂ ਚੰਗੀ ਹੈ। ਓਦੋਂ ਤੋਂ ਲੈ ਕੇ ਸੰਸਾਰ ਇਤਿਹਾਸ ਸਪੱਸ਼ਟ ਤਰ੍ਹਾਂ ਨਾਲ਼ ਤਿੰਨ ਮੁੱਖ ਦੌਰਾਂ ਵਿੱਚ ਵੰਡਿਆਂ ਹੋਇਆ ਹੈ : (1) 1848 ਦੇ ਇਨਕਲਾਬ ਤੋਂ ਲੈ ਕੇ ਪੈਰਿਸ ਕਮਿਊਨ (1871) ਤੱਕ; (2) ਪੈਰਿਸ ਕਮਿਊਨ ਤੋਂ ਲੈ ਕੇ ਰੂਸੀ ਇਨਕਲਾਬ (1905) ਤੱਕ; (3) ਰੂਸੀ ਇਨਕਲਾਬ ਤੋਂ ਮਗਰਲਾ ਸਮਾਂ।

ਆਓ ਦੇਖੀਏ, ਇਹਨਾਂ ਵਿੱਚੋਂ ਹਰ ਦੌਰ ਵਿੱਚ ਮਾਰਕਸ ਦੇ ਮੱਤ ਦੀ ਹੋਣੀ ਕੀ ਰਹੀ ਹੈ।

**(1)**

ਪਹਿਲੇ ਦੌਰ ਦੇ ਸ਼ੁਰੂ ਵਿੱਚ ਮਾਰਕਸ ਦਾ ਮੱਤ ਕਿਸੇ ਤਰ੍ਹਾਂ ਵੀ ਗਾਲਬ ਨਹੀਂ ਸੀ। ਇਹ ਸਮਾਜਵਾਦ ਦੇ ਬੇਹੱਦ ਅਣਗਿਣਤ ਪੱਖਾਂ ਜਾਂ ਰੁਝਾਣਾਂ ਵਿੱਚੋਂ ਸਿਰਫ਼ ਇੱਕ ਸੀ। ਸਮਾਜਵਾਦ ਦੇ ਜਿਹੜੇ ਰੂਪ ਸੱਚਮੁੱਚ ਗਾਲਬ ਸਨ, ਉਹ ਮੁੱਖ ਤੌਰ 'ਤੇ ਸਾਡੇ ਨਰੋਦਵਾਦ[89] ਨਾਲ਼ ਮਿਲਦੇ ਜੁਲਦੇ ਸਨ: ਇਤਿਹਾਸਕ ਲਹਿਰ ਦੇ ਪਦਾਰਥਵਾਦੀ ਅਧਾਰ ਦੀ ਸਮਝ ਨਾ ਹੋਣਾ, ਪੂੰਜੀਵਾਦੀ ਸਮਾਜ ਵਿੱਚ ਹਰ ਜਮਾਤ ਦੇ ਰੋਲ਼ ਤੇ ਮਹੱਤਤਾ ਨੂੰ ਨਿਖੇੜਣ ਦੇ ਸਮਰੱਥ ਨਾ ਹੋਣਾ, "ਲੋਕ", "ਨਿਆਂ", "ਹੱਕ" ਵਗੈਰਾ ਵਗੈਰਾ ਬਾਰੇ ਤਰ੍ਹਾਂ ਤਰ੍ਹਾਂ ਦੀਆਂ, ਮਿੱਥਿਆ-ਸਮਾਜਵਾਦੀ ਫਿਕਰੇਬਾਜ਼ੀਆਂ ਹੇਠ ਜਮਹੂਰੀ ਸੁਧਾਰਾਂ ਦੇ ਬੁਰਜੂਆ ਖਾਸੇ ਨੂੰ ਲੁਕਾਉਣਾ।

1848 ਦੇ ਇਨਕਲਾਬ ਨੇ **ਪੂਰਵ**-ਮਾਰਕਸੀ ਸਮਾਜਵਾਦ ਦੇ ਇਹਨਾਂ ਸਾਰੇ ਸੰਘਪਾੜਵੇਂ, ਰੰਗ-ਬਰੰਗੇ ਤੇ ਅਡੰਬਰੀ ਰੂਪਾਂ ਉੱਪਰ ਮਾਰੂ ਸੱਟ ਲਾਈ। ਸਾਰੇ ਦੇਸ਼ਾਂ ਵਿੱਚ ਇਨਕਲਾਬ ਨੇ ਸਮਾਜ ਦੀਆਂ ਵੱਖੋ-ਵੱਖਰੀਆਂ ਜਮਾਤਾਂ ਨੂੰ **ਅਮਲ ਵਿੱਚ** ਸਾਹਮਣੇ ਲਿਆਂਦਾ। 1848 ਦੇ ਜੂਨ ਦੇ ਦਿਨਾਂ ਵਿੱਚ ਪੈਰਿਸ ਵਿੱਚ ਗਣਰਾਜੀ ਬੁਰਜੂਆਜ਼ੀ ਵੱਲੋਂ ਮਜ਼ਦੂਰਾਂ ਨੂੰ

ਗੋਲ਼ੀਆਂ ਨਾਲ਼ ਮਾਰਨ ਤੋਂ ਅੰਤਮ ਤੌਰ 'ਤੇ ਪ੍ਰਗਟ ਹੋ ਗਿਆ ਕਿ **ਸਿਰਫ਼** ਪ੍ਰੋਲੇਤਾਰੀ ਹੀ ਖਾਸੇ ਵਜੋਂ ਸਮਾਜਵਾਦੀ ਹਨ। ਉਦਾਰਵਾਦੀ ਬੁਰਜੂਆਜ਼ੀ ਕਿਸੇ ਤਰ੍ਹਾਂ ਦੇ ਵੀ ਪਿਛਾਖੜ ਨਾਲ਼ੋਂ ਇਸ ਜਮਾਤ ਦੀ ਸਵੈਧੀਨਤਾ ਤੋਂ ਸੌ ਗੁਣਾ ਜ਼ਿਆਦਾ ਡਰਦੀ ਸੀ। ਡਰਪੋਕ ਉਦਾਰਵਾਦੀਏ ਪਿਛਾਖੜ ਅੱਗੇ ਲੇਟਣੀਆਂ ਲੈਂਦੇ ਸਨ। ਕਿਸਾਨੀ ਸਾਮੰਤਵਾਦ ਦੀ ਰਹਿੰਦ-ਖੂੰਹਦ ਦੇ ਖਾਤਮੇ ਨਾਲ਼ ਸੰਤੁਸ਼ਟ ਸੀ ਤੇ ਅਮਨ-ਅਮਾਨ ਦੇ ਸਮੱਰਥਕਾਂ ਨਾਲ਼ ਜਾ ਰਲ਼ੀ; ਸਿਰਫ਼ ਕਦੀ ਕਦੀ **ਮਜ਼ਦੂਰ ਜਮਹੂਰੀਅਤ ਤੇ ਬੁਰਜੂਆ ਉਦਾਰਵਾਦ** ਵਿਚਕਾਰ ਡੱਕੋ-ਡੋਲੇ ਖਾਂਦੀ ਸੀ। **ਗ਼ੈਰ**-ਜਮਾਤੀ ਸਮਾਜਵਾਦ ਤੇ **ਗ਼ੈਰ**-ਜਮਾਤੀ ਸਿਆਸਤ ਦੇ ਸਾਰੇ ਮੱਤ ਬਿਲਕੁੱਲ ਬੋਦੇ ਸਿੱਧ ਹੋਏ।

ਪੈਰਿਸ ਕਮਿਊਨ (1871) ਨੇ ਬੁਰਜੂਆ ਸੁਧਾਰਾਂ ਦੇ ਇਸ ਵਿਕਾਸ ਨੂੰ ਪੂਰਿਆਂ ਕਰ ਦਿੱਤਾ; ਗਣਰਾਜ, ਭਾਵ, ਰਾਜਸੀ ਜਥੇਬੰਦੀ ਦਾ ਐਸਾ ਰੂਪ ਜਿਸ ਵਿੱਚ ਜਮਾਤੀ ਸਬੰਧ ਆਪਣੇ ਸਭ ਤੋਂ ਵੱਧ ਅਣਲੁਕੇ ਰੂਪ ਵਿੱਚ ਸਾਹਮਣੇ ਆਉਂਦੇ ਹਨ, ਦੇ ਪੱਕੇ ਪੈਰੀਂ ਹੋਣ ਦਾ ਸਿਹਰਾ ਨਿਰੋਲ ਰੂਪ ਵਿੱਚ ਪ੍ਰੋਲੇਤਾਰੀ ਦੀ ਬਹਾਦਰੀ ਦੇ ਸਿਰ ਸੀ।

ਬਾਕੀ ਸਾਰੇ ਯੂਰਪੀ ਦੇਸ਼ਾਂ ਵਿੱਚ, ਵਧੇਰੇ ਉਲਝਿਆ ਹੋਇਆ ਤੇ ਘੱਟ ਪੂਰਨ ਵਿਕਾਸ ਉਸੇ ਹੀ ਸਿੱਟੇ ਵੱਲ ਲੈ ਗਿਆ — ਇੱਕ ਬੁਰਜੂਆ ਸਮਾਜ ਜਿਹੜਾ ਨਿਸ਼ਚਿਤ ਰੂਪ ਧਾਰਨ ਕਰ ਚੁੱਕਾ ਸੀ। ਪਹਿਲੇ ਦੌਰ (1848-1871), ਤੂਫਾਨਾਂ ਤੇ ਇਨਕਲਾਬਾਂ ਦੇ ਦੌਰ, ਦੇ ਅੰਤ ਤੱਕ ਪੂਰਵ-ਮਾਰਕਸੀ ਸਮਾਜਵਾਦ **ਮਰ ਚੁੱਕਾ ਸੀ**। ਸਵੈਧੀਨ **ਪ੍ਰੋਲੇਤਾਰੀ** ਪਾਰਟੀਆਂ ਹੋਂਦ ਵਿੱਚ ਆ ਚੁੱਕੀਆਂ ਸਨ: ਪਹਿਲੀ ਇੰਟਰਨੈਸ਼ਨਲ (1864-1872) ਤੇ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ।

## (2)

ਦੂਜਾ ਦੌਰ (1872-1904) ਪਹਿਲੇ ਦੌਰ ਨਾਲ਼ੋਂ ਆਪਣੇ "ਸ਼ਾਂਤਮਈ" ਖਾਸੇ, ਇਨਕਲਾਬਾਂ ਦੀ ਅਣਹੋਂਦ ਕਾਰਨ, ਵਿਲੱਖਣ ਸੀ। ਪੱਛਮ ਬੁਰਜੂਆ ਇਨਕਲਾਬ ਪੂਰੇ ਕਰ ਚੁੱਕਾ ਸੀ। ਪੂਰਬ ਅਜੇ ਇਸ ਪੜ੍ਹਾਅ ਤੇ ਪਹੁੰਚਿਆ ਨਹੀਂ ਸੀ।

ਪੱਛਮ ਪਰਿਵਰਤਨ ਦੇ ਭਵਿੱਖੀ ਯੁੱਗ ਲਈ "ਸ਼ਾਂਤਮਈ" ਤਿਆਰੀਆਂ ਦੇ ਦੌਰ ਵਿੱਚ ਦਾਖਲ ਹੋ ਗਿਆ। ਸੋਸ਼ਲਿਸ਼ਟ, ਬੁਨਿਆਦੀ ਤੌਰ 'ਤੇ ਪ੍ਰੋਲੇਤਾਰੀ, ਪਾਰਟੀਆਂ ਹਰ ਥਾਂ ਕਾਇਮ ਕੀਤੀਆਂ ਗਈਆਂ ਤੇ ਉਹਨਾਂ ਨੇ ਬੁਰਜੂਆ ਪਾਰਲੀਮੈਂਟਰੀਵਾਦ ਨੂੰ ਵਰਤਣਾ ਸਿੱਖ ਲਿਆ ਤੇ ਆਪਣੀ ਰੋਜ਼ਾਨਾ ਪ੍ਰੈਸ ਦੀ, ਆਪਣੀਆਂ ਵਿੱਦਿਅਕ ਸੰਸਥਾਵਾਂ ਦੀ, ਆਪਣੀਆਂ ਟਰੇਡ-ਯੂਨੀਅਨਾਂ ਤੇ ਆਪਣੀਆਂ ਸਹਿਕਾਰੀ ਸਭਾਵਾਂ ਦੀ ਨੀਂਹ ਰੱਖ ਲਈ। ਮਾਰਕਸ ਦੇ ਮੱਤ ਨੇ ਪੂਰਨ ਜਿੱਤ ਪ੍ਰਾਪਤ ਕਰ ਲਈ ਤੇ **ਫੈਲ ਗਿਆ**। ਪ੍ਰੋਲੇਤਾਰੀ ਦੀਆਂ ਸ਼ਕਤੀਆਂ ਦੀ ਚੋਣ ਤੇ ਇਕੱਠੇ ਹੋਣ ਦੀ ਤੇ ਆਉਂਦੀਆਂ ਲੜਾਈਆਂ ਲਈ ਪ੍ਰੋਲੇਤਾਰੀ ਦੀ ਤਿਆਰੀ ਦੀ ਪ੍ਰਕਿਰਿਆ ਨੇ ਹੌਲ਼ੀ ਹੌਲ਼ੀ, ਪਰ ਇੱਕਸਾਰ ਤਰੱਕੀ ਕੀਤੀ।

ਇਤਿਹਾਸ ਦਾ ਦਵੰਦ ਐਸਾ ਸੀ ਕਿ ਮਾਰਕਸਵਾਦ ਦੀ ਸਿਧਾਂਤਕ ਜਿੱਤ ਨੇ ਇਸ ਦੇ ਦੁਸ਼ਮਣਾਂ ਨੂੰ ਆਪਣੇ ਆਪ ਉੱਤੇ ਮਾਰਕਸਵਾਦੀ ਹੋਣ ਦਾ **ਚੋਗਾ ਪਾਉਣ ਲਈ** ਮਜਬੂਰ

ਕਰ ਦਿੱਤਾ। ਅੰਦਰੋਂ ਗਲੇ-ਸੜੇ ਉਦਾਰਵਾਦ ਨੇ ਸੋਸ਼ਲਿਸਟ **ਮੌਕਾਪ੍ਰਸਤੀ** ਦੇ ਰੂਪ ਵਿੱਚ ਆਪਣੇ ਆਪ ਨੂੰ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਮਹਾਨ ਲੜਾਈਆਂ ਲਈ ਸ਼ਕਤੀਆਂ ਨੂੰ ਤਿਆਰ ਕਰਨ ਦੇ ਦੌਰ ਦਾ ਮਤਲਬ ਇਹਨਾਂ ਲੜਾਈਆਂ ਦੇ ਤਿਆਗ ਤੋਂ ਲਿਆ। ਉਜਰਤੀ ਗੁਲਾਮੀ ਦੇ ਖ਼ਿਲਾਫ਼ ਸੰਗਰਾਮ ਵਿੱਚ ਸਹਾਇਤਾ ਲਈ ਗੁਲਾਮਾਂ ਦੀਆਂ ਹਾਲਤਾਂ ਦੇ ਸੁਧਾਰ ਦਾ ਮਤਲਬ ਉਹਨਾਂ ਨੇ ਗੁਲਾਮਾਂ ਵੱਲੋਂ ਆਪਣੇ ਆਜ਼ਾਦੀ ਦੇ ਹੱਕ ਨੂੰ ਕੁੱਝ ਧੇਲਿਆਂ ਬਦਲੇ ਵੇਚ ਦੇਣਾ ਲਿਆ। ਉਹਨਾਂ ਨੇ ਡਰਪੋਕਾਂ ਵਾਂਗ "ਸਮਾਜਕ ਸ਼ਾਂਤੀ" ਦਾ (ਭਾਵ, ਗੁਲਾਮ-ਮਾਲਕਾਂ ਨਾਲ਼ ਸ਼ਾਂਤੀ ਦਾ), ਜਮਾਤੀ ਘੋਲ਼ ਦੇ ਤਿਆਗ ਆਦਿ ਦਾ ਪ੍ਰਚਾਰ ਕੀਤਾ। ਪਾਰਲੀਮੈਂਟ ਦੇ ਸਮਾਜਵਾਦੀ ਮੈਂਬਰਾਂ ਵਿੱਚ, ਮਜ਼ਦੂਰ ਜਮਾਤ ਲਹਿਰ ਦੇ ਵੱਖੋ-ਵੱਖਰੇ ਅਧਿਕਾਰੀਆਂ ਤੇ "ਹਮਦਰਦੀ ਰੱਖਦੇ" ਬੁੱਧੀਜੀਵੀਆਂ ਵਿੱਚ ਉਹਨਾਂ ਦੇ ਬਹੁਤ ਸਾਰੇ ਸਮੱਰਥਕ ਸਨ।

## ( 3 )

ਪਰ ਮੌਕਾਪ੍ਰਸਤਾਂ ਨੇ "ਸਮਾਜਕ ਸ਼ਾਂਤੀ" ਬਾਰੇ ਤੇ "ਜਮਹੂਰੀਅਤ" ਹੇਠ ਤੂਫਾਨਾਂ ਦੇ ਗੈਰ-ਲੋੜੀਂਦੇ ਹੋਣ ਬਾਰੇ ਅਜੇ ਆਪਣੇ ਆਪ ਨੂੰ ਮਸਾਂ ਵਧਾਈ ਹੀ ਦਿੱਤੀ ਸੀ, ਕਿ ਏਸ਼ੀਆ ਵਿੱਚ ਮਹਾਨ ਸੰਸਾਰ ਤੂਫਾਨਾਂ ਦਾ ਨਵਾਂ ਸੋਮਾ ਫੁੱਟ ਨਿਕਲਿਆ। ਰੂਸੀ ਇਨਕਲਾਬ ਤੋਂ ਮਗਰੋਂ ਤੁਰਕੀ, ਫਾਰਸ ਅਤੇ ਚੀਨ ਵਿੱਚ ਇਨਕਲਾਬ ਆਏ। ਤੂਫਾਨਾਂ ਦਾ ਤੇ ਯੂਰਪ ਉੱਤੇ ਉਹਨਾਂ ਦੇ "ਅਸਰਾਂ" ਦਾ ਇਹ ਯੁੱਗ ਹੈ ਜਿਸ ਵਿੱਚ ਅਸੀਂ ਹੁਣ ਰਹਿ ਰਹੇ ਹਾਂ। ਮਹਾਨ ਚੀਨੀ ਗਣਰਾਜ ਦੀ ਹੋਣੀ ਭਾਵੇਂ ਕੋਈ ਵੀ ਹੋਵੇ, ਜਿਸ ਦੇ ਖ਼ਿਲਾਫ਼ ਵੱਖੋ-ਵੱਖਰੇ "ਸਭਿਅ" ਬਿੱਜੂ ਆਪਣੇ ਦੰਦ ਕਰੀਚ ਰਹੇ ਹਨ, ਧਰਤੀ ਉਪਰਲੀ ਕੋਈ ਵੀ ਤਾਕਤ ਏਸ਼ੀਆ ਵਿੱਚ ਪੁਰਾਣੀ ਖੇਤ-ਗੁਲਾਮੀ ਨੂੰ ਮੁੜ-ਬਹਾਲ ਨਹੀਂ ਕਰ ਸਕਦੀ ਜਾਂ ਏਸ਼ੀਆਈ ਤੇ ਅਰਧ-ਏਸ਼ੀਆਈ ਦੇਸ਼ਾਂ ਵਿੱਚ ਜਨਤਾ ਦੀ ਬਹਾਦਰ ਜਮਹੂਰੀਅਤ ਦਾ ਖਾਤਮਾ ਨਹੀਂ ਕਰ ਸਕਦੀ।

ਕੁੱਝ ਲੋਕ, ਜਿਹੜੇ ਜਨਤਕ ਘੋਲ਼ ਦੀ ਤਿਆਰੀ ਕਰਨ ਤੇ ਇਸ ਨੂੰ ਅੱਗੇ ਖੜਣ ਦੀਆਂ ਹਾਲਤਾਂ ਵੱਲੋਂ ਚੋਕਸ ਨਹੀਂ ਸਨ, ਯੂਰਪ ਵਿੱਚ ਪੂੰਜੀਵਾਦ ਦੇ ਖ਼ਿਲਾਫ਼ ਫੈਸਲਾਕੁਨ ਘੋਲ਼ ਵਿੱਚ ਲੰਮੀਆਂ ਢਿੱਲਾਂ ਨਾਲ਼ ਨਿਰਾਸ਼ਾ ਵਿੱਚ ਤੇ ਅਰਾਜਕਤਾਵਾਦ ਵਿੱਚ ਜਾ ਡਿੱਗੇ। ਅਸੀਂ ਹੁਣ ਦੇਖ ਸਕਦੇ ਹਾਂ ਕਿ ਇਹ ਅਰਾਜਕਤਾਵਾਦੀ ਨਿਰਾਸ਼ਾ ਕਿੰਨੀ ਨੇੜ-ਦਰਸ਼ੀ ਤੇ ਕਮਜ਼ੋਰ ਦਿਲ ਵਾਲ਼ੀ ਸੀ।

ਇਸ ਤੱਥ ਨੂੰ, ਕਿ ਅੱਸੀ ਕਰੋੜ ਵਸੋਂ ਵਾਲ਼ਾ ਏਸ਼ੀਆ ਉਹਨਾਂ ਹੀ ਯੂਰਪੀ ਆਦਰਸ਼ਾਂ ਲਈ ਘੋਲ਼ ਵਿੱਚ ਖਿੱਚਿਆ ਗਿਆ ਹੈ, ਸਾਡੇ ਦਿਲ ਵਿੱਚ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ, ਨਾ ਕਿ ਨਿਰਾਸ਼ਾ।

ਏਸ਼ੀਆਈ ਇਨਕਲਾਬਾਂ ਨਾਲ਼ ਇੱਕ ਵਾਰੀ ਫਿਰ ਉਦਾਰਵਾਦ ਦੀ ਕੰਗਰੋੜਹੀਣਤਾ ਤੇ ਨੀਚਤਾ, ਜਮਹੂਰੀ ਜਨਸਮੂਹਾਂ ਦੀ ਸਵੈਧੀਨਤਾ ਦੀ ਅਸਾਧਾਰਨ ਮਹੱਤਤਾ ਤੇ ਪ੍ਰੋਲੇਤਾਰੀ ਤੇ ਹਰ ਤਰ੍ਹਾਂ ਦੀ ਬੁਰਜੂਆਜ਼ੀ ਵਿਚਕਾਰ ਤਿੱਖਾ ਨਿਖੇੜਾ ਸਾਡੇ ਸਾਹਮਣੇ

ਉਜਾਗਰ ਹੋ ਗਿਆ ਹੈ। ਯੂਰਪ ਤੇ ਏਸ਼ੀਆ, ਦੋਹਾਂ ਦੇ ਤਜਰਬੇ ਤੋਂ ਪਿਛੋਂ ਜਿਹੜਾ ਵੀ ਕੋਈ **ਗ਼ੈਰ**-ਜਮਾਤੀ ਸਿਆਸਤ ਤੇ **ਗ਼ੈਰ**-ਜਮਾਤੀ ਸਮਾਜਵਾਦ ਦੀ ਗੱਲ ਕਰਦਾ ਹੈ, ਉਸ ਨੂੰ ਬੱਸ ਪਿੰਜਰੇ ਵਿੱਚ ਬੰਦ ਕਰ ਦੇਣਾ ਚਾਹੀਦਾ ਹੈ ਤੇ ਕਿਸੇ ਵੀ ਆਸਟਰੇਲੀਆਈ ਕੰਗਾਰੂ ਨਾਲ਼ ਰੱਖ ਕੇ ਉਸ ਦੀ ਪ੍ਰਦਰਸ਼ਨੀ ਕੀਤੀ ਜਾਣੀ ਚਾਹੀਦੀ ਹੈ।

ਏਸ਼ੀਆ ਤੋਂ ਮਗਰੋਂ, ਯੂਰਪ ਨੇ ਵੀ ਹਿਲਜੁੱਲ ਸ਼ੁਰੂ ਕਰ ਦਿੱਤੀ ਹੈ, ਭਾਵੇਂ ਏਸ਼ੀਆਈ ਤਰੀਕੇ ਨਾਲ਼ ਨਹੀਂ। 1872-1904 ਦਾ "ਸ਼ਾਂਤਮਈ" ਦੌਰ ਲੰਘ ਚੁੱਕਾ ਹੈ ਤੇ ਕਦੀ ਨਹੀਂ ਮੁੜੇਗਾ। ਜੀਵਨ ਲੋੜਾਂ ਦੀਆਂ ਚੜ੍ਹਦੀਆਂ ਕੀਮਤਾਂ ਤੇ ਟਰੱਸਟਾਂ ਦਾ ਜਬਰ ਆਰਥਕ ਘੋਲ਼ ਵਿੱਚ ਬੇਮਿਸਾਲ ਤੀਖਣਤਾ ਲਿਆ ਰਹੇ ਹਨ, ਜਿਸ ਨੇ ਬਰਤਾਨਵੀ ਮਜ਼ਦੂਰਾਂ ਤੱਕ ਨੂੰ ਵੀ ਹਰਕਤ ਵਿੱਚ ਲੈ ਆਂਦਾ ਹੈ, ਜਿਹੜੇ ਕਿ ਉਦਾਰਵਾਦ ਨਾਲ਼ ਸਭ ਤੋਂ ਵੱਧ ਭ੍ਰਿਸ਼ਟ ਹੋਏ ਹਨ। ਸਭ ਤੋਂ ਵੱਧ "ਕੱਟੜ", ਬੁਰਜੂਆ-ਜੁੰਕਰ ਦੇਸ਼, ਜਰਮਨੀ, ਵਿੱਚ ਵੀ ਅਸੀਂ ਰਾਜਸੀ ਸੰਕਟ ਉੱਠ ਰਿਹਾ ਦੇਖਦੇ ਹਾਂ। ਜਨੂੰਨੀ ਹਥਿਆਰਬੰਦੀ ਤੇ ਸਾਮਰਾਜ ਦੀ ਨੀਤੀ ਆਧੁਨਿਕ ਯੂਰਪ ਨੂੰ ਐਸੀ "ਸਮਾਜਕ ਸ਼ਾਂਤੀ" ਵਿੱਚ ਬਦਲ ਰਹੀਆਂ ਹਨ, ਜਿਹੜੀ ਬਾਰੂਦ ਦੇ ਗੋਲੇ ਨਾਲ਼ ਜ਼ਿਆਦਾ ਰਲ਼ਦੀ ਹੈ। ਇਸ ਦੇ ਨਾਲ਼ ਹੀ **ਸਾਰੀਆਂ** ਬੁਰਜੂਆ ਪਾਰਟੀਆਂ ਦਾ ਪਤਨ ਤੇ ਪ੍ਰੋਲੇਤਾਰੀ ਦਾ ਪ੍ਰਪੱਕ ਹੋਣਾ ਇਕਸਾਰ ਤਰੱਕੀ ਕਰ ਰਿਹਾ ਹੈ।

ਮਾਰਕਸਵਾਦ ਦੇ ਸਾਹਮਣੇ ਆਉਣ ਦੇ ਸਮੇਂ ਤੋਂ ਲੈ ਕੇ, ਸੰਸਾਰ ਇਤਿਹਾਸ ਦੇ ਤਿੰਨ ਮਹਾਨ ਦੌਰਾਂ ਵਿੱਚੋਂ ਹਰ ਇੱਕ ਨੇ ਮਾਰਕਸਵਾਦ ਦੀ ਨਵੀਂ ਪੁਸ਼ਟੀ ਕੀਤੀ ਹੈ ਤੇ ਇਸ ਲਈ ਨਵੀਆਂ ਜਿੱਤਾਂ ਜਿੱਤੀਆਂ ਹਨ। ਪਰ ਇਤਿਹਾਸ ਦੇ ਆਉਂਦੇ ਦੌਰ ਵਿੱਚ ਪ੍ਰੋਲੇਤਾਰੀ ਦੇ ਮੱਤ ਵਜੋਂ, ਹੋਰ ਵੀ ਵੱਡੇਰੀ ਜਿੱਤ ਮਾਰਕਸਵਾਦ ਦੀ ਉਡੀਕ ਕਰ ਰਹੀ ਹੈ।

"ਪਰਾਵਦਾ" ਨੰ. 50,
1 ਮਾਰਚ, 1913.

# ਮਾਰਕਸਵਾਦ ਤੇ ਸੋਧਵਾਦ

ਇੱਕ ਮਸ਼ਹੂਰ ਅਖਾਣ ਹੈ ਕਿ ਜੇ ਜੁਮੈਟਰੀ ਦੇ ਸੂਤਰ ਮਨੁੱਖੀ ਹਿੱਤਾਂ ਉੱਪਰ ਮਾੜਾ ਅਸਰ ਪਾਉਂਦੇ ਹੋਣ ਤਾਂ ਉਹਨਾਂ ਨੂੰ ਗਲਤ ਸਿੱਧ ਕਰਨ ਦੀਆਂ ਯਕੀਨਨ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਪ੍ਰਾਕਿਰਤਕ ਵਿਗਿਆਨਾਂ ਦੇ ਜਿਹੜੇ ਸਿਧਾਂਤ ਧਰਮ-ਵਿੱਦਿਆ ਦੇ ਪੁਰਾਣੇ ਤੁਅੱਸਬਾਂ ਨਾਲ਼ ਟੱਕਰ ਵਿੱਚ ਆਉਂਦੇ ਸਨ, ਉਹਨਾਂ ਨੇ ਸਭ ਤੋਂ ਵੱਧ ਹੱਠੀ ਵਿਰੋਧ ਜਗਾਇਆ ਤੇ ਅਜੇ ਵੀ ਜਗਾ ਰਹੇ ਹਨ। ਇਸ ਲਈ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਮਾਰਕਸ ਦਾ ਮੱਤ, ਜਿਹੜਾ ਆਧੁਨਿਕ ਸਮਾਜ ਵਿਚਲੀ ਉੱਨਤ ਜਮਾਤ ਨੂੰ ਪ੍ਰਬੁੱਧ ਕਰਨ ਤੇ ਜਥੇਬੰਦ ਕਰਨ ਦਾ ਸਿੱਧਾ ਕੰਮ ਦੇਂਦਾ ਹੈ, ਇਸ ਜਮਾਤ ਸਾਹਮਣੇ ਖੜੇ ਕੰਮਾਂ ਵੱਲ ਧਿਆਨ ਦੁਆਉਂਦਾ ਤੇ ਮੌਜੂਦਾ ਪ੍ਰਬੰਧ ਦੀ ਥਾਂ ਅਟੱਲ ਤੌਰ 'ਤੇ (ਆਰਥਕ ਵਿਕਾਸ ਸਦਕਾ) ਨਵੀਂ ਵਿਵਸਥਾ ਵੱਲੋਂ ਲਏ ਜਾਣ ਨੂੰ ਸਿੱਧ ਕਰਦਾ ਹੈ — ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਇਸ ਮੱਤ ਨੂੰ ਆਪਣੇ ਮਾਰਗ ਤੇ ਅੱਗੇ ਪੁੱਟੇ ਗਏ ਹਰ ਕਦਮ ਲਈ ਲੜਨਾ ਪੈਂਦਾ ਰਿਹਾ ਹੈ।

ਬੁਰਜੂਆ ਵਿਗਿਆਨ ਤੇ ਦਰਸ਼ਨਸ਼ਾਸਤਰ ਦੀ ਤਾਂ ਗੱਲ ਕਰਨ ਦੀ ਲੋੜ ਹੀ ਨਹੀਂ ਜਿਹੜੇ ਅਧਿਕਾਰਿਤ ਤੌਰ 'ਤੇ ਅਧਿਕਾਰਿਤ ਪ੍ਰੋਫੈਸਰਾਂ ਵੱਲੋਂ ਪੜ੍ਹਾਏ ਜਾਂਦੇ ਹਨ, ਤਾਂ ਕਿ ਜਾਇਦਾਦ-ਮਾਲਕ ਜਮਾਤਾਂ ਦੀ ਉੱਠ ਰਹੀ ਪੀੜ੍ਹੀ ਦੀ ਮੱਤ ਮਾਰੀ ਜਾ ਸਕੇ ਤੇ ਇਸ ਨੂੰ ਘਰੇਲੂ ਤੇ ਵਿਦੇਸ਼ੀ ਦੁਸ਼ਮਣਾਂ ਦੇ ਖ਼ਿਲਾਫ਼ "ਸਿਖਲਾਈ" ਦਿੱਤੀ ਜਾ ਸਕੇ। ਇਹ ਵਿਗਿਆਨ ਮਾਰਕਸਵਾਦ ਬਾਰੇ ਸੁਣਨ ਨੂੰ ਵੀ ਤਿਆਰ ਨਹੀਂ, ਇਹ ਐਲਾਨ ਕਰਦਿਆਂ ਕਿ ਇਸ ਨੂੰ ਗਲਤ ਸਿੱਧ ਕੀਤਾ ਤੇ ਮਿੱਟੀ ਵਿੱਚ ਮਿਲਾਇਆ ਜਾ ਚੁੱਕਾ ਹੈ। ਮਾਰਕਸ ਉੱਪਰ ਨੌਜਵਾਨ ਵਿਗਿਆਨੀਆਂ ਵੱਲੋਂ, ਜਿਹੜੇ ਸੋਸ਼ਲਿਜ਼ਮ ਨੂੰ ਗਲਤ ਸਿੱਧ ਕਰਕੇ ਪਦ-ਪ੍ਰਾਪਤੀ ਕਰ ਰਹੇ ਹਨ ਤੇ ਹੰਢੇ ਹੋਏ ਬੁਜਰਗਾਂ ਵੱਲੋਂ ਵੀ, ਜਿਹੜੇ ਹਰ ਕਿਸਮ ਦੇ ਘਸੇ-ਪਿਟੇ "ਪ੍ਰਬੰਧਾਂ" ਦੀਆਂ ਪ੍ਰੰਪਰਾਵਾਂ ਦੀ ਸੰਭਾਲ ਕਰ ਰਹੇ ਹਨ ਓਨੇ ਹੀ ਜੋਸ਼ ਨਾਲ਼ ਹਮਲੇ ਕੀਤੇ ਜਾ ਰਹੇ ਹਨ। ਮਾਰਕਸਵਾਦ ਦੀ ਤਰੱਕੀ, ਇਹ ਤੱਥ ਕਿ ਇਸ ਦੇ ਵਿਚਾਰ ਮਜ਼ਦੂਰ ਜਮਾਤ ਵਿੱਚ ਫੈਲ ਰਹੇ ਤੇ ਪੱਕੀਆਂ ਜੜ੍ਹਾਂ ਫੜ ਰਹੇ ਹਨ, ਅਟੱਲ ਤੌਰ 'ਤੇ ਮਾਰਕਸਵਾਦ ਉੱਪਰ ਇਹਨਾਂ ਬੁਰਜੂਆ ਹਮਲਿਆਂ ਦੀ ਵਾਰਵਾਰਤਾ ਤੇ ਤੀਖਣਤਾ ਵਿੱਚ ਵਾਧਾ ਕਰਦੀ ਹੈ, ਜਿਹੜਾ ਕਿ ਹਰ ਵਾਰੀ, ਜਦੋਂ ਇਸ ਨੂੰ ਅਧਿਕਾਰਿਤ ਵਿਗਿਆਨ ਨੇ "ਮਿੱਟੀ ਵਿਚ ਮਿਲਾਇਆ" ਹੈ, ਵਧੇਰੇ ਤਕੜਾ, ਵਧੇਰੇ ਮਜ਼ਬੂਤ ਤੇ ਵਧੇਰੇ ਸ਼ਕਤੀਸ਼ਾਲੀ ਹੋ ਜਾਂਦਾ ਹੈ।

ਪਰ ਮਜ਼ਦੂਰ ਜਮਾਤ ਦੇ ਘੋਲ਼ ਨਾਲ਼ ਸਬੰਧਤ ਤੇ ਮੁੱਖ ਤੌਰ 'ਤੇ ਪ੍ਰੋਲੇਤਾਰੀ ਵਿਚਕਾਰ ਪ੍ਰਚਲੱਤ ਮੱਤਾਂ ਵਿੱਚ ਵੀ, ਮਾਰਕਸਵਾਦ ਨੇ ਆਪਣੀ ਪੁਜ਼ੀਸ਼ਨ ਇੱਕਦਮ ਹੀ ਨਹੀਂ ਸੀ ਪੱਕੇ ਪੈਰੀਂ ਕਰ ਲਈ। ਆਪਣੀ ਹੋਂਦ ਦੀ ਪਹਿਲੀ ਅੱਧੀ ਸਦੀ ਵਿੱਚ (1840ਵਿਆਂ ਤੋਂ ਲੈ ਕੇ) ਮਾਰਕਸਵਾਦ ਉਹਨਾਂ ਸਿਧਾਂਤਾਂ ਦਾ ਮੁਕਾਬਲਾ ਕਰਨ ਵਿੱਚ ਜੁੱਟਿਆ ਰਿਹਾ ਜਿਹੜੇ ਬੁਨਿਆਦੀ

ਤੌਰ 'ਤੇ ਇਸ ਦੇ ਵਿਰੁੱਧ ਸਨ। 40ਵਿਆਂ ਦੇ ਪਹਿਲੇ ਅੱਧ ਵਿੱਚ ਮਾਰਕਸ ਤੇ ਏਂਗਲਜ਼ ਨੇ ਉਗਰਵਾਦੀ ਨੌਜਵਾਨ ਹੀਗਲਵਾਦੀਆਂ ਨਾਲ਼ ਹਿਸਾਬ ਚੁਕਾਇਆ, ਜਿਨ੍ਹਾਂ ਦਾ ਦ੍ਰਿਸ਼ਟੀਕੋਣ ਦਾਰਸ਼ਨਿਕ ਵਿਚਾਰਵਾਦ ਵਾਲ਼ਾ ਸੀ। 40ਵਿਆਂ ਦੇ ਅਖ਼ੀਰ ਵਿੱਚ ਆਰਥਕ ਸਿਧਾਂਤ ਦੇ ਖੇਤਰ ਵਿੱਚ, ਪਰੂਧੋਂਵਾਦ[90] ਦੇ ਖ਼ਿਲਾਫ਼ ਘੋਲ਼ ਸ਼ੁਰੂ ਹੋ ਗਿਆ। 50ਵਿਆਂ ਵਿੱਚ ਪਾਰਟੀਆਂ ਤੇ ਸਿਧਾਂਤਾਂ ਦੀ ਆਲੋਚਨਾ ਵਿੱਚ, ਜਿਹੜੇ ਕਿ 1848 ਦੇ ਤੂਫਾਨੀ ਸਾਲਾਂ ਵਿੱਚ ਸਾਹਮਣੇ ਆਏ ਸਨ ਇਹ ਘੋਲ਼ ਸੰਪੂਰਨ ਹੋਇਆ। 60ਵਿਆਂ ਵਿੱਚ ਇਹ ਘੋਲ਼ ਸਿਧਾਂਤ ਦੇ ਖੇਤਰ ਵਿੱਚੋਂ ਨਿਕਲ ਕੇ ਸਿੱਧਾ ਮਜ਼ਦੂਰ ਜਮਾਤ ਲਹਿਰ ਦੇ ਨੇੜੇ ਦੇ ਖੇਤਰ ਵਿੱਚ ਆ ਗਿਆ: ਇੰਟਰਨੈਸ਼ਨਲ[91] ਵਿੱਚੋਂ ਬਾਕੂਨਿਨਵਾਦ ਦਾ ਨਿਕਾਲਾ। 70ਵਿਆਂ ਦੇ ਸ਼ੁਰੂ ਵਿੱਚ ਜਰਮਨੀ ਵਿਚਲਾ ਮੰਚ ਕੁੱਝ ਦੇਰ ਲਈ ਪਰੂਧੋਂਵਾਦੀ ਮੂਲਬਰਗਰ ਨੇ ਤੇ 70ਵਿਆਂ ਦੇ ਅਖ਼ੀਰ ਵਿੱਚ ਪ੍ਰਤੱਖਵਾਦੀ ਡੂਹਰਿੰਗ ਨੇ ਮੱਲ ਰੱਖਿਆ। ਪਰ ਪ੍ਰੋਲੇਤਾਰੀ ਉੱਪਰ ਦੋਹਾਂ ਦਾ ਪ੍ਰਭਾਵ ਪਹਿਲਾਂ ਹੀ ਬਿਲਕੁੱਲ ਨਾ ਹੋਣ ਦੇ ਬਰਾਬਰ ਸੀ। ਮਾਰਕਸਵਾਦ ਪਹਿਲਾਂ ਹੀ ਮਜ਼ਦੂਰ ਲਹਿਰ ਵਿਚਲੀਆਂ ਬਾਕੀ ਸਾਰੀਆਂ ਵਿਚਾਰਧਾਰਾਵਾਂ ਉੱਪਰ ਨਿਰਵਿਵਾਦ ਰੂਪ ਵਿੱਚ ਜਿੱਤ ਪ੍ਰਾਪਤ ਕਰ ਰਿਹਾ ਸੀ।

90ਵਿਆਂ ਤੱਕ ਇਹ ਜਿੱਤ ਮੁੱਖ ਤੌਰ 'ਤੇ ਮੁਕੰਮਲ ਹੋ ਗਈ ਸੀ। ਲਾਤੀਨੀ ਦੇਸ਼ਾਂ ਵਿੱਚ ਵੀ, ਜਿੱਥੇ ਪਰੂਧੋਂਵਾਦ ਦੀਆਂ ਪ੍ਰੰਪਰਾਵਾਂ ਨੇ ਸਭ ਤੋਂ ਵੱਧ ਦੇਰ ਤੱਕ ਪੈਰ ਜਮਾਈ ਰੱਖੇ ਮਜ਼ਦੂਰ ਪਾਰਟੀਆਂ ਅਮਲ ਵਿੱਚ ਆਪਣੇ ਪ੍ਰੋਗਰਾਮ ਤੇ ਆਪਣੇ ਦਾਅ-ਪੇਚ ਮਾਰਕਸਵਾਦੀ ਬੁਨਿਆਦਾਂ ਉੱਪਰ ਉਸਾਰ ਰਹੀਆਂ ਸਨ। ਮਜ਼ਦੂਰ ਜਮਾਤ ਲਹਿਰ ਦੀ — ਸਮੇਂ ਸਮੇਂ ਕੌਮਾਂਤਰੀ ਕਾਂਗਰਸਾਂ ਕਰਨ ਦੇ ਰੂਪ ਵਿੱਚ — ਮੁੜ-ਸੁਰਜੀਤ ਕੀਤੀ ਕੌਮਾਂਤਰੀ ਜਥੇਬੰਦੀ ਨੇ ਸ਼ੁਰੂ ਤੋਂ ਹੀ ਤੇ ਲਗਭਗ ਬਿਨਾਂ ਘੋਲ਼ ਦੇ, ਸਾਰੀਆਂ ਬੁਨਿਆਦੀ ਗੱਲਾਂ ਵਿੱਚ ਮਾਰਕਸਵਾਦੀ ਦ੍ਰਿਸ਼ਟੀਕੋਣ ਅਪਣਾ ਲਿਆ। ਪਰ ਮਾਰਕਸਵਾਦ ਵੱਲੋਂ ਆਪਣੇ ਵਿਰੋਧੀ ਸਾਰੇ ਘੱਟ ਜਾਂ ਵੱਧ ਅਖੰਡ ਮੱਤਾਂ ਨੂੰ ਉਖੇੜ ਦੇਣ ਤੋਂ ਪਿੱਛੋਂ, ਉਹਨਾਂ ਮੱਤਾਂ ਵਿੱਚ ਪ੍ਰਗਟ ਹੋਏ ਰੁਝਾਨਾਂ ਨੇ ਦੂਜੇ ਰਾਹ ਲੱਭਣੇ ਸ਼ੁਰੂ ਕਰ ਦਿੱਤੇ। ਘੋਲ਼ ਦੇ ਰੂਪ ਤੇ ਕਾਰਨ ਬਦਲ ਗਏ, ਪਰ ਘੋਲ਼ ਜਾਰੀ ਰਿਹਾ ਤੇ ਮਾਰਕਸਵਾਦ ਦੀ ਹੋਂਦ ਦੀ ਦੂਜੀ ਅੱਧੀ-ਸਦੀ (90ਵਿਆਂ ਵਿੱਚ) ਖੁਦ ਮਾਰਕਸਵਾਦ ਦੇ ਅੰਦਰ ਮਾਰਕਸਵਾਦ ਦੇ ਦੁਸ਼ਮਣ ਰੁਝਾਨ ਵਿਰੁੱਧ ਘੋਲ਼ ਨਾਲ਼ ਸ਼ੁਰੂ ਹੋਈ।

ਇੱਕ ਵੇਲ਼ੇ ਕੱਟੜ ਮੱਤ ਮਾਰਕਸਵਾਦੀ, ਬਰਨਸ਼ਟਾਈਨ ਨੇ ਸਭ ਤੋਂ ਵੱਧ ਰੌਲ਼ੇ-ਰੱਪੇ ਨਾਲ਼ ਤੇ ਮਾਰਕਸ ਵਿੱਚ ਤਰਮੀਮਾਂ ਦੇ, ਮਾਰਕਸ ਵਿੱਚ ਸੋਧ, ਸੋਧਵਾਦ ਦੇ ਸਭ ਤੋਂ ਵੱਧ ਪੂਰਨ ਪ੍ਰਗਟਾਅ ਪੇਸ਼ ਕਰਕੇ ਇਸ ਰੁਝਾਣ[92] ਨੂੰ ਆਪਣਾ ਨਾਂ ਦਿੱਤਾ। ਇੱਥੋਂ ਤੱਕ ਕਿ ਰੂਸ ਵਿੱਚ ਵੀ ਜਿੱਥੇ — ਦੇਸ਼ ਦੇ ਆਰਥਕ ਪਛੜੇਵੇਂ ਤੇ ਖੇਤ-ਗੁਲਾਮੀ ਦੀ ਰਹਿੰਦ-ਖੂੰਹਦ ਨਾਲ਼ ਦੱਬੀ ਹੋਈ ਕਿਸਾਨ ਵਸੋਂ ਦੀ ਬਹੁਲਤਾ ਕਾਰਨ — ਗੈਰ-ਮਾਰਕਸਵਾਦੀ ਸਮਾਜਵਾਦ, ਕੁਦਰਤੀ ਤੌਰ 'ਤੇ ਸਭ ਤੋਂ ਜ਼ਿਆਦਾ ਦੇਰ ਅੜਿਆ ਰਿਹਾ ਹੈ, ਇਹ ਸਾਡੀਆਂ ਬਿਲਕੁੱਲ ਅੱਖਾਂ ਸਾਹਮਣੇ ਸਪੱਸ਼ਟ ਤੌਰ 'ਤੇ ਸੋਧਵਾਦ ਵਿੱਚ ਬਦਲ ਰਿਹਾ ਹੈ। ਜ਼ਰਾਇਤੀ ਸਵਾਲ ਵਿੱਚ ਵੀ (ਸਾਰੀ ਜ਼ਮੀਨ ਦੇ ਮਿਉਂਸਪਲੀਕਰਨ ਦਾ ਪ੍ਰੋਗਰਾਮ) ਅਤੇ ਪ੍ਰੋਗਰਾਮ ਤੇ ਦਾਅ-ਪੇਚਾਂ ਦੇ ਆਮ ਸਵਾਲਾਂ ਵਿੱਚ ਵੀ, ਸਾਡੇ ਸਮਾਜੀ-ਨਰੋਦਨਿਕ[93] ਆਪਣੀ ਪੁਰਾਣੀ ਪ੍ਰਣਾਲੀ ਦੀ, ਜਿਹੜੀ ਕਿ ਆਪਣੀ

ਹੀ ਤਰ੍ਹਾਂ ਨਾਲ਼ ਪੂਰਨ ਤੇ ਬੁਨਿਆਦੀ ਤੌਰ 'ਤੇ ਮਾਰਕਸਵਾਦ ਦੇ ਵਿਰੁੱਧ ਸੀ, ਮਰਨ-ਕਿਨਾਰੇ ਤੇ ਸਮਾਂ ਵਿਹਾਅ ਚੁੱਕੀ ਰਹਿੰਦ-ਖੂੰਹਦ ਦੀ ਖਾਤਰ ਮਾਰਕਸ ਵਿੱਚ ਦਿਨੋਂ-ਦਿਨ ਵਧੇਰੇ "ਤਰਮੀਮਾਂ" ਕਰ ਰਹੇ ਹਨ।

ਪੂਰਵ-ਮਾਰਕਸਵਾਦੀ ਸਮਾਜਵਾਦ ਨੂੰ ਹਰਾਇਆ ਜਾ ਚੁੱਕਾ ਹੈ। ਇਹ ਘੋਲ਼ ਜਾਰੀ ਰੱਖ ਰਿਹਾ ਹੈ, ਪਰ ਖੁਦ ਆਪਣੀ ਸਵੈਧੀਨ ਜ਼ਮੀਨ 'ਤੇ ਨਹੀਂ, ਸਗੋਂ ਸੋਧਵਾਦ ਵਜੋਂ, ਮਾਰਕਸਵਾਦ ਦੀ ਆਮ ਜ਼ਮੀਨ ਉੱਪਰ। ਆਓ, ਫਿਰ, ਸੋਧਵਾਦ ਦੀ ਵਿਚਾਰਧਾਰਕ ਵਸਤੂ ਦੀ ਨਿਰਖ-ਪਰਖ ਕਰੀਏ।

ਦਰਸ਼ਨ ਦੇ ਖੇਤਰ ਵਿੱਚ ਸੋਧਵਾਦ ਬੁਰਜੂਆ ਪ੍ਰੋਫੈਸਰੀ "ਵਿਗਿਆਨ" ਦੇ ਮਗਰ ਮਗਰ ਚੱਲਿਆ। ਪ੍ਰੋਫੈਸਰ "ਵਾਪਸ ਕਾਂਤ ਵੱਲ" ਚਲੇ ਗਏ — ਤੇ ਸੋਧਵਾਦ ਨਵਕਾਂਤਵਾਦੀਆਂ[94] ਦੇ ਮਗਰ ਮਗਰ ਪੈਰ ਘਸੀਟਣ ਲੱਗਾ। ਪ੍ਰੋਫੈਸਰਾਂ ਨੇ ਉਹ ਸਿੱਧ-ਪੱਧਰੀਆਂ ਗੱਲਾਂ ਦੁਹਰਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਹੜੀਆਂ ਦਾਰਸ਼ਨਿਕ ਪਦਾਰਥਵਾਦ ਦੇ ਖ਼ਿਲਾਫ਼ ਪਾਦਰੀ ਹਜ਼ਾਰਾਂ ਵਾਰੀ ਕਹਿ ਚੁੱਕੇ ਹਨ— ਤੇ ਸੋਧਵਾਦੀ, ਮਜ਼ੇ ਨਾਲ਼ ਮੁਸਰਾਉਂਦੇ ਹੋਏ, ਬੁੜਬੁੜਾਏ (ਬਿਲਕੁੱਲ ਸੱਜਰੀ ਹੈਂਡ-ਬੁੱਕ ਅਨੁਸਾਰ ਲਫਜ਼-ਬਲਫਜ਼) ਕਿ ਪਦਾਰਥਵਾਦ ਕਦੇ ਦਾ "ਗਲਤ ਸਿੱਧ ਕੀਤਾ ਜਾ ਚੁੱਕਾ ਹੋਇਆ ਹੈ"। ਪ੍ਰੋਫੈਸਰਾਂ ਨੇ ਹੀਗਲ ਨੂੰ "ਮਰੇ ਕੁੱਤੇ"[95] ਵਾਂਗ ਲਿਆ ਤੇ ਜਦ ਕਿ ਉਹ ਆਪ ਵਿਚਾਰਵਾਦ ਦਾ ਪ੍ਰਚਾਰ ਕਰ ਰਹੇ ਸਨ, ਸਿਰਫ਼ ਐਸੇ ਵਿਚਾਰਵਾਦ ਦਾ, ਜਿਹੜਾ ਹੀਗਲ ਦੇ ਵਿਚਾਰਵਾਦ ਨਾਲ਼ੋਂ ਹਜ਼ਾਰ ਗੁਣਾ ਜ਼ਿਆਦਾ ਤੁੱਛ ਤੇ ਸਾਧਾਰਨ ਸੀ, ਉਹ ਨਫ਼ਰਤ ਨਾਲ਼, ਦਵੰਦਵਾਦ 'ਤੇ ਆਪਣੇ ਮੋਢੇ ਸੁੰਗੇੜਦੇ ਸਨ — ਤੇ ਸੋਧਵਾਦੀਏ, "ਕਲਾਪੂਰਨ" (ਤੇ ਇਨਕਲਾਬੀ) ਦਵੰਦਵਾਦ ਦੀ ਥਾਂ "ਸਾਦੇ" (ਤੇ ਸ਼ਾਂਤ) "ਕ੍ਰਮ-ਵਿਕਾਸ" ਨੂੰ ਦੇਂਦੇ ਹੋਏ ਉਹਨਾਂ ਦੇ ਮਗਰ ਮਗਰ ਵਿਗਿਆਨ ਦੇ ਦਾਰਸ਼ਨਿਕ ਬਾਜ਼ਾਰੂਕਰਨ ਦੀ ਦਲਦਲ ਵਿੱਚ ਜਾ ਡਿੱਗੇ। ਪ੍ਰੋਫੈਸਰ ਆਪਣੀਆਂ ਸਰਕਾਰੀ ਤਨਖਾਹਾਂ ਆਪਣੇ ਵਿਚਾਰਵਾਦੀ ਤੇ "ਆਲੋਚਨਾਤਮਕ", ਦੋਵੇਂ ਪ੍ਰਬੰਧ ਹੀ ਪ੍ਰਧਾਨ ਮੱਧਕਾਲੀਨ "ਦਰਸ਼ਨ" ਨਾਲ਼ (ਭਾਵ, ਧਰਮ-ਵਿੱਦਿਆ ਨਾਲ਼) ਅਨੁਸਾਰ ਕੇ ਕਮਾਉਂਦੇ ਸਨ — ਤੇ ਸੋਧਵਾਦੀਏ ਧਰਮ ਨੂੰ, ਆਧੁਨਿਕ ਰਾਜ ਦੇ ਸਬੰਧ ਵਿੱਚ ਨਹੀਂ, ਸਗੋਂ ਉੱਨਤ ਜਮਾਤ ਦੀ ਪਾਰਟੀ ਦੇ ਸਬੰਧ ਵਿੱਚ, "ਨਿੱਜੀ ਮਾਮਲਾ" ਬਣਾਉਣ ਦੀ ਕੋਸ਼ਿਸ਼ ਕਰਕੇ, ਆਪਣੇ ਆਪ ਨੂੰ ਉਹਨਾਂ ਦੇ ਨੇੜੇ ਲੈ ਗਏ।

ਮਾਰਕਸ ਵਿੱਚ ਇਹੋ ਜਿਹੀਆਂ "ਤਰਮੀਮਾਂ" ਦੀ ਅਸਲ ਜਮਾਤੀ ਮਹੱਤਤਾ ਕੀ ਸੀ, ਦੱਸਣ ਦੀ ਲੋੜ ਨਹੀਂ : ਇਹ ਸਵੈ-ਪ੍ਰੱਤਖ ਹੈ। ਅਸੀਂ ਸਿਰਫ਼ ਇਸ ਗੱਲ ਵੱਲ ਧਿਆਨ ਦੁਆਵਾਂਗੇ ਕਿ ਇੱਕਸਾਰ ਦਵੰਦਵਾਦੀ ਪਦਾਰਥਵਾਦ ਦੇ ਦ੍ਰਿਸ਼ਟੀਕੋਣ ਤੋਂ ਸੋਧਵਾਦੀਆਂ ਦੇ ਵਿਸ਼ਵਾਸੋਂ ਬਾਹਰੇ ਸਾਧਾਰਨ ਕਥਨਾਂ ਦੀ ਆਲੋਚਨਾ ਕਰਨ ਵਾਲ਼ਾ ਕੌਮਾਂਤਰੀ ਸੋਸ਼ਲ-ਡੈਮੋਕਰੈਟਿਕ ਲਹਿਰ ਵਿੱਚ ਇੱਕੋ ਇੱਕ ਮਾਰਕਸਵਾਦੀ ਪਲੈਖਾਨੋਵ ਸੀ। ਇਸ ਗੱਲ ਉੱਤੇ ਹੋਰ ਵੀ ਉਚੇਰੀ ਤਰ੍ਹਾਂ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਵੇਲ਼ੇ ਪਲੈਖ਼ਾਨੋਵ ਦੀ ਦਾਅ-ਪੇਚਾਂ ਵਿਚਲੀ ਮੌਕਾਪ੍ਰਸਤੀ ਦੀ ਆਲੋਚਨਾ ਦਾ ਜਾਮਾ ਪੁਆ ਕੇ ਪੁਰਾਣੇ ਤੇ ਪਿਛਾਂਹਖਿਚੂ ਦਾਰਸ਼ਨਿਕ ਕੂੜੇ-ਕਰਕਟ ਨੂੰ ਵਿੱਚ ਲਿਆ ਵਾੜਣ ਦੀਆਂ ਗੰਭੀਰ ਤੌਰ 'ਤੇ ਗਲਤ ਕੋਸ਼ਿਸ਼ਾਂ

ਕੀਤੀਆਂ ਜਾ ਰਹੀਆਂ ਹਨ।*

ਰਾਜਨੀਤਕ ਆਰਥਕਤਾ ਵੱਲ ਆਉਂਦੀਆਂ ਇਹ ਪਹਿਲੀ ਥਾਂ ਉੱਤੇ ਕਿਹਾ ਜਾਣਾ ਚਾਹੀਦਾ ਹੈ ਕਿ ਇਸ ਖੇਤਰ ਵਿੱਚ ਸੋਧਵਾਦੀਆਂ ਦੀਆਂ "ਤਰਮੀਮਾਂ" ਕਿਤੇ ਜ਼ਿਆਦਾ ਸਰਬੰਗੀ ਤੇ ਵੇਰਵੇ ਸਹਿਤ ਸਨ : ਲੋਕਾਂ ਨੂੰ "ਆਰਥਕ ਵਿਕਾਸ ਬਾਰੇ ਨਵੀਂ ਸਮੱਗਰੀ" ਨਾਲ਼ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਇਹ ਕਿਹਾ ਗਿਆ ਸੀ ਕਿ ਕੇਂਦਰਿਤ ਹੋਣਾ ਤੇ ਵੱਡੇ ਪੈਮਾਨੇ ਦੇ ਉਤਪਾਦਨ ਵੱਲੋਂ ਛੋਟੇ ਪੈਮਾਨੇ ਦੇ ਉਤਪਾਦਨ ਨੂੰ ਖਤਮ ਕਰ ਦੇਣਾ ਜ਼ਰਾਇਤ ਵਿੱਚ ਬਿਲਕੁੱਲ ਨਹੀਂ ਵਾਪਰਦਾ, ਜਦ ਕਿ ਵਣਜ ਤੇ ਸਨਅਤ ਵਿੱਚ ਇਹ ਬਹੁਤ ਹੌਲ਼ੀ ਹੌਲ਼ੀ ਵਾਪਰਦਾ ਹੈ। ਇਹ ਕਿਹਾ ਗਿਆ ਸੀ ਕਿ ਸੰਕਟ ਹੁਣ ਬਹੁਤ ਘੱਟ ਵਾਪਰਦੇ ਤੇ ਬਹੁਤ ਕਮਜ਼ੋਰ ਹੋ ਗਏ ਹਨ ਤੇ ਸ਼ਾਇਦ ਕਾਰਟਨ ਤੇ ਟਰੱਸਟ ਪੂੰਜੀ ਨੂੰ ਇਸ ਯੋਗ ਬਣਾ ਦੇਣਗੇ ਕਿ ਉਹ ਇਹਨਾਂ ਨੂੰ ਉੱਕਾ ਹੀ ਖਤਮ ਕਰ ਦੇਵੇ। ਇਹ ਕਿਹਾ ਗਿਆ ਸੀ ਕਿ "ਢਹਿ-ਢੇਰੀ ਹੋਣ ਦਾ ਸਿਧਾਂਤ" ਜਿਸ ਵੱਲ ਨੂੰ ਪੂੰਜੀਵਾਦ ਵੱਧ ਰਿਹਾ ਹੈ, ਠੀਕ ਨਹੀਂ ਕਿਉਂਕਿ ਜਮਾਤੀ ਵਿਰੋਧਾਂ ਵਿੱਚ ਵਧੇਰੇ ਨਰਮ ਤੇ ਘੱਟ ਤੀਖਣ ਹੋਣ ਦਾ ਰੁਝਾਣ ਪਾਇਆ ਜਾਂਦਾ ਹੈ। ਅਖ਼ੀਰ ਵਿੱਚ ਇਹ ਕਿਹਾ ਗਿਆ ਸੀ ਕਿ ਬੋਹਮ-ਬਾਵੇਰਕ ਅਨੁਸਾਰ ਮਾਰਕਸ ਦੇ ਕਦਰ ਦੇ ਸਿਧਾਂਤ ਨੂੰ ਠੀਕ ਕਰਨਾ ਬੇਮੌਕਾ ਨਹੀਂ ਹੋਵੇਗਾ।

ਇਹਨਾਂ ਸਵਾਲਾਂ ਉੱਪਰ ਸੋਧਵਾਦੀਆਂ ਦੇ ਵਿਰੁੱਧ ਲੜਾਈ ਦਾ ਸਿੱਟਾ ਕੌਮਾਂਤਰੀ ਸਮਾਜਵਾਦ ਵਿੱਚ ਸਿਧਾਂਤਕ ਚਿੰਤਨ ਦੀ ਓਨੀ ਹੀ ਫਲਦਾਇਕ ਮੁੜ-ਸੁਰਜੀਤੀ ਵਿੱਚ ਨਿਕਲਿਆ, ਜਿੰਨਾਂ ਵੀਹ ਸਾਲ ਪਹਿਲਾਂ ਡੂਹਰਿੰਗ ਨਾਲ਼ ਏਂਗਲਜ਼ ਦੇ ਵਿਵਾਦ ਤੋਂ ਨਿਕਲਿਆ ਸੀ। ਤੱਥਾਂ ਤੇ ਅੰਕੜਿਆਂ ਦੀ ਸਹਾਇਤਾ ਨਾਲ਼ ਸੋਧਵਾਦੀਆਂ ਦੀਆਂ ਦਲੀਲਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਇਹ ਸਿੱਧ ਕੀਤਾ ਗਿਆ ਕਿ ਸੋਧਵਾਦੀਏ ਬਾਕਾਇਦਾ ਢੰਗ ਨਾਲ਼ ਆਧੁਨਿਕ ਛੋਟੇ ਪੈਮਾਨੇ ਦੇ ਉਤਪਾਦਨ ਦੀ ਉਜਲੀ ਤਸਵੀਰ ਪੇਸ਼ ਕਰ ਰਹੇ ਹਨ। ਨਾ ਸਿਰਫ਼ ਸਨਅਤ ਵਿੱਚ, ਸਗੋਂ ਜ਼ਰਾਇਤ ਵਿੱਚ ਵੀ ਛੋਟੇ ਪੈਮਾਨੇ ਦੇ ਉਤਪਾਦਨ ਨਾਲ਼ੋਂ ਵੱਡੇ ਪੈਮਾਨੇ ਦੇ **ਉਤਪਾਦਨ** ਦੀ ਤਕਨੀਕੀ ਤੇ ਵਪਾਰਕ ਉੱਚਤਾ ਨੂੰ ਨਾ ਰੱਦ ਕੀਤੇ ਜਾ ਸਕਣ ਵਾਲ਼ੇ ਤੱਥਾਂ ਨਾਲ਼ ਸਿੱਧ ਕੀਤਾ ਗਿਆ ਹੈ। ਪਰ ਜਿਣਸ ਉਤਪਾਦਨ ਜ਼ਰਾਇਤ ਵਿੱਚ ਕਿਤੇ ਘੱਟ ਵਿਕਸਤ ਹੈ ਤੇ ਆਧੁਨਿਕ ਅੰਕੜਾ-ਵਿਗਿਆਨੀ ਤੇ ਅਰਥ-ਵਿਗਿਆਨੀ, ਆਮ ਤੌਰ 'ਤੇ, ਜ਼ਰਾਇਤ ਵਿਚਲੀਆਂ ਵਿਸ਼ੇਸ਼ ਸ਼ਾਖਾਂ (ਕਦੀ ਕਦੀ ਕਾਰਵਾਈਆਂ ਵੀ) ਚੁਣਨ ਵਿੱਚ ਬਹੁਤੇ ਸਿਆਣੇ ਨਹੀਂ ਹੁੰਦੇ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਜ਼ਰਾਇਤ ਪੜਾਓ ਪੜਾਈ ਸੰਸਾਰ ਆਰਥਕਤਾ ਵਿਚਲੇ **ਵਟਾਂਦਰੇ** ਦੇ ਅਮਲ ਵਿੱਚ ਖਿੱਚੀ ਜਾ ਰਹੀ ਹੈ। ਛੋਟੇ ਪੈਮਾਨੇ ਦਾ ਉਤਪਾਦਨ ਖੁਰਾਕ

---

* ਦੇਖੋ ਬੋਗਦਾਨੋਵ, ਬਾਜ਼ਾਰੋਵ ਆਦਿ ਦੀ ਕਿਰਤ "ਮਾਰਕਸਵਾਦ ਦੇ ਦਰਸ਼ਨ ਬਾਰੇ ਲੇਖ"। ਇਸ ਕਿਤਾਬ ਉੱਤੇ ਵਿਚਾਰ ਕਰਨ ਦੀ ਇਹ ਥਾਂ ਨਹੀਂ ਤੇ ਮੈਨੂੰ ਇਸ ਵੇਲ਼ੇ ਆਪਣੇ ਆਪ ਨੂੰ ਇਹ ਕਹਿਣ ਤੱਕ ਸੀਮਤ ਰੱਖਣਾ ਚਾਹੀਦਾ ਹੈ ਕਿ ਬੜੇ ਨਿਕਟ ਭਵਿੱਖ ਵਿੱਚ ਮੈਂ ਲੇਖਾਂ ਦੀ ਲੜੀ ਵਿੱਚ ਜਾਂ ਇੱਕ ਵੱਖਰੇ ਪੈਂਫਲਿਟ ਵਿੱਚ ਸਿੱਧ ਕਰਾਂਗਾ ਕਿ ਨਵਕਾਂਤਵਾਦੀ ਸੋਧਵਾਦ ਬਾਰੇ ਇੱਸ ਰਿਪੋਰਟ ਵਿੱਚ ਮੈਂ ਜੋ **ਕੁੱਝ ਵੀ** ਕਿਹਾ ਹੈ, ਉਹ ਇਹਨਾਂ "ਨਵੇਂ" ਨਵ-ਹਿਊਮਵਾਦੀ ਤੇ ਨਵ-ਬੇਰਕਲੇਵਾਦੀ ਸੋਧਵਾਦੀਆਂ[96] ਉੱਪਰ ਵੀ ਮੂਲ ਰੂਪ ਵਿੱਚ ਢੁੱਕਦਾ ਹੈ।-76

ਨੂੰ ਲਗਾਤਾਰ ਭੈੜਿਆਂ ਬਣਾ ਕੇ, ਦਾਇਮੀ ਭੁੱਖੇ ਮਾਰਨ ਨਾਲ਼, ਕੰਮ ਦੀ ਦਿਹਾੜੀ ਨੂੰ ਵੱਡਿਆਂ ਕਰਨ ਨਾਲ਼, ਪਸ਼ੂਆਂ ਦੀ ਕੁਆਲਟੀ ਤੇ ਸੰਭਾਲ ਵਿੱਚ ਬਦਤਰੀ ਲਿਆ ਕੇ, ਮਤਲਬ ਕੀ ਕਿ ਹਰ ਉਸ ਢੰਗ ਨਾਲ਼, ਜਿਸ ਨਾਲ਼ ਦਸਤਕਾਰੀ ਉਤਪਾਦਨ ਨੇ ਪੂੰਜੀਵਾਦੀ ਕਾਰਖਾਨੇਦਾਰੀ ਤੋਂ ਆਪਣੇ ਆਪ ਨੂੰ ਬਚਾ ਕੇ ਰੱਖਿਆ ਸੀ, ਪ੍ਰਾਕਿਰਤਕ ਆਰਥਕਤਾ ਦੇ ਖੰਡਰਾਂ ਉਪਰ ਆਪਣੇ ਆਪ ਨੂੰ ਕਾਇਮ ਰੱਖਦਾ ਹੈ। ਵਿਗਿਆਨ ਤੇ ਟੈਕਨਾਲੋਜੀ ਵਿਚ ਹਰ ਤਰੱਕੀ ਅਟੱਲ ਤੌਰ 'ਤੇ ਤੇ ਬੇਕਿਰਕੀ ਨਾਲ਼ ਪੂੰਜੀਵਾਦੀ ਸਮਾਜ ਵਿੱਚ ਛੋਟੇ ਪੈਮਾਨੇ ਦੇ ਉਤਪਾਦਨ ਦੀਆਂ ਬੁਨਿਆਦਾਂ ਨੂੰ ਢਾਹ ਲਾਉਂਦੀ ਹੈ ਤੇ ਇਹ ਸਮਾਜਵਾਦੀ ਰਾਜਨੀਤਕ ਆਰਥਕਤਾ ਦਾ ਕੰਮ ਹੈ ਕਿ ਇਸ ਅਮਲ ਦੀ ਇਸ ਦੇ ਸਾਰੇ ਰੂਪਾਂ ਵਿੱਚ, ਜਿਹੜੇ ਅਕਸਰ ਗੁੰਝਲਦਾਰ ਤੇ ਪੇਚੀਦਾ ਹੁੰਦੇ ਹਨ, ਛਾਣ-ਬੀਨ ਕਰੇ ਤੇ ਛੋਟੇ ਉਤਪਾਦਕ ਨੂੰ ਪੂੰਜੀਵਾਦ ਅਧੀਨ ਉਸ ਦੇ ਆਪਣੇ ਪੈਰਾਂ ਉੱਤੇ ਖੜੇ ਹੋ ਸਕਣ ਦੀ ਅਸੰਭਵਤਾ, ਪੂੰਜੀਵਾਦ ਅਧੀਨ ਕਿਸਾਨ ਖੇਤੀ ਦਾ ਨਿਰਾਸ਼ਾਜਨਕ ਹੋਣਾ ਤੇ ਕਿਸਾਨ ਲਈ ਪ੍ਰੋਲੇਤਾਰੀ ਦਾ ਦ੍ਰਿਸ਼ਟੀਕੋਣ ਅਪਣਾਉਣਾ ਜ਼ਰੂਰੀ ਹੋਣਾ ਸਿੱਧ ਕਰੇ। ਇਸ ਸਵਾਲ ਬਾਰੇ ਸੋਧਵਾਦੀਆਂ ਨੇ ਸਮੁੱਚੇ ਤੌਰ 'ਤੇ ਪੂੰਜੀਵਾਦ ਦੇ ਪ੍ਰਬੰਧ ਨਾਲ਼ ਬਿਨਾਂ ਕੋਈ ਸਬੰਧ ਪੈਦਾ ਕੀਤਿਆਂ ਤੇ ਇੱਕਪਾਸੜ ਤੌਰ 'ਤੇ ਚੁਣੇ ਤੱਥਾਂ ਦਾ ਸਤਹੀ ਸਾਧਾਰਨੀਕਰਨ ਕਰਕੇ, ਵਿਗਿਆਨਕ ਦ੍ਰਿਸ਼ਟੀ ਤੋਂ ਗੁਨਾਹ ਕੀਤਾ। ਰਾਜਨੀਤਕ ਦ੍ਰਿਸ਼ਟੀਕੋਣ ਤੋਂ ਉਹਨਾਂ ਨੇ ਇਸ ਤੱਥ ਨਾਲ਼ ਗੁਨਾਹ ਕੀਤਾ ਕਿ ਉਹਨਾਂ ਨੇ ਅਟੱਲ ਤੌਰ 'ਤੇ ਭਾਵੇਂ ਉਹ ਚਾਹੁੰਦੇ ਸਨ ਜਾਂ ਨਹੀਂ, ਕਿਸਾਨ ਨੂੰ ਸੱਦਾ ਦਿੱਤਾ ਜਾਂ ਅਪੀਲ ਕੀਤੀ ਕਿ ਉਹ ਮਾਲਕ ਵਾਲ਼ਾ ਦ੍ਰਿਸ਼ਟੀਕੋਣ (ਭਾਵ, ਬੁਰਜੂਆਜ਼ੀ ਵਾਲ਼ਾ ਦ੍ਰਿਸ਼ਟੀਕੋਣ) ਅਪਣਾਏ, ਬਜਾਏ ਇਸ ਦੇ ਕਿ ਉਸ ਨੂੰ ਇਨਕਲਾਬੀ ਪ੍ਰੋਲੇਤਾਰੀ ਦਾ ਦ੍ਰਿਸ਼ਟੀਕੋਣ ਅਪਣਾਉਣ ਦੀ ਅਪੀਲ ਕਰਦੇ।

ਜਿੱਥੋਂ ਤੱਕ ਸੰਕਟ ਦੇ ਸਿਧਾਂਤ ਤੇ ਢਹਿ-ਢੇਰੀ ਹੋਣ ਦੇ ਸਿਧਾਂਤ ਦਾ ਸਵਾਲ ਸੀ, ਸੋਧਵਾਦ ਦੀ ਪੁਜ਼ੀਸ਼ਨ ਹੋਰ ਵੀ ਮਾੜੀ ਸੀ। ਸਿਰਫ਼ ਬਹੁਤ ਥੋੜ੍ਹੇ ਸਮੇਂ ਲਈ ਲੋਕ, ਤੇ ਉਹ ਵੀ ਸਿਰਫ਼ ਬਹੁਤ ਨੇੜ-ਦ੍ਰਿਸ਼ਟੀ ਵਾਲ਼ੇ, ਸਨਅਤੀ ਤੇਜ਼ੀ ਤੇ ਖੁਸ਼ਹਾਲੀ ਦੇ ਕੁੱਝ ਸਾਲਾਂ ਦੇ ਅਸਰ ਹੇਠ ਮਾਰਕਸ ਦੇ ਮੱਤ ਦੀਆਂ ਬੁਨਿਆਦਾਂ ਨੂੰ ਨਵਾਂ ਰੂਪ ਦੇਣ ਦੀ ਸੋਚ ਸਕਦੇ ਸਨ ਤੇ ਤੱਥਾਂ ਨੇ ਸੋਧਵਾਦੀਆਂ ਨੂੰ ਬੜੀ ਜਲਦੀ ਸਪੱਸ਼ਟ ਕਰ ਦਿੱਤਾ ਕਿ ਸੰਕਟ ਖਤਮ ਨਹੀਂ ਸਨ ਹੋ ਗਏ : ਸੰਕਟ ਖੁਸ਼ਹਾਲੀ ਤੋਂ ਤੁਰੰਤ ਮਗਰੋਂ ਆ ਗਿਆ। ਖਾਸ ਸੰਕਟਾਂ ਦੇ ਰੂਪ, ਤਰਤੀਬ ਤੇ ਤਸਵੀਰ ਬਦਲ ਗਈ, ਪਰ ਸੰਕਟ ਪੂੰਜੀਵਾਦੀ ਪ੍ਰਬੰਧ ਦਾ ਅਟੱਲ ਅੰਗ ਬਣੇ ਰਹੇ। ਉਤਪਾਦਨ ਨੂੰ ਇਕੱਠਿਆਂ ਕਰਦਿਆਂ, ਕਾਰਟਲ ਤੇ ਟਰੱਸਟ ਨਾਲ਼ ਹੀ ਤੇ ਇਸ ਤਰ੍ਹਾਂ ਜਿਵੇਂ ਕਿ ਇਹ ਸਭ ਨੂੰ ਪ੍ਰਤੱਖ ਸੀ, ਉਤਪਾਦਨ ਦੀ ਅਰਾਜਕਤਾ, ਪ੍ਰੋਲੇਤਾਰੀ ਦੇ ਜੀਵਨ ਦੀ ਸੁਰੱਖਿਆ ਦੀ ਅਣਹੋਂਦ ਤੇ ਪੂੰਜੀ ਦੇ ਜਬਰ ਨੂੰ ਗੰਭੀਰ ਬਣਾ ਰਹੇ ਸਨ ਤੇ ਇਸ ਤਰ੍ਹਾਂ ਜਮਾਤੀ ਵਿਰੋਧਾਂ ਨੂੰ ਬੇਮਿਸਾਲ ਹੱਦ ਤੱਕ ਤੇਜ਼ ਕਰ ਰਹੇ ਸਨ। ਨਵੀਨਤਮ ਦੇਵਕੱਦ ਟਰੱਸਟਾਂ ਨੇ ਹੀ ਇਹ ਗੱਲ ਖਾਸ ਕਰਕੇ ਸਪੱਸ਼ਟ ਕਰ ਦਿੱਤੀ ਤੇ ਖਾਸ ਕਰਕੇ ਵੱਡੇ ਪੈਮਾਨੇ ਉੱਤੇ ਸਪੱਸ਼ਟ ਕਰ ਦਿੱਤੀ ਹੈ ਕਿ ਪੂੰਜੀਵਾਦ ਢਹਿ-ਢੇਰੀ ਹੋਣ ਵੱਲ ਨੂੰ ਵੱਧ ਰਿਹਾ ਹੈ — ਵੱਖਰੇ ਵੱਖਰੇ ਰਾਜਸੀ ਤੇ ਆਰਥਕ ਸੰਕਟਾਂ ਦੇ ਅਰਥਾਂ ਵਿੱਚ ਵੀ ਤੇ ਸਮੁੱਚੇ ਪੂੰਜੀਵਾਦੀ ਪ੍ਰਬੰਧ ਦੇ ਪੂਰਨ ਢਹਿ-ਢੇਰੀ ਹੋਣ ਦੇ ਅਰਥਾਂ ਵਿੱਚ ਵੀ। ਅਮਰੀਕਾ ਵਿੱਚ ਪਿੱਛੇ ਜਿਹੇ ਆਇਆ ਵਿੱਤੀ ਸੰਕਟ ਤੇ ਸਾਰੇ ਯੂਰਪ ਵਿੱਚ ਬੇਰੁਜ਼ਗਾਰੀ

ਵਿੱਚ ਭਿਆਨਕ ਵਾਧਾ, ਜੇ ਸਿਰ ਉੱਤੇ ਖੜੇ ਸਨਅਤੀ ਸੰਕਟ ਬਾਰੇ ਕੁੱਝ ਵੀ ਨਾ ਕਿਹਾ ਜਾਏ, ਜਿਸ ਵੱਲ ਕਈ ਅਲਾਮਤਾਂ ਇਸ਼ਾਰਾਂ ਕਰ ਰਹੀਆਂ ਹਨ — ਇਸ ਸਾਰੇ ਕੁੱਝ ਦਾ ਸਿੱਟਾ ਇਸ ਗੱਲ ਵਿੱਚ ਨਿਕਲਿਆ ਹੈ ਕਿ ਸੋਧਵਾਦੀਆਂ ਦੇ ਪਿਛਲੇ ਕੁੱਝ ਸਮੇਂ ਵਿੱਚ ਬਣਾਏ ਗਏ "ਸਿਧਾਂਤ" ਹਰ ਕੋਈ ਭੁੱਲ ਗਿਆ ਹੈ, ਸਮੇਤ ਪ੍ਰਤੱਖ ਤੌਰ 'ਤੇ, ਖੁਦ ਕਈ ਸੋਧਵਾਦੀਆਂ ਦੇ। ਪਰ ਬੁੱਧੀਜੀਵੀਆਂ ਦੀ ਇਸ ਅਸਥਿਰਤਾ ਨੇ ਮਜ਼ਦੂਰ ਜਮਾਤ ਨੂੰ ਜਿਹੜੇ ਸਬਕ ਸਿਖਾਏ ਸਨ, ਉਹ ਨਹੀਂ ਭੁਲਾਏ ਜਾਣੇ ਚਾਹੀਦੇ।

ਜਿੱਥੋਂ ਤੱਕ ਕਦਰ ਦੇ ਸਿਧਾਂਤ ਦਾ ਸਵਾਲ ਹੈ ਸਿਰਫ਼ ਇਹ ਕਹਿਣ ਦੀ ਲੋੜ ਹੈ ਕਿ ਬੋਹਮ-ਬਾਵੇਰਕ ਦੇ ਅੰਦਾਜ਼ ਵਿੱਚ ਬੇਹੱਦ ਧੁੰਦਲੇ ਇਸ਼ਾਰਿਆਂ ਤੇ ਹਉਕਿਆਂ ਤੋਂ ਇਲਾਵਾਂ, ਸੋਧਵਾਦੀਆਂ ਦੀ ਦੇਣ ਬਿਲਕੁੱਲ ਕੁੱਝ ਨਹੀਂ ਤੇ ਇਸ ਲਈ ਵਿਗਿਆਨਕ ਚਿੰਤਨ ਦੇ ਵਿਕਾਸ ਉੱਪਰ ਉਹਨਾਂ ਦਾ ਕੋਈ ਪ੍ਰਭਾਵ ਤੱਕ ਨਹੀਂ।

ਰਾਜਨੀਤੀ ਦੇ ਖੇਤਰ ਵਿੱਚ, ਸੋਧਵਾਦ ਨੇ ਮਾਰਕਸਵਾਦ ਦੀ ਬੁਨਿਆਦ, ਭਾਵ, ਜਮਾਤੀ ਘੋਲ਼ ਦੇ ਮੱਤ ਨੂੰ ਸੋਧਣ ਦੀ ਸੱਚਮੁੱਚ ਕੋਸ਼ਿਸ਼ ਕੀਤੀ। ਸਾਨੂੰ ਦੱਸਿਆ ਗਿਆ ਕਿ ਰਾਜਸੀ ਅਜ਼ਾਦੀ, ਜਮਹੂਰੀਅਤ ਤੇ ਸਾਰਿਆਂ ਨੂੰ ਵੋਟ ਦਾ ਅਧਿਕਾਰ ਜਮਾਤੀ ਘੋਲ਼ ਲਈ ਬੁਨਿਆਦ ਹੀ ਨਹੀਂ ਰਹਿਣ ਦੇਂਦੇ ਤੇ "ਕਮਿਊਨਿਸਟ ਮੈਨੀਫੈਸਟੋ" ਦੇ ਇਸ ਪੁਰਾਣੇ ਪ੍ਰਸਤਾਵ ਨੂੰ ਗਲਤ ਕਰਾਰ ਦੇ ਦੇਂਦੇ ਹਨ ਕਿ ਮਜ਼ਦੂਰਾਂ ਦਾ ਕੋਈ ਦੇਸ਼ ਨਹੀਂ। ਕਿਉਂਕਿ, ਉਹਨਾਂ ਕਿਹਾ, ਜਮਹੂਰੀਅਤ ਵਿੱਚ "ਬਹੁ-ਗਿਣਤੀ ਦੀ ਮਰਜ਼ੀ" ਚੱਲਦੀ ਹੈ, ਇਸ ਲਈ ਸਾਨੂੰ ਰਾਜ ਨੂੰ ਨਾ ਤਾਂ ਜਮਾਤੀ ਹਕੂਮਤ ਦਾ ਇੱਕ ਅੰਗ ਸਮਝਣਾ ਚਾਹੀਦਾ ਹੈ ਤੇ ਨਾ ਹੀ ਪਿਛਾਂਹਖਿੱਚੂਆਂ ਦੇ ਖਿਲਾਫ਼ ਅਗਾਂਹਵਧੂ, ਸਮਾਜਕ-ਸੁਧਾਰਵਾਦੀ ਬੁਰਜੂਆਜ਼ੀ ਨਾਲ਼ ਇਤਿਹਾਦ ਨੂੰ ਹੀ ਰੱਦ ਕਰਨਾ ਚਾਹੀਦਾ ਹੈ।

ਇਸ ਗੱਲ ਬਾਰੇ ਕੋਈ ਵਿਵਾਦ ਨਹੀਂ ਹੋ ਸਕਦਾ ਕਿ ਸੋਧਵਾਦੀਆਂ ਦੇ ਇਹ ਕਿੰਤੂ ਵਿਚਾਰਾਂ ਦੀ, ਭਾਵ, ਪੁਰਾਣੇ ਤੇ ਪ੍ਰਸਿੱਧ ਉਦਾਰ-ਬੁਰਜੂਆ ਵਿਚਾਰਾਂ ਦੀ ਕਾਫ਼ੀ ਸੰਤੁਲਤ ਪ੍ਰਣਾਲੀ ਬਣਦੇ ਸਨ। ਉਦਾਰਵਾਦੀਆਂ ਨੇ ਹਮੇਸ਼ਾ ਹੀ ਕਿਹਾ ਹੈ ਕਿ ਬੁਰਜੂਆ ਪਾਰਲੀਮੈਂਟਰੀਵਾਦ ਜਮਾਤਾਂ ਤੇ ਜਮਾਤੀ ਵੰਡਾਂ ਨੂੰ ਖਤਮ ਕਰਦਾ ਹੈ, ਕਿਉਂਕਿ ਵੋਟ ਦਾ ਅਧਿਕਾਰ ਤੇ ਰਾਜ ਦੇ ਮਾਮਲਿਆਂ ਵਿੱਚ ਹਿੱਸਾ ਲੈਣ ਦੇ ਅਧਿਕਾਰ ਨੂੰ ਸਾਰੇ ਸ਼ਹਿਰੀ ਬਿਨਾਂ ਕਿਸੇ ਵਖੇਵੇਂ ਦੇ ਮਾਣਦੇ ਹਨ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਯੂਰਪ ਦਾ ਸਾਰਾ ਇਤਿਹਾਸ ਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਰੂਸੀ ਇਨਕਲਾਬ ਦਾ ਸਾਰਾ ਇਤਿਹਾਸ ਸਾਫ ਸਾਫ ਦਰਸਾਉਂਦੇ ਹਨ ਕਿ ਇਹੋ ਜਿਹੇ ਵਿਚਾਰ ਕਿੰਨੇ ਬੇਹੂਦਾ ਹਨ। ਆਰਥਕ ਵਖਰੇਵੇਂ "ਜਮਹੂਰੀ" ਪੂੰਜੀਵਾਦ ਦੀ ਅਜ਼ਾਦੀ ਹੇਠ ਘੱਟਦੇ ਨਹੀਂ ਸਗੋਂ ਵੱਧਦੇ ਤੇ ਤੀਖਣ ਹੁੰਦੇ ਹਨ। ਪਾਰਲੀਮੈਂਟਰੀਵਾਦ ਸਭ ਤੋਂ ਵੱਧ ਜਮਹੂਰੀ ਬੁਰਜੂਆ ਰੀਪਬਲਿਕਾਂ ਤੱਕ ਦੇ, ਜਮਾਤੀ ਜਬਰ ਦੇ ਅੰਗਾਂ ਵਜੋਂ ਜਮਾਂਦਰੂ ਖਾਸੇ ਨੂੰ ਮਿਟਾਉਂਦਾ ਨਹੀਂ, ਸਗੋਂ ਨੰਗਿਆਂ ਕਰਦਾ ਹੈ। ਰਾਜਸੀ ਘਟਨਾਵਾਂ ਵਿੱਚ ਜਿੰਨੇ ਕੁ ਲੋਕ ਪਹਿਲਾਂ ਸਰਗਰਮ ਹਿੱਸਾ ਲੈਂਦੇ ਹੁੰਦੇ ਸਨ, ਉਹਨਾਂ ਨਾਲ਼ੋਂ ਅਥਾਹ ਤੌਰ 'ਤੇ ਵਿਸ਼ਾਲ ਵਸੋਂ ਦੇ ਜਨਸਮੂਹਾਂ ਨੂੰ ਪ੍ਰਬੁੱਧ ਤੇ ਜਥੇਬੰਦ ਕਰਨ ਵਿੱਚ ਸਹਾਇਤਾ ਕਰਕੇ, ਪਾਰਲੀਮੈਂਟਰੀਵਾਦ ਸੰਕਟਾਂ ਤੇ ਰਾਜਸੀ ਇਨਕਲਾਬਾਂ ਦੇ ਖਾਤਮੇਂ ਲਈ ਰਾਹ ਨਹੀਂ ਬਣਾਉਂਦਾ, ਸਗੋਂ ਇਹ ਜਿਹੇ

ਇਨਕਲਾਬਾਂ ਦੇ ਦੌਰਾਨ ਘਰੇਲੂ ਜੰਗ ਨੂੰ ਵੱਧ ਤੋਂ ਵੱਧ ਤੀਖਣ ਕਰਨ ਲਈ ਰਾਹ ਬਣਾਉਂਦਾ ਹੈ। 1871 ਦੀ ਬਸੰਤ ਵਿੱਚ ਪੈਰਿਸ ਵਿਚਲੀਆਂ ਤੇ 1905 ਦੇ ਸਿਆਲ ਵਿੱਚ ਰੂਸ ਵਿਚਲੀਆਂ ਘਟਨਾਵਾਂ[97] ਨੇ, ਜਿੰਨੀ ਸਪੱਸ਼ਟਤਾ ਨਾਲ਼ ਹੋ ਸਕਦਾ ਸੀ, ਦਰਸਾਇਆ ਕਿ ਇਹ ਤੀਖਣਤਾ ਕਿਵੇਂ ਅਟੱਲ ਤੌਰ ’ਤੇ ਆਉਂਦੀ ਹੈ। ਫ਼ਰਾਂਸੀਸੀ ਬੁਰਜੂਆਜ਼ੀ ਨੇ, ਪ੍ਰੋਲੇਤਾਰੀ ਲਹਿਰ ਨੂੰ ਕੁੱਚਲਣ ਵਾਸਤੇ ਇੱਕ ਪਲ ਲਈ ਵੀ ਝਿਜਕਣ ਤੋਂ ਬਿਨਾਂ, ਸਾਰੀ ਕੌਮ ਦੇ ਦੁਸ਼ਮਣ ਨਾਲ਼, ਉਸ ਵਿਦੇਸ਼ੀ ਫੌਜ ਨਾਲ਼ ਸੌਦਾ ਕਰ ਲਿਆ, ਜਿਸ ਨੇ ਇਸ ਦੀ ਪਿੱਤਰ-ਭੂਮੀ ਨੂੰ ਤਬਾਹ ਕੀਤਾ ਸੀ। ਜਿਹੜਾ ਵੀ ਕੋਈ ਪਾਰਲੀਮੈਂਟਰੀਵਾਦ ਤੇ ਬੁਰਜੂਆ ਜਮਹੂਰੀਅਤ ਦੇ ਅਟੱਲ ਅੰਦਰਲੇ ਦਵੰਦ ਨੂੰ ਨਹੀਂ ਸਮਝਦਾ — ਜਿਹੜਾ ਕਿ ਵਿਸ਼ਾਲ ਹਿੰਸਾ ਨਾਲ਼ ਵਿਵਾਦ ਦੇ ਪਹਿਲਾਂ ਨਾਲ਼ੋਂ ਵੀ ਜ਼ਿਆਦਾ ਤੇਜ਼ ਨਿਪਟਾਰੇ ਵੱਲ ਖੜਦਾ ਹੈ — ਉਹ ਇਸ ਪਾਰਲੀਮੈਂਟਰੀਵਾਦ ਦੇ ਅਧਾਰ ਉੱਤੇ ਅਸੂਲ ਵਿੱਚ ਇੱਕਸਾਰ ਪ੍ਰਚਾਰ ਤੇ ਅੰਦੋਲਨ ਚਲਾਉਣ ਦੇ ਕਦੀ ਸਮੱਰਥ ਨਹੀਂ ਹੋਵੇਗਾ, ਜਿਹੜਾ ਮਜ਼ਦੂਰ ਜਮਾਤ ਦੇ ਜਨਸਮੂਹਾਂ ਨੂੰ ਇਹੋ ਜਿਹੇ “ਵਿਵਾਦਾਂ” ਵਿੱਚ ਜੇਤੂ ਸ਼ਮੂਲੀਅਤ ਲਈ ਸੱਚਮੁੱਚ ਤਿਆਰ ਕਰਦਾ ਹੋਵੇ। ਪੱਛਮ ਵਿੱਚ ਸਮਾਜ-ਸੁਧਾਰਕ ਉਦਾਰਵਾਦੀਆਂ ਨਾਲ਼ ਤੇ ਰੂਸੀ ਇਨਕਲਾਬ ਵਿੱਚ ਉਦਾਰਵਾਦੀ ਸੁਧਾਰਵਾਦੀਆਂ (ਵਿਧਾਨਿਕ-ਜਮਹੂਰੀ[98]) ਨਾਲ਼ ਇਤਿਹਾਦਾਂ, ਸਮਝੌਤਿਆਂ ਤੇ ਧੜਿਆਂ ਦੇ ਤਜਰਬੇ ਨੇ ਕਾਇਲ ਕਰਨ ਵਾਲ਼ੇ ਢੰਗ ਨਾਲ਼ ਸਿੱਧ ਕਰ ਦਿੱਤਾ ਹੈ ਕਿ ਇਹ ਸਮਝੌਤੇ ਸਿਰਫ਼ ਜਨਤਾ ਦੀ ਚੇਤੰਨਤਾ ਨੂੰ ਖੁੰਢਿਆਂ ਹੀ ਕਰਦੇ ਹਨ, ਕਿ ਇਹ ਘੁਲਾਟੀਆਂ ਨੂੰ ਐਸੇ ਅਨਸਰਾਂ ਨਾਲ਼ ਜੋੜ ਕੇ, ਜਿਹੜੇ ਲੜਨ ਦੇ ਸਭ ਤੋਂ ਘੱਟ ਸਮੱਰਥ ਤੇ ਸਭ ਤੋਂ ਵੱਧ ਡਾਵਾਂਡੋਲ ਤੇ ਵਿਸਾਹਘਾਤੀ ਹੁੰਦੇ ਹਨ, ਉਹਨਾਂ ਦੇ ਘੋਲ਼ ਦੀ ਅਸਲੀ ਮਹੱਤਤਾ ਨੂੰ ਵਧਾਉਂਦੇ ਨਹੀਂ, ਸਗੋਂ ਘਟਾਉਂਦੇ ਹਨ। ਫ਼ਰਾਂਸ ਵਿੱਚ ਮਿਲੇਰਾਂਦਵਾਦ[99] — ਜੋ ਕਿ ਸੋਧਵਾਦੀ ਰਾਜਸੀ ਦਾਅ-ਪੇਚਾਂ ਨੂੰ ਵਿਸ਼ਾਲ, ਸੱਚਮੁੱਚ ਦੇ ਕੌਮੀ ਪੈਮਾਨੇ ਉੱਤੇ ਲਾਗੂ ਕਰਨ ਵਿੱਚ ਸਭ ਤੋਂ ਵੱਡਾ ਤਜਰਬਾ ਸੀ—ਨੇ ਸੋਧਵਾਦ ਦਾ ਉਹ ਅਮਲੀ ਮੁਲੰਕਣ ਮੁਹੱਈਆ ਕੀਤਾ ਹੈ, ਜਿਸ ਨੂੰ ਦੁਨੀਆਂ ਭਰ ਦੇ ਪ੍ਰੋਲੇਤਾਰੀ ਕਦੀ ਵੀ ਨਹੀਂ ਭੁਲਾਉਣਗੇ।

ਸੋਧਵਾਦ ਦੇ ਆਰਥਕ ਤੇ ਰਾਜਸੀ ਰੁਝਾਣਾਂ ਦਾ ਇੱਕ ਕੁਦਰਤੀ ਪੂਰਕ ਸਮਾਜਵਾਦੀ ਲਹਿਰ ਦੇ ਅੰਤਮ-ਨਿਸ਼ਾਨਿਆਂ ਵੱਲ ਇਸ ਦਾ ਵਤੀਰਾ ਸੀ। “ਲਹਿਰ ਹੀ ਸਭ ਕੁੱਝ ਹੈ, ਅੰਤਮ ਨਿਸ਼ਾਨਾ ਕੁੱਝ ਨਹੀਂ” — ਬਰਨਸ਼ਟਾਈਨ ਦਾ ਇਹ ਪ੍ਰਚੱਲਤ ਵਾਕੰਸ਼ ਕਿੰਨੇ ਸਾਰੇ ਲੰਮੇ ਲੰਮੇ ਵਖਿਆਨਾਂ ਨਾਲ਼ੋਂ ਚੰਗੀ ਤਰ੍ਹਾਂ ਸੋਧਵਾਦ ਦੀ ਵਾਸਤੂ ਪ੍ਰਗਟ ਕਰਦਾ ਹੈ। ਹਰ ਵੱਖਰੀ ਹਾਲਤ ਅਨੁਸਾਰ ਆਪਣਾ ਵਿਹਾਰ ਨਿਸ਼ਚਿਤ ਕਰਨਾ, ਰੋਜ਼ਾਨਾ ਘਟਨਾਵਾਂ ਤੇ ਤੁੱਛ ਸਿਆਸਤ ਵਿੱਚ ਆਉਂਦੀਆਂ ਤਬਦੀਲੀਆਂ ਅਨੁਸਾਰ ਆਪਣੇ ਆਪ ਨੂੰ ਢਾਲਣਾ, ਪ੍ਰੋਲੇਤਾਰੀ ਦੇ ਮੁੱਢਲੇ ਹਿੱਤਾਂ ਨੂੰ, ਸਮੁੱਚੇ ਪੂੰਜੀਵਾਦੀ ਪ੍ਰਬੰਧ ਦੇ ਬੁਨਿਆਦੀ ਲੱਛਣਾਂ ਨੂੰ, ਸਾਰੇ ਪੂੰਜੀਵਾਦੀ ਕ੍ਰਮ-ਵਿਕਾਸ ਨੂੰ ਭੁੱਲ ਜਾਣਾ, ਮੌਕੇ ਦੇ ਅਸਲੀ ਜਾਂ ਫਰਜ਼ੀ ਲਾਭਾਂ ਲਈ ਇਹਨਾਂ ਬੁਨਿਆਦੀ ਹਿੱਤਾਂ ਨੂੰ ਕੁਰਬਾਨ ਕਰ ਦੇਣਾ — ਇਹੋ ਜਿਹੀ ਹੈ ਸੋਧਵਾਦ ਦੀ ਨੀਤੀ ਤੇ ਇਸ ਨਿਤੀ ਦੇ ਬਿਲਕੁੱਲ ਸੁਭਾਅ ਤੋਂ ਹੀ ਇਹ ਸਾਫ ਸਾਫ ਨਤੀਜਾ ਨਿਕਲਦਾ ਹੈ ਕਿ ਇਹ ਬੇਅੰਤ ਕਿਸਮ ਦੇ ਰੂਪ ਧਾਰਨ ਕਰ ਸਕਦੀ ਹੈ ਤੇ ਹਰ ਘੱਟ ਜਾਂ ਵੱਧ “ਨਵਾਂ” ਸਵਾਲ, ਘਟਨਾਵਾਂ ਦਾ ਹਰ ਘੱਟ

ਜਾਂ ਵੱਧ ਅਚਨਚੇਤ ਜਾਂ ਅਗੇਤੇ ਹੀ ਨਾ ਦੇਖਿਆ ਗਿਆ ਮੋੜ, ਭਾਵੇਂ ਇਹ ਵਿਕਾਸ ਦੀ ਬੁਨਿਆਦੀ ਸੇਧ ਨੂੰ ਸਿਰਫ਼ ਨਾ-ਮਾਤਰ ਹੱਦ ਤੱਕ ਹੀ ਤੇ ਸਿਰਫ਼ ਥੋੜ੍ਹੇ ਤੋਂ ਥੋੜ੍ਹੇ ਸਮੇਂ ਲਈ ਹੀ ਤਬਦੀਲ ਕਰਦਾ ਹੋਵੇ, ਹਮੇਸ਼ਾ ਹੀ ਅਟੱਲ ਤੌਰ 'ਤੇ ਸੋਧਵਾਦ ਦੀ ਇੱਕ ਜਾਂ ਦੂਜੀ ਵੰਨਗੀ ਨੂੰ ਪੈਦਾ ਕਰੇਗਾ।

ਸੋਧਵਾਦ ਦੀ ਅਟੱਲਤਾ ਨੂੰ ਆਧੁਨਿਕ ਸਮਾਜ ਵਿੱਚ ਇਸ ਦੀਆਂ ਜਮਾਤੀ ਜੜ੍ਹਾਂ ਨਿਸ਼ਚਿਤ ਕਰਦੀਆਂ ਹਨ। ਸੋਧਵਾਦ ਇੱਕ ਕੌਮਾਂਤਰੀ ਵਰਤਾਰਾ ਹੈ। ਕੋਈ ਵੀ ਸੋਚਣ ਵਾਲ਼ਾ ਸੋਸ਼ਲਿਸਟ, ਜਿਹੜਾ ਜਰਾ ਕੁ ਜਿੰਨੀ ਵੀ ਜਾਣਕਾਰੀ ਰੱਖਦਾ ਹੈ, ਇਸ ਵਿੱਚ ਜ਼ਰਾ ਜਿੰਨਾ ਵੀ ਸ਼ੱਕ ਵੀ ਨਹੀਂ ਕਰ ਸਕਦਾ ਕਿ ਜਰਮਨੀ ਵਿੱਚ ਕੱਟੜ-ਮੱਤ[100] ਤੇ ਬਰਨਸ਼ਟਾਈਨਵਾਦੀਆਂ[101] ਵਿਚਕਾਰ, ਫ਼ਰਾਂਸ ਵਿੱਚ ਗੇਦੇਵਾਦੀਆਂ ਤੇ ਜੋਰੇਸਵਾਦੀਆਂ (ਤੇ ਹੁਣ ਖਾਸ ਕਰਕੇ ਬਰੂਸਵਾਦੀਆਂ)[102] ਵਿਚਕਾਰ, ਬਰਤਾਨੀਆ ਵਿੱਚ ਸੋਸ਼ਲ-ਡੈਮੋਕਰੈਟਿਕ ਫੈਡਰੇਸ਼ਨ ਦੇ ਇੰਡੀਪੈਂਡੈਂਟ ਲੇਬਰ ਪਾਰਟੀ[103] ਵਿਚਕਾਰ, ਬੈਲਜੀਅਮ ਵਿੱਚ ਬਰੂਕੇਰ ਤੇ ਵਾਂਡਰਵੇਲਡੇ[104] ਵਿਚਕਾਰ, ਇਟਲੀ ਵਿੱਚ ਅਖੰਡਤਾਵਾਦੀਆਂ[105] ਤੇ ਸੁਧਾਰਵਾਦੀਆਂ ਵਿਚਕਾਰ, ਰੂਸ ਵਿੱਚ ਬਾਲਸ਼ਵਿਕਾਂ ਤੇ ਮੈਨਸ਼ਵਿਕਾਂ[106] ਵਿਚਕਾਰ ਸਬੰਧ ਹਰ ਥਾਂ ਲਾਜ਼ਮੀ ਤੌਰ 'ਤੇ ਇੱਕੋ ਜਿਹਾ ਹੀ ਹੈ, ਭਾਵੇਂ ਇਹਨਾਂ ਸਾਰੇ ਦੇਸ਼ਾਂ ਦੀ ਮੌਜੂਦਾ ਅਵਸਥਾ ਵਿੱਚ ਕੌਮੀ ਹਾਲਤਾਂ ਤੇ ਇਤਿਹਾਸਕ ਅਨਸਰਾਂ ਦੀ ਭਿੰਨਤਾ ਬਹੁਤ ਜ਼ਿਆਦਾ ਹੈ। ਅਸਲ ਵਿੱਚ, ਮੌਜੂਦਾ ਕੌਮਾਂਤਰੀ ਸਮਾਜਵਾਦੀ ਲਹਿਰ ਅੰਦਰਲੀ "ਵੰਡ" ਇਸ ਵੇਲ਼ੇ ਦੁਨੀਆਂ ਦੇ ਸਾਰੇ ਵੱਖੋ-ਵੱਖਰੇ ਦੇਸ਼ਾਂ ਵਿੱਚ **ਉਹਨਾਂ ਹੀ** ਲੀਹਾਂ ਉੱਤੇ ਚੱਲ ਰਹੀ ਹੈ, ਜੋ ਕਿ ਤੀਹ ਜਾਂ ਚਾਲੀ ਸਾਲ ਪਹਿਲਾਂ ਦੇ ਮੁਕਾਬਲੇ ਉੱਤੇ ਬੇਹੱਦ ਉੱਨਤੀ ਦੀ ਗਵਾਹੀ ਹੈ, ਜਦੋਂ ਇੱਕਮੁੱਠ ਕੌਮਾਂਤਰੀ ਸਮਾਜਵਾਦੀ ਲਹਿਰ ਅੰਦਰ ਵੰਨ-ਸੁਵੰਨੇ ਰੁਝਾਣ ਵੱਖ ਵੱਖ ਦੇਸ਼ਾਂ ਅੰਦਰ ਇੱਕ ਦੂਜੇ ਨਾਲ਼ ਲੜ ਰਹੇ ਸਨ ਤੇ "ਖੱਬੇ ਵੱਲੋਂ ਸੁਧਾਰਵਾਦ", ਜਿਸ ਨੇ ਲਾਤੀਨੀ ਦੇਸ਼ਾਂ ਵਿੱਚ "ਇਨਕਲਾਬੀ ਸਿੰਡੀਕੇਟਵਾਦ"[107] ਵਜੋਂ ਰੂਪ ਧਾਰਿਆ ਹੈ, ਵੀ ਮਾਰਕਸਵਾਦ ਵਿੱਚ "ਤਰਮੀਮਾਂ ਕਰਦਾ ਹੋਇਆ", ਆਪਣੇ ਆਪ ਨੂੰ ਇਸ ਦੇ ਅਨੁਕੂਲ ਢਾਲ ਰਿਹਾ ਹੈ : ਇਟਲੀ ਵਿੱਚ ਲਾਬਰੀਓਲਾ ਤੇ ਫ਼ਰਾਂਸ ਵਿੱਚ ਲਾਗਰਡੇਲ ਉਸ ਮਾਰਕਸ ਨੂੰ, ਜਿਹੜਾ ਠੀਕ ਸਮਝਿਆ ਗਿਆ ਹੈ, ਉਸ ਮਾਰਕਸ ਵੱਲੋਂ ਅਪੀਲਾਂ ਕਰਦੇ ਹਨ, ਜਿਹੜਾ ਗਲਤ ਸਮਝਿਆ ਗਿਆ ਹੈ।

ਅਸੀਂ **ਇਸ** ਸੋਧਵਾਦ ਦੀ ਵਿਚਾਰਧਾਰਕ ਵਸਤੂ ਦਾ ਵਿਸ਼ਲੇਸ਼ਣ ਕਰਨ ਲਈ ਇੱਥੇ ਨਹੀਂ ਰੁੱਕ ਸਕਦੇ, ਜਿਹੜਾ ਅਜੇ ਤੱਕ ਮੌਕਾਪ੍ਰਸਤ ਸੋਧਵਾਦ ਜਿੰਨੀ ਹੱਦ ਤੱਕ ਵਿਕਸਤ ਹੋਣ ਤੋਂ ਬਹੁਤ ਦੂਰ ਹੈ : ਇਹ ਅਜੇ ਕੌਮਾਂਤਰੀ ਨਹੀਂ ਹੋਇਆ, ਕਿਸੇ ਇੱਕ ਦੇਸ਼ ਵਿੱਚ ਵੀ ਕਿਸੇ ਸੋਸ਼ਲਿਸਟ ਪਾਰਟੀ ਨਾਲ਼ ਇੱਕ ਵੀ ਵੱਡੇ ਅਮਲੀ ਘੋਲ਼ ਦੀ ਅਜ਼ਮਾਇਸ਼ ਵਿੱਚ ਪੂਰਾ ਨਹੀਂ ਉਤਰਿਆ। ਇਸ ਲਈ ਅਸੀਂ ਆਪਣੇ ਆਪ ਨੂੰ ਉਸ "ਸੱਜੇ ਵੱਲੋਂ ਸੋਧਵਾਦ" ਤੱਕ ਸੀਮਿਤ ਰੱਖਦੇ ਹਾਂ, ਜਿਸ ਦਾ ਉੱਪਰ ਵਰਨਣ ਕੀਤਾ ਗਿਆ ਹੈ।

ਪੂੰਜੀਵਾਦ ਸਮਾਜ ਵਿੱਚ ਇਸ ਦੀ ਅਟੱਲਤਾ ਕਿਸ ਚੀਜ਼ ਵਿੱਚ ਹੈ ? ਇਹ ਕੌਮੀ ਵਿਲੱਖਣਤਾਈਆਂ ਦੇ ਪੂੰਜੀਵਾਦੀ ਵਿਕਾਸ ਦੀਆਂ ਹੱਦਾਂ ਦੇ ਫਰਕਾਂ ਨਾਲ਼ੋਂ ਵਧੇਰੇ ਡੂੰਘਾ ਕਿਉਂ ਹੈ ? ਕਿਉਂਕਿ ਹਰ ਪੂੰਜੀਵਾਦੀ ਦੇਸ਼ ਵਿੱਚ, ਪ੍ਰੋਲੇਤਾਰੀ ਦੇ ਨਾਲ਼ ਨਾਲ਼, ਹਮੇਸ਼ਾ ਹੀ

ਨਿੱਕੀ ਬੁਰਜੂਆਜ਼ੀ, ਛੋਟੇ ਮਾਲਕਾਂ ਦੀਆਂ ਵਿਸ਼ਾਲ ਪਰਤਾਂ ਹੁੰਦੀਆਂ ਹਨ। ਪੂੰਜੀਵਾਦ ਛੋਟੇ ਉਤਪਾਦਨ ਵਿੱਚੋਂ ਪੈਦਾ ਹੋਇਆ ਤੇ ਲਗਾਤਾਰ ਪੈਦਾ ਹੋ ਰਿਹਾ ਹੈ। ਪੂੰਜੀਵਾਦ ਵੱਲੋਂ ਮੁੜ ਮੁੜ ਕੇ ਬਹੁਤ ਸਾਰੇ "ਵਿਚਲੇ ਤਬਕੇ" ਅਟੱਲ ਤੌਰ 'ਤੇ ਹੋਂਦ ਵਿੱਚ ਲਿਆਂਦੇ ਜਾਂਦੇ ਹਨ (ਫੈਕਟਰੀਆਂ ਦੇ ਸਹਾਇਕ ਅੰਗ, ਘਰ ਵਿੱਚ ਕੰਮ, ਬਾਈਸਾਈਕਲ ਤੇ ਮੋਟਰ ਸਨਅਤਾਂ ਆਦਿ ਵਰਗੀਆਂ ਵੱਡੀਆਂ ਸਨਅਤਾਂ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਦੇਸ਼ ਭਰ ਵਿੱਚ ਫੈਲੀਆਂ ਨਿੱਕੀਆਂ ਨਿੱਕੀਆਂ ਵਰਕਸ਼ਾਪਾਂ)। ਇਹ ਨਵੇਂ ਛੋਟੇ ਉਤਪਾਦਨ ਉਸੇ ਤਰ੍ਹਾਂ ਹੀ ਅਟੱਲ ਤੌਰ 'ਤੇ ਮੁੜ ਕੇ ਪ੍ਰੋਲੇਤਾਰੀ ਦੀਆਂ ਸਫਾਂ ਵਿੱਚ ਸੁੱਟ ਦਿੱਤੇ ਜਾਂਦੇ ਹਨ। ਇਹ ਬਿਲਕੁੱਲ ਕੁਦਰਤੀ ਹੈ ਕਿ ਵਿਸ਼ਾਲ ਮਜ਼ਦੂਰ ਪਾਰਟੀਆਂ ਦੀਆਂ ਸਫਾਂ ਵਿੱਚ ਨਿੱਕ-ਬੁਰਜੂਆ ਸੰਸਾਰ ਦ੍ਰਿਸ਼ਟੀਕੋਣ ਮੁੜ ਮੁੜ ਕੇ ਪੈਦਾ ਹੋ ਜਾਏ। ਇਹ ਬਿਲਕੁੱਲ ਕੁਦਰਤੀ ਹੈ ਕਿ ਇਹ ਐਸਾ ਹੋਵੇ ਤੇ ਹਮੇਸ਼ਾ ਐਸਾ ਹੋਵੇਗਾ, ਬਿਲਕੁੱਲ ਭਾਗਾਂ ਦੀਆਂ ਤਬਦੀਲੀਆਂ ਤੱਕ, ਜਿਹੜੀਆਂ ਪ੍ਰੋਲੇਤਾਰੀ ਇਨਕਲਾਬ ਵਿੱਚ ਵਾਪਰਨਗੀਆਂ। ਕਿਉਂਕਿ ਇਹ ਸੋਚਣਾ ਗੰਭੀਰ ਗਲਤੀ ਹੋਵੇਗੀ ਕਿ ਵਸੋਂ ਦੀ ਬਹੁ-ਗਿਣਤੀ ਦਾ "ਪੂਰਨ" ਪ੍ਰੋਲੇਤਾਰੀਕਰਨ ਇਹੋ ਜਿਹਾ ਇਨਕਲਾਬ ਲਿਆਉਣ ਲਈ ਲਾਜ਼ਮੀ ਹੈ। ਜੋ ਕੁੱਝ ਅਸੀਂ ਹੁਣ ਸਿਰਫ਼ ਵਿਚਾਰਧਾਰਾ ਦੇ ਖੇਤਰ ਵਿੱਚ ਅਕਸਰ ਵਾਪਰਦਾ ਦੇਖਦੇ ਹਾਂ, ਭਾਵ, ਮਾਰਕਸ ਵਿੱਚ ਸਿਧਾਂਤਕ ਤਰਮੀਮਾਂ ਉੱਪਰ ਝਗੜੇ; ਜੋ ਕੁੱਝ ਹੁਣ ਸਿਰਫ਼ ਮਜ਼ਦੂਰ ਜਮਾਤ ਲਹਿਰ ਦੇ ਵੱਖੋ-ਵੱਖਰੇ ਉਪ-ਮਸਲਿਆਂ ਉੱਪਰ ਅਮਲ ਵਿੱਚ ਪੈਦਾ ਹੋ ਜਾਂਦਾ ਹੈ, ਜਿਵੇਂ ਕਿ ਸੋਧਵਾਦੀਆਂ ਨਾਲ਼ ਦਾਅਪੇਚ ਸਬੰਧੀ ਮੱਤਭੇਦ ਤੇ ਇਸ ਅਧਾਰ ਉੱਤੇ ਦੁਫੇੜਾਂ—ਲਾਜ਼ਮੀ ਤੌਰ 'ਤੇ ਮਜ਼ਦੂਰ ਜਮਾਤ ਨਾਲ਼ ਬੇਮਿਸਾਲ ਵੱਡੇ ਪੈਮਾਨੇ 'ਤੇ ਵਾਪਰੇਗਾ ਜਦੋਂ ਪ੍ਰੋਲੇਤਾਰੀ ਇਨਕਲਾਬ ਸਾਰੇ ਝਗੜੇ ਵਾਲ਼ੇ ਮਸਲਿਆਂ ਨੂੰ ਤੇਜ਼ ਕਰ ਦੇਵੇਗਾ, ਸਾਰੇ ਮਤਭੇਦ ਉਹਨਾਂ ਨੁਕਤਿਆਂ ਉੱਪਰ ਕੇਂਦਰਿਤ ਕਰ ਦੇਵੇਗਾ ਜਿਹੜੇ ਜਨਸਮੂਹਾਂ ਦੇ ਵਿਹਾਰ ਨੂੰ ਨਿਸ਼ਚਿਤ ਕਰਨ ਵਿੱਚ ਸਭ ਤੋਂ ਵੱਧ ਫੌਰੀ ਮਹੱਤਤਾ ਰੱਖਦੇ ਹਨ ਤੇ ਲੜਾਈ ਦੇ ਭਖਾ ਵਿੱਚ ਦੋਸਤਾਂ ਤੋਂ ਦੁਸ਼ਮਣਾਂ ਨੂੰ ਨਿਖੇੜਨਾ ਤੇ ਦੁਸ਼ਮਣਾਂ ਨੂੰ ਫੈਸਲਾਕੁਨ ਸੱਟਾਂ ਮਾਰਨ ਲਈ ਭੈੜੇ ਇਤਿਹਾਦੀਆਂ ਨੂੰ ਕੱਢ ਮਾਰਨਾ ਜ਼ਰੂਰੀ ਬਣਾ ਦੇਵੇਗਾ।

ਉਨ੍ਹੀਵੀਂ ਸਦੀ ਦੇ ਅਖ਼ੀਰ 'ਤੇ ਸੋਧਵਾਦ ਦੇ ਖ਼ਿਲਾਫ਼ ਇਨਕਲਾਬੀ ਮਾਰਕਸਵਾਦ ਵੱਲੋਂ ਲੜੀ ਗਈ ਵਿਚਾਰਧਾਰਕ ਲੜਾਈ ਪ੍ਰੋਲੇਤਾਰੀ ਦੀਆਂ ਮਹਾਨ ਇਨਕਲਾਬੀ ਲੜਾਈਆਂ ਦੀ ਸਿਰਫ਼ ਭੂਮਿਕਾ ਹੈ, ਜਿਹੜੇ ਪ੍ਰੋਲੇਤਾਰੀ ਕਿ ਨਿੱਕੀ ਬੁਰਜੂਆਜ਼ੀ ਦੇ ਸਾਰੇ ਡੱਕੋਡੋਲਿਆਂ ਤੇ ਕਮਜ਼ੋਰੀਆਂ ਦੇ ਬਾਵਜੂਦ ਆਪਣੇ ਉਦੇਸ਼ ਦੀ ਪੂਰਨ ਜਿੱਤ ਵੱਲ ਅੱਗੇ ਵੱਧ ਰਹੇ ਹਨ।

3 (16) ਅਪ੍ਰੈਲ, 1908
ਤੋਂ ਪਹਿਲਾਂ ਪਹਿਲਾਂ
ਲਿਖਿਆ ਗਿਆ।

# ਨੋਟ

1. ਵ. ਇ. ਲੈਨਿਨ ਨੇ "ਕਾਰਲ ਮਾਰਕਸ (**ਮਾਰਕਸਵਾਦ ਦੀ ਵਿਆਖਿਆ ਸਹਿਤ ਸੰਖੇਪ ਜੀਵਨੀ ਦੀ ਰੂਪ ਰੇਖਾ**)" ਗਰਾਨਾਤ ਭਰਾਵਾਂ ਵੱਲੋਂ ਛਾਪੇ ਮਹਾਨ ਕੋਸ਼ੀ ਸ਼ਬਦ-ਕੋਸ਼ ਲਈ ਲਿਖਿਆ, ਜਿਹੜਾ ਉਸ ਸਮੇਂ ਰੂਸ ਵਿੱਚ ਸਭ ਤੋਂ ਲੋਕ-ਪ੍ਰਿਅ ਸ਼ਬਦ-ਕੋਸ਼ ਸੀ। 1918 ਵਿੱਚ ਪੈਂਫ਼ਲਟ ਦੇ ਰੂਸ ਵਿੱਚ ਛਪਣ ਵਾਲ਼ੇ ਸੰਸਕ੍ਰਣ ਲਈ ਮੁਖਬੰਧ ਵਿੱਚ ਵ. ਇ. ਲੈਨਿਨ ਨੇ ਲਿਖਣ ਦੀ ਤਿਥੀ ਯਾਦ ਤੋਂ 1913 ਲਿਖ ਦਿੱਤੀ। ਅਸਲ ਵਿੱਚ ਉਹਨਾਂ ਨੇ ਇਹ 1914 ਦੀ ਬਸੰਤ ਰੁਤੇ ਪੋਰੋਨਿਨ ਵਿਖੇ ਸ਼ੁਰੂ ਕੀਤਾ ਸੀ ਪਰ ਪਾਰਟੀ ਦੀ ਅਗਵਾਈ ਕਰਨ ਅਤੇ ਅਖ਼ਬਾਰ "ਪ੍ਰਾਵਦਾ" ਸਬੰਧੀ ਆਪਣੇ ਕੰਮ ਵਿੱਚ ਰੁਝੇ ਹੋਣ ਕਾਰਨ ਉਹਨਾਂ ਨੂੰ ਇਹ ਵਿੱਚੇ ਛੱਡਣਾ ਪਿਆ। ਉਹਨਾਂ ਨੇ ਕੇਵਲ ਉਸ ਵਰ੍ਹੇ ਸਤੰਬਰ ਵਿੱਚ ਹੀ ਇਹ ਕੰਮ ਮੁੜ ਸ਼ੁਰੂ ਕੀਤਾ ਜਦੋਂ ਉਹ ਬਰਨ ਚਲੇ ਗਏ ਸਨ ਅਤੇ ਇਹ ਨਵੰਬਰ ਦੇ ਪਹਿਲੇ ਅੱਧ ਵਿੱਚ ਖ਼ਤਮ ਕੀਤਾ।

   "ਕਾਰਲ ਮਾਰਕਸ" ਨਾਂ ਦਾ ਲੇਖ 1915 ਵਿੱਚ ਸ਼ਬਦ-ਕੋਸ਼ ਦੀ 28ਵੀਂ ਸੈਂਚੀ (7ਵੀਂ ਛਾਪ) ਵਿੱਚ ਅਪੂਰਨ ਰੂਪ ਵਿੱਚ ਛਪਿਆ ਅਤੇ ਇਹਦੇ ਉੱਤੇ "ਵ. ਇਲੀਅਨ" ਨਾਂ ਦੀ ਸਹੀ ਸੀ। ਸੈਂਸਰਸ਼ਿਪ ਦੇ ਕਾਰਨਾਂ ਕਰਕੇ ਸੰਪਾਦਕਾਂ ਨੇ ਲੇਖ ਦੇ ਦੋ ਭਾਗ "ਸੋਸ਼ਲਿਜ਼ਮ" ਅਤੇ "ਪ੍ਰੋਲੇਤਾਰੀ ਦੇ ਸ਼੍ਰੇਣੀ ਘੋਲ਼ ਦੇ ਦਾਅ-ਪੇਚ" ਕੱਢ ਦਿੱਤੇ ਅਤੇ ਪਾਠ ਵਿੱਚ ਕਈ ਹੋਰ ਤਬਦੀਲੀਆਂ ਕੀਤੀਆਂ। ਲੇਖ ਦੇ ਅੰਤ ਉੱਤੇ "ਮਾਰਕਸਵਾਦ ਦੀ ਪੁਸਤਕ ਸੂਚੀ" ਜੋੜੀ ਗਈ ਸੀ।

   1918 ਵਿੱਚ "ਪ੍ਰੀਬੋਈ" ਪ੍ਰਕਾਸ਼ਨ ਨੇ ਐਨ ਸ਼ਬਦ-ਕੋਸ਼ ਵਿੱਚ ਛਪੇ ਰੂਪ ਵਿੱਚ, ਪਰ "ਮਾਰਕਸਵਾਦ ਦੀ ਪੁਸਤਕ ਸੂਚੀ" ਤੋਂ ਬਿਨਾਂ ਲੇਖ ਪੈਂਫ਼ਲਟ ਰੂਪ ਵਿੱਚ ਛਾਪਿਆ। ਖਰੜੇ ਅਨੁਸਾਰ ਲੇਖ ਦਾ ਪੂਰਾ ਪਾਠ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੇ ਕੇਂਦਰੀ ਕਮੇਟੀ ਦੀ ਲੈਨਿਨ ਸੰਸਥਾ ਨੇ ਵ. ਇ. ਲੈਨਿਨ ਦੇ ਲੇਖਾਂ ਦੇ ਸੰਗ੍ਰਹਿ "ਮਾਰਕਸ, ਏਂਗਲਜ਼, ਮਾਰਕਸਵਾਦ" ਵਿੱਚ ਛਾਪਿਆ।

   ਇਸ ਸੰਗ੍ਰਹਿ ਵਿੱਚ ਲੇਖ "ਮਾਰਕਸਵਾਦ ਦੀ ਪੁਸਤਕ ਸੂਚੀ ਤੋਂ ਬਿਨਾਂ ਛਾਪਿਆ ਜਾ ਰਿਹਾ ਹੈ।

2. **ਧਰਮ-ਵਿੱਦਿਆ** — ਧਾਰਮਿਕ ਸਿਧਾਂਤ ਜਿਸ ਨੇ ਸਦਾਚਾਰ, ਮੱਤ ਅਤੇ ਪੂਜਾ-ਵਿਧੀਆਂ ਨੂੰ ਇੱਕ ਪ੍ਰਣਾਲੀ ਵਿੱਚ ਬੰਨ੍ਹਣ ਅਤੇ ਉਹਨਾਂ ਨੂੰ ਵਿਗਿਆਨਕ ਰੂਪ ਵਿੱਚ ਸਿੱਧ ਕਰਨ ਦੀ ਕੋਸ਼ਿਸ਼ ਕੀਤੀ।

3. ਵੇਖੋ: ਫ. ਏਂਗਲਜ਼ "ਲੁਡਵਿਗ ਫਿਊਰਬਾਖ ਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ"

(ਕਾਂਡ ਪਹਿਲਾ)।

4. 1914 ਵਿੱਚ ਗਰਾਨਾਤ ਵਿਸ਼ਵ-ਕੋਸ਼ ਲਈ ਵ. ਇ. ਲੈਨਿਨ ਦੇ ਲਿਖੇ ਗਏ ਇਸ ਲੇਖ ਦੇ ਅੰਤ ਵਿੱਚ ਮਾਰਕਸਵਾਦ ਸਬੰਧੀ ਤੇ ਮਾਰਕਸਵਾਦੀ ਸਾਹਿਤ ਦੀ ਸੂਚੀ ਜ਼ਮੀਮੇ ਦੀ ਸ਼ਕਲ ਵਿੱਚ ਦਿੱਤੀ ਗਈ ਸੀ। ਇਸ ਸੰਗ੍ਰਹਿ ਵਿੱਚ ਇਹ ਸੂਚੀ ਨਹੀਂ ਦਿੱਤੀ ਜਾ ਰਹੀ।
5. ਏਥੇ ਕਾਰਲ ਮਾਰਕਸ ਦੇ ਲੇਖ "ਮੋਜ਼ੇਲ ਪੱਤਰ-ਪ੍ਰੇਰਕ ਦੀ ਰਿਹਾਈ" ਵੱਲ ਸੰਕੇਤ ਹੈ।
6. ਵੇਖੋ: ਕਾਰਲ ਮਾਰਕਸ, "ਹੀਗਲ ਦੇ ਅਧਿਕਾਰ-ਦਰਸ਼ਨ ਦੀ ਆਲੋਚਨਾ। ਮੁਖਬੰਧ"। ਏਥੇ ਵ. ਇ. ਲੈਨਿਨ ਦੇ ਇਸ਼ਾਰਾ ਇਸ ਟੂੱਕ ਹੈ: "ਆਲੋਚਨਾ ਦਾ ਹਥਿਆਰ, ਹਥਿਆਰ ਨਾਲ਼ ਆਲੋਚਨਾ ਦੀ ਥਾਂ ਨਹੀਂ ਲੈ ਸਕਦਾ, ਪਦਾਰਥਕ ਸ਼ਕਤੀ ਨੂੰ ਖੁਦ ਪਦਾਰਥਕ ਸ਼ਕਤੀ ਨਾਲ਼ ਉਲਟਾਉਣਾ ਚਾਹੀਦਾ ਹੈ ਪਰ ਸਿਧਾਂਤ ਵੀ ਓਦੋਂ ਪਦਾਰਥਕ ਸ਼ਕਤੀ ਬਣ ਜਾਂਦਾ ਹੈ ਜਦੋਂ ਉਹ ਜਨਸਮੂਹ ਦੇ ਦਿਲ ਜਿੱਤ ਲੈਂਦਾ ਹੈ।"
7. **ਪਰੂਧੋਂਵਾਦ** — ਨਿੱਕ-ਬੁਰਜੂਆ ਸੋਸ਼ਲਿਸਟ, ਵਿਗਿਆਨ-ਵਿਰੋਧੀ ਤੇ ਮਾਰਕਸਵਾਦ ਵਿਰੋਧੀ ਰੁਝਾਣ। ਇਸ ਦਾ ਨਾਂ ਇਸ ਦੇ ਵਿਚਾਰਵੇਤਾ— ਫ਼ਰਾਂਸੀਸੀ ਅਰਾਜਕਤਾਵਾਦੀ ਪਰੂਧੋਂ ਦੇ ਨਾਂ ਉੱਤੇ ਪਿਆ ਸੀ। ਨਿੱਕ-ਬੁਰਜੂਆ ਪੁਜ਼ੀਸ਼ਨ ਤੋਂ ਵੱਡੀ ਪੂੰਜੀਵਾਦੀ ਜਾਇਦਾਦ ਦੀ ਆਲੋਚਨਾ ਕਰਦਿਆਂ, ਪਰੂਧੋਂ ਨੇ ਨਿੱਕੀ ਜਾਇਦਾਦ ਨੂੰ ਸਦੀਵੀ ਬਣਾਈ ਰੱਖਣ ਦਾ ਸੁਪਨਾ ਲਿਆ। ਉਹ ਪ੍ਰੋਲੇਤਾਰੀ ਦੇ ਇਤਿਹਾਸਕ ਰੋਲ਼ ਨੂੰ ਨਹੀਂ ਸੀ ਸਮਝਦਾ। ਜਮਾਤੀ ਘੋਲ਼, ਪ੍ਰੋਲੇਤਾਰੀ ਇਨਕਲਾਬ ਅਤੇ ਪ੍ਰੋਲੇਤਾਰੀ ਡਿਕਟੇਟਰਸ਼ਿਪ ਵੱਲ ਨਾ-ਪੱਖੀ ਵਤੀਰਾ ਰੱਖਦਿਆਂ, ਉਸ ਨੇ ਅਰਾਜਕਤਾਵਾਦੀ ਪੁਜ਼ੀਸ਼ਨ ਤੋਂ ਰਾਜ ਦੀ ਲੋੜ ਨੂੰ ਰੱਦ ਕੀਤਾ ਸੀ। ਮਾਰਕਸ ਅਤੇ ਏਂਗਲਜ਼ ਨੇ ਪਰੂਧੋਂਵਾਦੀਆਂ ਵੱਲੋਂ ਪਹਿਲੀ ਇੰਟਰਨੈਸ਼ਨਲ ਉੱਤੇ ਆਪਣੇ ਵਿਚਾਰ ਠੋਸਣ ਦੇ ਯਤਨਾਂ ਦਾ ਇਕਸਾਰ ਦ੍ਰਿੜ ਟਾਕਰਾ ਕੀਤਾ। ਮਾਰਕਸ ਨੇ ਆਪਣੀ ਪੁਸਤਕ "ਦਰਸ਼ਨ ਦੀ ਕੰਗਾਲੀ" ਵਿੱਚ ਪਰੂਧੋਂਵਾਦ ਦੀ ਸਖ਼ਤ ਆਲੋਚਨਾ ਕੀਤੀ ਹੈ। ਮਾਰਕਸ, ਏਂਗਲਜ਼ ਤੇ ਉਹਨਾਂ ਦੇ ਹਮਾਇਤੀਆਂ ਵੱਲੋਂ ਪਹਿਲੀ ਇੰਟਰਨੈਸ਼ਨਲ ਵਿੱਚ ਪਰੂਧੋਂਵਾਦ ਵਿਰੁੱਧ ਦ੍ਰਿੜ ਸੰਗਰਾਮ ਵਿੱਚ ਪਰਧੋਂਵਾਦ ਉੱਤੇ ਮਾਰਕਸਵਾਦ ਦੀ ਮੁਕੰਮਲ ਜਿੱਤ ਹੋਈ।
8. ਏਥੇ ਫ਼ਰਵਰੀ 1848 ਦੇ ਫ਼ਰਾਂਸ ਦੇ ਬੁਰਜੂਆ ਇਨਕਲਾਬ ਵੱਲ ਸੰਕੇਤ ਹੈ।
9. ਏਥੇ ਸੰਕੇਤ ਜਰਮਨੀ ਤੇ ਆਸਟਰੀਆ ਦੇ ਬੁਰਜੂਆ ਇਨਕਲਾਬ ਵੱਲ ਹੈ, ਜੋ ਮਾਰਚ 1848 ਵਿੱਚ ਸ਼ੁਰੂ ਹੋਇਆ ਸੀ।
10. ਏਥੇ ਪੈਰਿਸ ਦੇ ਲੋਕ-ਮੁਜ਼ਾਹਰੇ ਦੀ ਗੱਲ ਹੋ ਰਹੀ ਹੈ, ਜਿਹੜਾ ਨਿੱਕ-ਬੁਰਜੂਆ ਪਾਰਟੀ ("ਗੋਰਾ") ਨੇ ਵਿਧਾਨ ਸਭਾ ਦੀ ਬਹੁ-ਗਿਣਤੀ ਅਤੇ ਰਾਸ਼ਟਰਪਤੀ ਵੱਲੋਂ 1848 ਦੇ ਇਨਕਲਾਬ ਦੇ ਸਿੱਟੇ ਵਜੋਂ ਪੈਦਾ ਹੋਈ ਵਿਧਾਨਕ ਵਿਵਸਥਾ ਨੂੰ ਭੰਗ ਕੀਤੇ ਜਾਣ ਦੀ ਵਿਰੋਧਤਾ ਵਿੱਚ ਕੀਤਾ ਸੀ। ਸਰਕਾਰ ਨੇ ਇਸ ਲੋਕ-ਮੁਜ਼ਾਹਰੇ ਨੂੰ ਖਿੰਡਾ ਦਿੱਤਾ।
11. ਏਥੇ ਵ. ਇ. ਲੈਨਿਨ ਦਾ ਇਸ਼ਾਰਾ ਮਾਰਕਸ ਤੇ ਏਂਗਲਜ਼ ਦੀਆਂ ਚਿੱਠੀਆਂ ਦੇ ਉਸ ਐਡੀਸ਼ਨ ਵੱਲ ਹੈ, ਜੋ ਸਤੰਬਰ 1913 ਵਿੱਚ ਜਰਮਨੀ ਵਿੱਚ ਚਾਰ ਭਾਗਾਂ ਵਿੱਚ

ਨਿਕਲਿਆ ਸੀ।

12. ਏਥੇ ਵ. ਇ. ਲੈਨਿਨ ਦਾ ਭਾਵ ਕਾਰਲ ਮਾਰਕਸ ਦੇ ਪੈਂਫ਼ਲਿਟ "ਮਿਸਟਰ ਫ਼ੋਗਟ" ਤੋਂ ਹੈ, ਜੋ ਉਨ੍ਹਾਂ ਨੇ ਬੋਨਾਪਾਰਟਵਾਦੀ ਏਜੰਟ ਕ. ਫ਼ੋਗਟ ਦੀ ' "Allgemeine Zeitung" ਵਿਰੁੱਧ ਮੇਰਾ ਮੁਕੱਦਮਾ' ਨਾਂ ਦੀ ਊਜਾਂ-ਭਰੀ ਕਿਤਾਬ ਦੇ ਜਵਾਬ ਵਿੱਚ ਲਿਖਿਆ ਸੀ।

13. ਏਥੇ ਭਾਵ "ਕੌਮਾਂਤਰੀ ਮਜ਼ਦੂਰ ਸੰਘ ਦੀ ਸਥਾਪਨਾ ਦੇ ਮੈਨੀਫੈਸਟੋ" ਤੋਂ ਹੈ।

14. **ਪੈਰਿਸ-ਕਮਿਊਨ** — ਇਤਿਹਾਸ ਵਿੱਚ ਪ੍ਰੋਲੇਤਾਰੀ ਡਿਕਟੇਟਰਸ਼ਿਪ ਦਾ ਪਹਿਲਾ ਤਜ਼ਰਬਾ ਸੀ ਮਜ਼ਦੂਰ ਜਮਾਤ ਦੀ ਇਨਕਲਾਬੀ ਹਕੂਮਤ, ਜੋ ਪੈਰਿਸ ਦੇ ਮਜ਼ਦੂਰਾਂ ਨੇ 1871 ਦੀ ਬਗਾਵਤ ਦੇ ਨਤੀਜੇ ਵਜੋਂ ਕਾਇਮ ਕੀਤੀ। ਇਹ 72 ਦਿਨ — 18 ਮਾਰਚ ਤੋਂ 28 ਮਈ ਤੱਕ ਰਹੀ।

15. **ਬਾਕੂਨਿਨਵਾਦ** — ਅਰਾਜਕਤਾਵਾਦ ਦੇ ਵਿਚਾਰਵੇਤਾ — ਮਿ. ਅ. ਬਾਕੂਨਿਨ — ਦੇ ਨਾਂ ਉੱਤੇ ਇੱਕ ਰੁਝਾਣ। ਬਾਕੂਨਿਨਵਾਦੀਆਂ ਨੇ ਮਾਰਕਸਵਾਦੀ ਸਿਧਾਂਤ ਤੇ ਮਜ਼ਦੂਰ ਲਹਿਰ ਦੇ ਦਾਅ-ਪੇਚਾਂ ਦੇ ਖ਼ਿਲਾਫ਼ ਸਿਰੜੀ ਘੋਲ਼ ਚਲਾਇਆ। ਹਰ ਤਰ੍ਹਾਂ ਦੇ ਰਾਜ ਤੋਂ, ਸਮੇਤ ਪ੍ਰੋਲੇਤਾਰੀ ਡਿਕਟੇਟਰਸ਼ਿਪ ਤੋਂ, ਇਨਕਾਰ ਤੇ ਪ੍ਰੋਲੇਤਾਰੀ ਦੇ ਸੰਸਾਰ-ਇਤਿਹਾਸਕ ਰੋਲ਼ ਨੂੰ ਮਾਣਤਾ ਨਾ ਦੇਣਾ ਬਾਕੂਨਿਨਵਾਦ ਦੇ ਬੁਨਿਆਦੀ ਅਸੂਲਾਂ ਵਿੱਚੋਂ ਸਨ। "ਸਿਰਕੱਢ" ਵਿਅਕਤੀਆਂ ਤੋਂ ਬਣੀ ਖੁਫੀਆ ਇਨਕਲਾਬੀ ਜਥੇਬੰਦੀ ਵੱਲੋਂ, ਬਾਕੂਨਿਨਵਾਦੀਆਂ ਅਨੁਸਾਰ, ਲੋਕਾਂ ਦੀ ਬਗਾਵਤ ਦੀ ਅਗਵਾਈ ਕੀਤਾ ਜਾਣਾ ਲਾਜ਼ਮੀ ਸੀ। ਉਹਨਾਂ ਦੇ ਸਾਜ਼ਸ਼ੀਆਂ ਵਾਲ਼ੇ ਫੌਰੀ ਬਗਾਵਤਾਂ ਤੇ ਦਹਿਸ਼ਤਪਸੰਦੀ ਦੇ ਦਾਅ-ਪੇਚ ਮਾਅਰਕੇਬਾਜ਼ੀ ਵਾਲ਼ੇ ਸਨ ਤੇ ਬਗਾਵਤ ਬਾਰੇ ਮਾਰਕਸਵਾਦੀ ਸਿੱਖਿਆ ਦੇ ਉਲਟ ਜਾਂਦੇ ਸਨ।

ਪਹਿਲੀ ਇੰਟਰਨੈਸ਼ਨਲ ਦੇ ਮੈਂਬਰ ਵਜੋਂ, ਬਾਕੂਨਿਨ ਜਨਰਲ ਕੌਂਸਲ ਨੂੰ ਆਪਣੇ ਹੱਥਾਂ ਵਿੱਚ ਲੈਣਾ ਚਾਹੁੰਦਾ ਸੀ ਤੇ ਉਸ ਨੇ ਮਾਰਕਸ ਦੇ ਖ਼ਿਲਾਫ਼ ਘੋਲ਼ ਚਲਾਇਆ। ਬਾਕੂਨਿਨ ਦੀ ਜਥੇਬੰਦੀ-ਵਿਰੋਧੀ ਸਰਗਰਮੀ ਲਈ 1872 ਵਿੱਚ ਉਸ ਨੂੰ ਹੇਗ ਦੀ ਕਾਂਗਰਸ ਸਮੇਂ ਇੰਟਰਨੈਸ਼ਨਲ ਵਿੱਚੋਂ ਕੱਢ ਦਿੱਤਾ ਗਿਆ।

16. ਵੇਖੋ : ਫ਼. ਏਂਗਲਜ਼, "ਡੂਹਰਿੰਗ-ਵਿਰੁੱਧ", ਭੂਮਿਕਾ 1. ਆਮ ਟਿੱਪਣੀਆਂ

17. **ਆਲੋਚਨਾਵਾਦ** — ਇਹ ਨਾਂ ਕਾਂਤ ਨੇ ਆਪਣੇ ਵਿਚਾਰਵਾਦੀ ਦਰਸ਼ਨ ਨੂੰ ਦੇ ਦਿੱਤਾ ਸੀ। ਉਹ ਸਮਝਦਾ ਸੀ ਕਿ ਉਹਦਾ ਮੁੱਖ ਨਿਸ਼ਾਨਾ ਮਨੁੱਖ ਦੀ ਵਿੱਦਿਅਕ ਸ਼ਕਤੀ ਦੀ **ਆਲੋਚਨਾ** ਹੈ। ਆਪਣੀ **ਆਲੋਚਨਾ** ਦੇ ਸਿੱਟੇ ਵਜੋਂ ਕਾਂਤ ਇਹ ਸਮਝ ਗਿਆ ਕਿ ਮਨੁੱਖ ਦੇ ਬੁੱਧੀ ਲਈ ਵਸਤਾਂ ਦਾ ਤੱਤ ਸਮਝਣਾ ਅਸੰਭਵ ਹੈ। ਦੂਜਿਆਂ **ਅੰਤਰਮੁਖੀ ਵਿਚਾਰਵਾਦੀ** ਸਿਧਾਂਤਾਂ ਨੂੰ ਵੀ ਜਿਹੜੇ ਮਨੁੱਖ ਦੇ ਬੋਧ ਨੂੰ ਸੀਮਿਤ ਕਰਦੇ ਹਨ, ਆਲੋਚਨਾਵਾਦ ਦੇ ਨਾਂ ਦਿੱਤਾ ਜਾਂਦਾ ਹੈ।

**ਅਗਿਆਨਾਸਤਕਵਾਦ** — ਇੱਕ ਮੱਤ ਹੈ ਜਿਹੜਾ ਇਹ ਸਾਬਤ ਕਰਦਾ ਹੈ ਕਿ ਦੁਨੀਆਂ ਅਸਮਝ-ਗੋਚਰੀ ਹੈ ਕਿ ਮਨੁੱਖ ਦੀ ਬੁੱਧੀ ਸੀਮਿਤ ਹੈ ਅਤੇ ਆਪਣੇ ਭਾਵਾਂ ਤੋਂ

ਪਾਰ ਕੁੱਝ ਨਹੀਂ ਜਾਣ ਸਕਦਾ। ਉਹ (Agnosticism) ਵੱਖਰੇ ਵੱਖਰੇ ਰੂਪ ਧਾਰਦਾ ਹੈ, ਇੱਕ ਰੂਪ ਬਾਹਰ-ਮੁਖੀ ਦੁਨੀਆਂ ਦੀ ਹੋਂਦ ਮੰਨਦਾ ਹੈ, ਉਹ ਇਸ ਦੇ ਬੋਧ ਦੀ ਸੰਭਾਵਨਾ ਤੋਂ ਇਨਕਾਰੀ ਹੈ ਦੂਜਾ ਪਦਾਰਥਕ ਸੰਸਾਰ ਦੀ ਹੋਂਦ ਨੂੰ ਰੱਦ ਕਰਦਾ ਹੈ ਕਿਉਂਕਿ ਮਨੁੱਖ ਇਹ ਨਹੀਂ ਸਮਝ ਸਕਦਾ ਕਿ ਉਹਦੇ ਭਾਵਾਂ ਤੋਂ ਬਾਹਰ ਹੋਰ ਕੁੱਝ ਹੈ ਜਾਂ ਨਹੀਂ।

ਉਹਨਾਂ ਵਿੱਚੋਂ ਪਹਿਲਾ ਕਾਂਤ ਹੈ ਤੇ ਦੂਜਾ ਹਿਊਮ।

**ਪ੍ਰਤੱਖਵਾਦ** — ਦਰਸ਼ਨ ਵਿੱਚ ਇੱਕ ਰੁਝਾਣ — ਬਾਰੇ ਲੈਨਿਨ ਨੇ ਲਿਖਿਆ ਸੀ ਕਿ ਇਹ... "ਤਰਸਯੋਗ ਖਿੱਚੜੀ ਹੈ, ਦਰਸ਼ਨ ਵਿੱਚ ਮੱਧ-ਵਰਗ ਦੀ ਨਫ਼ਰਤ ਦੀ **ਪਾਰਟੀ** ਹੈ ਜਿਹੜੀ ਹਰ ਇਕਲੇ ਸਵਾਲ ਵਿੱਚ ਪਦਾਰਥਵਾਦੀ ਅਤੇ ਵਿਚਾਰਵਾਦੀ ਰੁਚੀ ਨੂੰ ਗੱਡ ਮੱਡ ਕਰਦੀ ਹੈ।"

18. ਵੇਖੋ : ਫ਼. ਏਂਗਲਜ਼, "ਲੁਡਵਿਗ ਫਿਊਰਬਾਖ ਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ", (ਕਾਂਡ ਦੂਜਾ)।
19. ਵੇਖੋ : ਫ਼. ਏਂਗਲਜ਼, "ਡੂਹਰਿੰਗ ਵਿਰੁੱਧ" (ਕਾਂਡ ਗਿਆਰਵਾਂ; ਤਿੰਨਾਂ ਐਡੀਸ਼ਨਾਂ ਦੇ ਮੁੱਖਬੰਦ, 1. ਆਮ ਟਿੱਪਣੀਆਂ)।
20. ਵੇਖੋ : ਫ਼. ਏਂਗਲਜ਼, "ਲੁਡਵਿਗ ਫਿਊਰਬਾਖ ਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ", (ਕਾਂਡ ਚੌਥਾ ਤੇ ਕਾਂਡ ਪਹਿਲਾ)।
21. ਵੇਖੋ : ਫ਼. ਏਂਗਲਜ਼, "ਡੂਹਰਿੰਗ ਵਿਰੁੱਧ" (ਕਾਂਡ ਪਹਿਲਾ, ਆਮ ਟਿੱਪਣੀਆਂ)।
22. ਵੇਖੋ : ਫ਼. ਏਂਗਲਜ਼, "ਲੁਡਵਿਗ ਫਿਊਰਬਾਖ ਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ," (ਕਾਂਡ ਦੂਜਾ)।
23. ਵੇਖੋ : ਕਾਰਲ ਮਾਰਕਸ, "ਸਰਮਾਇਆ", ਸੈਂਚੀ ਪਹਿਲੀ (ਕਾਂਡ 13 — ਮਸ਼ੀਨਾਂ ਤੇ ਭਾਰੀ ਸਨਅਤ। 1. ਮਸ਼ੀਨਾਂ ਦਾ ਵਿਕਾਸ।)।
24. **ਪੁਨਰ-ਸਥਾਪਤੀ** — ਫ਼ਰਾਂਸ ਦੇ ਇਤਿਹਾਸ ਦਾ 1814 ਤੋਂ 1830 ਤੱਕ ਦਾ ਸਮਾਂ, ਇਹਦੇ ਦੌਰਾਨ ਸੱਤ੍ਹਾ ਫੇਰ ਬੁਰਬੋਂ ਵੰਸ ਦੇ ਹੱਥ ਆ ਗਈ ਸੀ। ਇਸ ਵੰਸ ਦਾ ਤਖ਼ਤਾ 1792 ਦੇ ਬੁਰਜੂਆ ਇਨਕਲਾਬ ਵਿੱਚ ਉਲਟਾ ਦਿੱਤਾ ਗਿਆ ਸੀ।
25. ਵੇਖੋ : ਕਾ. ਮਾਰਕਸ ਦੇ ਫ਼. ਏਂਗਲਜ਼, "ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ", (ਕਾਂਡ ਪਹਿਲਾ, ਬੁਰਜੂਆ ਅਤੇ ਪ੍ਰੋਲੇਤਾਰੀ)।
26. ਵੇਖੋ : ਕਾ. ਮਾਰਕਸ, "ਸਰਮਾਇਆ", ਸੈਂਚੀ ਪਹਿਲੀ (ਕਾਂਡ ਪਹਿਲਾ, ਜਿਣਸ। ਉਪ-ਕਾਂਡ ਚੌਥਾ, ਜਿਣਸਾਂ ਦੀ ਪੂਜਾ ਤੇ ਉਹਦਾ ਭੇਤ)।
27. ਵੇਖੋ : ਕਾ. ਮਾਰਕਸ, "ਰਾਜਸੀ ਆਰਥਕਤਾ ਦੀ ਆਲੋਚਨਾ ਨੂੰ ਇੱਕ ਦੇਣ" (ਪਹਿਲਾ ਕਾਂਡ, ਜਿਣਸ)।
28. ਵੇਖੋ : ਕਾ. ਮਾਰਕਸ, "ਸਰਮਾਇਆ", ਸੈਂਚੀ ਪਹਿਲੀ (ਕਾਂਡ ਚੌਥਾ — ਧੰਨ ਦਾ ਪੂੰਜੀ ਵਿੱਚ ਬਦਲਣਾ। 3. ਕਿਰਤ-ਸ਼ਕਤੀ ਦੀ ਖਰੀਦ ਤੇ ਵਿਕਰੀ)।
29. ਵੇਖੋ : ਕਾ. ਮਾਰਕਸ, "ਸਰਮਾਇਆ", ਸੈਂਚੀ ਪਹਿਲੀ (ਕਾਂਡ ਚੌਥਾ — ਧੰਨ ਦਾ ਪੂੰਜੀ

ਵਿੱਚ ਬਦਲਣਾ। 3. ਕਿਰਤ-ਸ਼ਕਤੀ ਦੀ ਖਰੀਦ ਤੇ ਵਿਕਰੀ)।

30. ਵੇਖੋ : ਕਾ. ਮਾਰਕਸ, "ਸਰਮਾਇਆ", ਸੈਂਚੀ ਪਹਿਲੀ (ਕਾਂਡ ਚੌਵਾਵਾਂ — ਪੂੰਜੀ ਦਾ ਅਖੌਤੀ ਮੁੱਢਲਾ ਸੰਚਨ। 7. ਪੂੰਜੀਵਾਦੀ ਸੰਚਨ ਦੀ ਇਤਿਹਾਸਕ ਰੁਚੀ)।

31. **"ਅਧਿਕਤਮ ਉਪਯੋਗਤਾ" ਦਾ ਸਿਧਾਂਤ** ਇਹਨੂੰ ਆਸਟਰੀਆਈ ਸਕੂਲ ਨੇ ਪਿਛਲੀ ਸਦੀ ਦੇ ਅੰਤ ਵਿੱਚ ਕਿਰਤ-ਕਦਰ ਦੇ ਮਾਰਕਸਵਾਦੀ ਸਿਧਾਂਤ ਦੇ ਮੁਕਾਬਲੇ ਵਿੱਚ ਪੇਸ਼ ਕੀਤਾ। ਇਹ ਸਕੂਲ ਰਾਜਸੀ ਆਰਥਕਤਾ ਦੀ ਇੱਕ ਗੰਵਾਰੂ ਰੁਚੀ ਦੇ ਰੂਪ ਵਿੱਚ ਸਾਹਮਣੇ ਆਇਆ। ਪਰ ਕੁੱਝ ਪ੍ਰਤੀਨਿੱਧਾਂ ਦੇ ਮਤ-ਭੇਦ ਦੇ ਬਾਵਜੂਦ ਇਸ ਨੇ ਜਿਣਸ ਦੀ ਕਦਰ ਨੂੰ ਸਿਰਫ਼ ਉਹਦੀ ਉਪਯੋਗਤਾ ਨਾਲ਼ ਹੀ ਨਹੀਂ ਸਗੋਂ ਉਸ ਜਿਣਸ ਦੀ ਆਖ਼ਰੀ (ਅੰਤਮ) ਇਕਾਈ ਦੀ ਉਪਯੋਗਤਾ ਨਾਲ਼ ਮਿਥਿਆ ਜੋ ਮਨੁੱਖ ਦੀ ਘੱਟ ਤੋਂ ਘੱਟ ਲੋੜ ਪੂਰੀ ਕਰਦੀ ਹੈ। ਆਸਟਰੀਆਈ ਸਕੂਲ ਦੀਆਂ ਸਭਨਾਂ ਆਰਥਕ ਤੇ ਦਾਰਸ਼ਨਕ ਧਾਰਾਵਾਂ ਵਾਂਗ "ਅੰਤਮ ਉਪਯੋਗਤਾ" ਦੇ ਸਿਧਾਂਤ ਦੀ ਵੀ ਵਿਸ਼ੇਸ਼ਤਾ ਹੈ — ਸਰਮਾਏਦਾਰਾ ਲੁੱਟ-ਖਸੁੱਟ ਦੀ ਪਰਦਾ-ਪੋਸ਼ੀ।

32. ਵੇਖੋ : ਕਾ. ਮਾਰਕਸ, "ਸਰਮਾਇਆ", ਸੈਂਚੀ ਤੀਜੀ (ਕਾਂਡ ਸੰਤਾਲੀਵਾਂ — ਸਰਮਾਏਦਾਰਾ ਭੋਂ-ਲਗਾਨ ਦਾ ਮੁੱਢ। 4. ਪੈਸਾ-ਲਗਾਨ)।

33. ਵੇਖੋ : ਕਾ. ਮਾਰਕਸ, "ਸਰਮਾਇਆ", ਸੈਂਚੀ ਪਹਿਲੀ (ਕਾਂਡ ਚੌਵੀਵਾਂ — ਮੁੱਢਲਾ ਸੰਚਨ। ਪ. ਸਨਅਤ ਉੱਤੇ ਖੇਤੀ-ਇਨਕਲਾਬ ਦਾ ਪੁੱਠਾ ਅਸਰ)।

34. ਵੇਖੋ : ਕਾ. ਮਾਰਕਸ, "ਸਰਮਾਇਆ", ਸੈਂਚੀ ਪਹਿਲੀ (ਕਾਂਡ ਤੇਈਵਾਂ — ਪੂੰਜੀਵਾਦੀ ਸੰਚਨ ਦਾ ਆਮ ਕਾਨੂੰਨ। 4. ਨਿਸਬਤੀ ਵਾਫ਼ਰ ਵਸੋਂ ਦੀ ਹੋਂਦ ਦੀਆਂ ਵੱਖ ਵੱਖ ਸ਼ਕਲਾਂ।)

35. ਵੇਖੋ : ਕਾ. ਮਾਰਕਸ, "ਫ਼ਰਾਂਸ ਵਿੱਚ ਜਮਾਤੀ ਘੋਲ਼", 1848 ਤੋਂ 1850 ਤੱਕ" (3. 13 ਜੂਨ 1849 ਦੇ ਸਿੱਟੇ)।

36. ਵੇਖੋ : ਕਾ. ਮਾਰਕਸ, "ਲੂਈ ਬੋਨਾਪਾਰਟ ਦਾ ਅਠਾਰ੍ਹਵੀਂ ਬਰੂਮੇਰ", (ਕਾਂਡ ਸਤਵਾਂ)।

37. ਵੇਖੋ : ਕਾ. ਮਾਰਕਸ, "ਫ਼ਰਾਂਸ ਵਿੱਚ ਜਮਾਤੀ ਘੋਲ਼", 1848 ਤੋਂ 1850 ਤੱਕ" (3. 13 ਜੂਨ, 1849 ਦੇ ਸਿੱਟੇ)।

38. ਕਾ. ਮਾਰਕਸ, "ਸਰਮਾਇਆ", ਸੈਂਚੀ ਤੀਜੀ (ਕਾਂਡ ਸੰਤਾਲੀਵਾਂ, ਪੂੰਜੀਵਾਦੀ ਜ਼ਮੀਨੀ ਲਗਾਨ ਦੀ ਉਤਪੱਤੀ। 4. ਧਨ-ਲਗਾਨ)।

39. ਕਾ. ਮਾਰਕਸ, "ਸਰਮਾਇਆ", ਸੈਂਚੀ ਤੀਜੀ (ਕਾਂਡ ਸੰਤਾਲੀਵਾਂ, ਪੂੰਜੀਵਾਦੀ ਜ਼ਮੀਨੀ ਲਗਾਨ ਦੀ ਉਤਪੱਤੀ। 4. ਧਨ-ਲਗਾਨ)।

40. ਵੇਖੋ : ਕਾ. ਮਾਰਕਸ, "ਸਰਮਾਇਆ", ਸੈਂਚੀ ਤੀਜੀ (ਕਾਂਡ ਸੰਤਾਲੀਵਾ, ਪੂੰਜੀਵਾਦੀ ਜ਼ਮੀਨੀ ਲਗਾਨ ਦੀ ਉਤਪੱਤੀ। 5. ਬਟਾਈ ਅਤੇ ਜ਼ਮੀਨੀ ਟੁਕੜਿਆਂ ਦੀ ਕਿਸਾਨ ਮਾਲਕੀ)।

41. ਵੇਖੋ : ਕਾ. ਮਾਰਕਸ, ਤੇ ਫ਼. ਏਂਗਲਜ਼, "ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ",

(ਕਾਂਡ ਦੂਜਾ, ਪ੍ਰੋਲੇਤਾਰੀ ਅਤੇ ਕਮਿਊਨਿਸਟ)।

42. ਵੇਖੋ : ਫ਼. ਏਂਗਲਜ਼, "ਡੂਹਰਿੰਗ ਵਿਰੁੱਧ", (ਖੰਡ ਤੀਜਾ, ਸਮਾਜਵਾਦ, ਕਾਂਡ ਪਹਿਲਾ, ਸਿਧਾਂਤ ਦੀ ਰੂਪ ਰੇਖਾ)।
43. ਵੇਖੋ : ਫ਼. ਏਂਗਲਜ਼, "ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ" (ਕਾਂਡ ਨੌਵਾਂ)।
44. ਵੇਖੋ : ਫ਼. ਏਂਗਲਜ਼, "ਫ਼ਰਾਂਸ ਤੇ ਜਰਮਨੀ ਦਾ ਕਿਸਾਨ ਮਸਲਾ" (ਕਾਂਡ ਦੂਜਾ)।
45. ਵੇਖੋ : ਫ਼. ਏਂਗਲਜ਼ ਨੂੰ ਕਾ. ਮਾਰਕਸ ਦੀ ਚਿੱਠੀ — 9 ਅਪ੍ਰੈਲ, 1863।
46. ਵੇਖੋ : ਕਾ. ਮਾਰਕਸ, "ਦਰਸ਼ਨ ਦੀ ਕੰਗਾਲੀ", (ਪੈਰ੍ਹਾ 5)।
47. ਵੇਖੋ : ਫ਼. ਏਂਗਲਜ਼ ਦੀ ਕਾ. ਮਾਰਕਸ ਨੂੰ ਚਿੱਠੀ — 5 ਫ਼ਰਵਰੀ, 1851।
48. ਵੇਖੋ : ਫ਼. ਏਂਗਲਜ਼ ਦੀ ਕਾ. ਮਾਰਕਸ ਨੂੰ ਚਿੱਠੀ — 17 ਦਸੰਬਰ, 1857।
49. ਵੇਖੋ : ਫ਼. ਏਂਗਲਜ਼ ਦੀ ਕਾ. ਮਾਰਕਸ ਨੂੰ ਚਿੱਠੀ — 7 ਅਕਤੂਬਰ, 1848।
50. ਵੇਖੋ : ਫ਼. ਏਂਗਲਜ਼ ਦੀ ਕਾ. ਮਾਰਕਸ ਨੂੰ ਚਿੱਠੀ — 8 ਅਪ੍ਰੈਲ, 1863।
51. ਵੇਖੋ : ਫ਼. ਏਂਗਲਜ਼ ਨੂੰ ਕਾ. ਮਾਰਕਸ ਨੂੰ ਚਿੱਠੀ — 9 ਅਪ੍ਰੈਲ, 1863।
52. **ਚਾਰਟਿਜ਼ਮ** — ਇਤਿਹਾਸ ਵਿੱਚ ਮਜ਼ਦੂਰ ਜਮਾਤ ਦੀ ਪਹਿਲੀ ਜਨਤਕ ਲਹਿਰ ਜਿਹੜੀ 19ਵੀਂ ਸਦੀ ਦੇ 30ਵਿਆਂ-40ਵਿਆਂ ਵਿੱਚ ਇੰਗਲੈਂਡ ਵਿੱਚ ਚੱਲੀ। ਲਹਿਰ ਵਿੱਚ ਹਿੱਸਾ ਲੈਣ ਵਾਲ਼ਿਆਂ ਨੇ ਲੋਕਾਂ ਦਾ ਚਾਰਟਰ (ਮਨੋਰਥ ਪੱਤਰ) ਪ੍ਰਕਾਸ਼ਤ ਕਰਕੇ (ਇਸ ਤੋਂ ਚਾਰਟਿਸਟ ਨਾਂ ਪਿਆ) ਸਾਰਿਆਂ ਨੂੰ ਵੋਟ ਦਾ ਹੱਕ ਇਤਿਆਦਿ ਮੰਗਾਂ ਲਈ ਸੰਗਰਾਮ ਕੀਤਾ ਜਿਹੜੀਆਂ ਇਸ ਵਿੱਚ ਸ਼ਾਮਲ ਸਨ। ਕੁੱਝ ਵਰ੍ਹਿਆਂ ਲਈ ਸਾਰੇ ਦੇਸ਼ ਵਿੱਚ ਜਲਸੇ ਤੇ ਮੁਜ਼ਾਹਰੇ ਹੋਏ, ਜਿਨ੍ਹਾਂ ਵਿੱਚ ਲਖੂਖਾ ਮਜ਼ਦੂਰਾਂ ਅਤੇ ਕਾਰੀਗਰਾਂ ਨੇ ਹਿੱਸਾ ਲਿਆ। ਲਹਿਰ ਨੂੰ ਕੁਚਲ ਦਿੱਤਾ ਗਿਆ, ਪਰ ਕੌਮਾਂਤਰੀ ਮਜ਼ਦੂਰ ਲਹਿਰ ਦੇ ਭਵਿੱਖੀ ਵਿਕਾਸ 'ਤੇ ਚਾਰਟਿਜ਼ਮ ਦਾ ਵੱਡਾ ਪ੍ਰਭਾਵ ਪਿਆ।
53. ਵੇਖੋ : ਫ਼. ਏਂਗਲਜ਼ ਨੂੰ ਕਾ. ਮਾਰਕਸ ਨੂੰ ਚਿੱਠੀ — 2 ਅਪ੍ਰੈਲ, 1866।
54. ਵੇਖੋ : ਕਾ. ਮਾਰਕਸ ਨੂੰ ਫ਼. ਏਂਗਲਜ਼ ਦੀ ਚਿੱਠੀ — 19 ਨਵੰਬਰ, 1869।
55. ਵੇਖੋ : ਕਾ. ਮਾਰਕਸ ਨੂੰ ਫ਼. ਏਂਗਲਜ਼ ਦੀ ਚਿੱਠੀ — 11 ਅਗਸਤ, 1881।
56. ਵੇਖੋ : ਕਾ. ਮਾਰਕਸ ਤੇ ਫ਼. ਏਂਗਲਜ਼, "ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ" (ਕਾਂਡ ਛੇਵਾਂ)।
57. ਏਥੇ ਚਰਚਾ ਦਾ ਵਿਸ਼ਾ ਕਰਾਕੋ ਰੀਪਬਲਿਕ ਵਿੱਚ ਕੌਮੀ ਅਜ਼ਾਦੀ ਦਾ ਜਮਹੂਰੀ ਇਨਕਲਾਬ ਹੈ, ਜੋ 1815 ਵਿੱਚ ਆਸਟਰੀਆ, ਪਰੂਸ਼ੀਆ ਤੇ ਰੂਸ ਦੇ ਸਾਂਝੇ ਕੰਟਰੋਲ ਹੇਠ ਸੀ। ਇਨਕਲਾਬ ਦੇ ਸਮੇਂ ਬਣਾਈ ਗਈ ਕੌਮੀ ਸਰਕਾਰ ਨੇ ਜਾਗੀਰਦਾਰਾ ਟੈਕਸਾਂ ਨੂੰ ਮਨਸੂਖ਼ ਕਰਨ ਵਾਲ਼ਾ ਮੈਨੀਫੈਸਟੋ ਜਾਰੀ ਕੀਤਾ ਤੇ ਵਾਅਦਾ ਕੀਤਾ ਕਿ ਸਾਰੀ ਜ਼ਮੀਨ ਕਿਸਾਨਾਂ ਨੂੰ ਮੁਫ਼ਤ ਦੇ ਦਿੱਤੀ ਜਾਵੇਗੀ। ਆਪਣੇ ਦੂਜੇ ਬਿਆਨਾਂ ਵਿੱਚ ਸਰਕਾਰ ਨੇ ਕੌਮੀ ਕਾਰਖਾਨਿਆਂ ਦੀ ਸਥਾਪਨਾ, ਉਹਨਾਂ ਵਿੱਚ ਉਜਰਤਾਂ ਦੇ ਵਾਧੇ ਤੇ ਸ਼ਹਿਰੀਆਂ ਦੀ ਸਨਅਤਾਂ ਦਾ ਐਲਾਨ ਕੀਤਾ। ਪਰ ਛੇਤੀ ਹੀ ਇਨਕਲਾਬ ਕੁਚਲ ਦਿੱਤਾ ਗਿਆ।

58. ਵੇਖੋ : ਕਾ. ਮਾਰਕਸ, "ਬੁਰਜੂਆਜ਼ੀ ਤੇ ਉਲਟ-ਇਨਕਲਾਬ" (ਕਾਂਡ ਦੂਜਾ)।

59. ਵੇਖੋ : ਫ਼. ਏਂਗਲਜ਼ ਨੂੰ ਕਾ. ਮਾਰਕਸ ਦੀ ਚਿੱਠੀ — 16 ਅਪ੍ਰੈਲ, 1856।

60. ਵੇਖੋ : ਕਾ. ਮਾਰਕਸ ਨੂੰ ਫ਼. ਏਂਗਲਜ਼ ਦੀ ਚਿੱਠੀ — 27 ਜਨਵਰੀ, 1865।

61. ਵੇਖੋ : ਫ਼. ਏਂਗਲਜ਼ ਦੀ ਕਾ. ਮਾਰਕਸ ਨੂੰ ਚਿੱਠੀ — 5 ਫ਼ਰਵਰੀ, 1865।

62. **ਜੁੰਕਰ** — ਪਰੂਸ਼ੀਆ ਵਿੱਚ ਮਾਲਕ ਜ਼ਿਮੀਂਦਾਰ।

63. ਵੇਖੋ : ਕਾ. ਮਾਰਕਸ ਨੂੰ ਫ਼. ਏਂਗਲਜ਼ ਦੀਆਂ 11 ਜੂਨ, 1863; 24 ਨਵੰਬਰ, 1863; 4 ਸਤੰਬਰ, 1864; 27 ਜਨਵਰੀ, 1865; 22 ਅਕਤੂਬਰ, 1867 ਤੇ 6 ਦਸੰਬਰ, 1867 ਨੂੰ ਲਿਖੀਆਂ ਚਿੱਠੀਆਂ। ਨਾਲ਼ੇ, ਫ਼. ਏਂਗਲਜ਼ ਨੂੰ 12 ਜੂਨ, 1863; 10 ਦਸੰਬਰ, 1864; 3 ਫ਼ਰਵਰੀ, 1865 ਤੇ 17 ਦਸੰਬਰ, 1867 ਨੂੰ ਕਾ. ਮਾਰਕਸ ਦੀਆਂ ਲਿਖੀਆਂ ਚਿੱਠੀਆਂ।

64. ਵੇਖੋ : ਲੁ. ਕੁਗੇਲਮਾਨ ਨੂੰ ਲਿਖੀ 12 ਅਪ੍ਰੈਲ, 1871 ਨੂੰ ਕਾ. ਮਾਰਕਸ ਦੀ ਚਿੱਠੀ।

65. **ਸੋਸ਼ਲਿਸਟਾਂ ਵਿਰੁੱਧ ਅਸਾਧਾਰਨ ਕਾਨੂੰਨ** — ਇਹ ਕਾਨੂੰਨ 1878 ਵਿੱਚ ਬਿਸਮਾਰਕ ਦੀ ਸਰਕਾਰ ਨੇ ਜਰਮਨੀ ਵਿੱਚ ਲਾਗੂ ਕੀਤਾ ਸੀ। ਇਹ ਦਾ ਨਿਸ਼ਾਨਾ ਮਜ਼ਦੂਰ ਤੇ ਸੋਸ਼ਲਿਸਟ ਲਹਿਰਾਂ ਨੂੰ ਕੁਚਲਣਾ ਸੀ। ਇਸ ਕਾਨੂੰਨ ਨਾਲ਼ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀਆਂ ਸਭਨਾਂ ਜਥੇਬੰਦੀਆਂ ਤੇ ਮਜ਼ਦੂਰਾਂ ਦੀਆਂ ਆਮ ਜਥੇਬੰਦੀਆਂ ਤੇ ਅਖ਼ਬਾਰਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਗਿਆ, ਸੋਸ਼ਲਿਸਟ ਸਾਹਿਤ ਜ਼ਬਤ ਕਰ ਲਿਆ ਗਿਆ ਤੇ ਸੋਸ਼ਲਿਸਟਾਂ ਵਿਰੁੱਧ ਸਰਕਾਰੀ ਕਾਰਵਾਈ ਕੀਤੀ ਗਈ ਤੇ ਉਹਨਾਂ ਨੂੰ ਜਲਾਵਤਨ ਕੀਤਾ ਗਿਆ। ਪਰ 1890 ਵਿੱਚ ਮਜ਼ਦੂਰ ਲਹਿਰ ਦੇ ਵੱਧਦੇ ਜਾਂਦੇ ਪ੍ਰਭਾਵ ਦੇ ਕਾਰਨ ਸੋਸ਼ਲਿਸਟਾਂ ਵਿਰੁੱਧ ਇਹ ਅਸਾਧਾਰਨ ਕਾਨੂੰਨ ਰੱਦ ਕਰ ਦਿੱਤਾ ਗਿਆ।

66. ਵੇਖੋ : ਫ਼. ਏਂਗਲਜ਼ ਦੇ ਨਾਂ ਕਾ. ਮਾਰਕਸ ਦੀਆਂ ਚਿੱਠੀਆਂ — 23 ਜੁਲਾਈ, 1877; 1 ਅਗਸਤ, 1877; 10 ਸਤੰਬਰ, 1879 ਤੇ ਕਾ. ਮਾਰਕਸ ਦੇ ਨਾਂ ਫ਼. ਏਂਗਲਜ਼ ਦੀਆਂ ਚਿੱਠੀਆਂ — 20 ਅਗਸਤ ਤੇ 9 ਸਤੰਬਰ, 1879।

67. ਇਹ ਸਤਰਾਂ ਨ. ਅ. ਨੇਕਰਾਸੋਵ ਦੀ ਕਵਿਤਾ "ਦੋਬਰੋਲਿਊਬੋਵ ਦੀ ਯਾਦ ਵਿੱਚ" ਵਿੱਚੋਂ ਲਈਆਂ ਗਈਆਂ ਹਨ।

68. ਵੇਖੋ : ਫ਼. ਏਂਗਲਜ਼, "ਜਰਮਨੀ ਵਿੱਚ ਕਿਸਾਨ ਜੰਗ" ਦਾ ਮੁੱਖਬੰਦ।

69. ਇੱਥੇ ਵ. ਇ. ਲੈਨਿਨ ਦਾ ਸੰਕੇਤ "Deutsch-Franz^sische Jahrb¸rcher" ("ਜਰਮਨ-ਫ਼ਰਾਂਸੀਸੀ ਸਾਲਨਾਮਾ") ਵੱਲ ਹੈ।

ਦੇਖੋ ਹੱਥਲੀ ਪੁਸਤਕ, ਪੰਨਾ 7

ਰਸਾਲੇ ਵਿੱਚ ਏਂਗਲਜ਼ ਦਾ ਲੇਖ ਪ੍ਰਕਾਸ਼ਤ ਹੋਇਆ "ਰਾਜਸੀ ਆਰਥਕਤਾ ਦੀ ਆਲੋਚਨਾ ਨੂੰ ਇੱਕ ਦੇਣ। ਰੂਪ-ਰੇਖਾ"।

70. "ਕਮਿਊਨਿਸਟ ਲੀਗ" ਬਾਰੇ ਦੇਖੋ ਹੱਥਲੀ ਪੁਸਤਕ, ਪੰਨਾ-8।

71. "Neue Rheinische Zeitung" ("ਨਵਾਂ ਰ੍ਹਾਈਨੀ ਦੈਨਿਕ") ਬਾਰੇ ਦੇਖੋ ਹੱਥਲੀ ਪੁਸਤਕ, ਪੰਨਾ-8।

72. ਏਥੇ ਸੰਕੇਤ ਫ਼. ਏਂਗਲਜ਼ ਦੀ ਰਚਨਾ "ਡੂਹਰਿੰਗ-ਵਿਰੁੱਧ; ਸ਼੍ਰੀ ਯੂਜੇਨ ਡੂਹਰਿੰਗ ਰਾਹੀਂ ਲਿਆਂਦੇ ਵਿਗਿਆਨਕ ਇਨਕਲਾਬ" ਵੱਲ ਹੈ।

73. 1892 ਵਿੱਚ ਰੂਸ ਵਿੱਚ ਪ੍ਰਕਾਸ਼ਤ ਏਂਗਲਜ਼ ਦੀ ਕਿਤਾਬ "ਸੋਸ਼ਲਿਜ਼ਮ, ਯੂਟੋਪੀਆਈ ਤੇ ਵਿਗਿਆਨਕ" ਦਾ ਨਾਂ। ਇਹ ਫ਼. ਏਂਗਲਜ਼ ਦੀ ਲਿਖਤ "ਡੂਹਰਿੰਗ ਵਿਰੁੱਧ" ਦੇ ਤਿੰਨ ਕਾਂਡਾਂ 'ਤੇ ਅਧਾਰਤ ਸੀ।

74. ਵੇਖੋ : ਫ਼. ਏਂਗਲਜ਼, "ਲੁਡਵਿਗ ਫਿਊਰਬਾਖ ਤੇ ਜਰਮਨ ਕਲਾਸੀਕੀ ਦਰਸ਼ਨ ਦਾ ਅੰਤ"।

75. ਏਥੇ ਵ. ਇ. ਲੈਨਿਨ ਦਾ ਸੰਕੇਤ ਫ਼. ਏਂਗਲਜ਼ ਦੇ ਲੇਖ "ਰੂਸੀ ਜ਼ਾਰਸ਼ਾਹੀ ਦੀ ਵਿਦੇਸ਼ ਨੀਤੀ" ਵੱਲ ਹੈ। ਇਹ ਲੇਖ "ਸੋਤਸਿਆਲ-ਦਿਮੋਕਰਾਤ" ਦੀਆਂ ਪਹਿਲੇ ਦੋ ਅੰਕਾਂ ਵਿੱਚ ਪ੍ਰਕਾਸ਼ਤ ਹੋਇਆ ਸੀ।

**"ਸੋਤਸਿਆਲ-ਦਿਮੋਕਰਾਤ"** — 1890 ਤੋਂ 1892 ਤੱਕ ਵਿਦੇਸ਼ੀ (ਲੰਡਨ-ਜਨੀਵਾ) 'ਕਿਰਤ ਅਜ਼ਾਦੀ ਦਾ ਗਰੁੱਪ' ਵੱਲੋਂ ਪ੍ਰਕਾਸ਼ਤ ਕੀਤੇ ਜਾਣ ਵਾਲ਼ਾ ਸਾਹਿਤਕ ਤੇ ਰਾਜਸੀ ਸਮੀਖਿਆ ਪੱਤਰ। ਰੂਸ ਵਿੱਚ ਮਾਰਕਸਵਾਦੀ ਵਿਚਾਰ ਫੈਲਾਣ ਵਿੱਚ ਇਹਦਾ ਚੋਖਾ ਹੱਥ ਰਿਹਾ ਹੈ। ਪੱਤਰ ਦੇ ਕੁੱਲ ਚਾਰ ਅੰਕ ਨਿਕਲੇ।

76. ਏਥੇ ਲੈਨਿਨ ਦਾ ਸੰਕੇਤ ਫ਼. ਏਂਗਲਜ਼ ਦੇ "ਰਿਹਾਇਸ਼ੀ ਮਸਲੇ" ਨਾਂ ਦੇ ਲੇਖ ਵੱਲ ਹੈ।

77. ਏਥੇ ਫ਼. ਏਂਗਲਜ਼ ਦੇ ਲੇਖ "ਰੂਸ ਵਿੱਚ ਸਮਾਜਕ ਸਬੰਧ" ਤੇ ਇਸ ਲੇਖ ਦੀ ਅੰਤਿਕਾ ਵੱਲ ਹੈ। ਇਹ 1894 ਵਿੱਚ ਜਨੀਵਾ ਤੋਂ ਛਪੀ 'ਰੂਸ ਸਬੰਧੀ ਫ਼ਰੈਡਰਿਕ ਏਂਗਲਜ਼ ਦੇ ਵਿਚਾਰ' ਨਾਂ ਦੀ ਕਿਤਾਬ ਦਾ ਹਿੱਸਾ ਸੀ।

78. **"ਸਰਮਾਇਆ" ਦੀ ਚੌਥੀ ਸੈਂਚੀ** — 1862-1863 ਵਿੱਚ ਮਾਰਕਸ ਰਚਿਤ 'ਵਾਧੂ ਕਦਰ ਦੇ ਸਿਧਾਂਤ' ਦਾ ਏਂਗਲਜ਼ ਦੇ ਦ੍ਰਿਸ਼ਟੀਕੋਣ ਅਨੁਸਾਰ ਲੈਨਿਨ ਵੱਲੋਂ ਰੱਖਿਆ ਗਿਆ ਨਾਂ। "ਸਰਮਾਇਆ" ਦੇ ਦੂਜੇ ਭਾਗ ਦੀ ਉਥਾਨਕਾ ਵਿੱਚ ਏਂਗਲਜ਼ ਨੇ ਲਿਖਿਆ ਸੀ: "ਦੂਜੀ ਤੇ ਤੀਜੀ ਪੁਸਤਕ ਵਿੱਚ ਸ਼ਾਮਲ ਹੋ ਚੁੱਕੇ ਅਨੇਕਾਂ ਅੰਸ਼ਾਂ ਨੂੰ ਹਟਾਉਣ ਤੋਂ ਪਿਛੋਂ ਮੈਂ ਇਸ ਹੱਥ-ਲਿਖਤ ('ਵਾਧੂ ਕਦਰ ਦੇ ਸਿਧਾਂਤ' —**ਸੰਪਾ.**) ਦਾ ਸਮੀਖਿਅਕ ਭਾਗ "ਸਰਮਾਇਆ" ਦੀ ਚੌਥੀ ਸੈਂਚੀ ਦੇ ਰੂਪ ਵਿੱਚ ਪ੍ਰਕਾਸ਼ਤ ਕਰਨਾ ਚਾਹੁੰਦਾ ਸਾਂ।" (ਕਾ. ਮਾਰਕਸ, "ਸਰਮਾਇਆ", ਸੈਂਚੀ ਦੂਜੀ, 1955, ਪੰਨਾ 2)। ਪਰ ਏਂਗਲਜ਼ ਦੀ ਮੌਤ ਹੋ ਗਈ ਤੇ ਉਹ ਚੌਥੀ ਸੈਂਚੀ ਪ੍ਰਕਾਸ਼ਨ ਲਈ ਤਿਆਰ ਨਾ ਕਰ ਸਕੇ। ਇਹ ਭਾਗ ਪਹਿਲੀ ਵਾਰੀ 1905-1910 ਵਿੱਚ ਜਰਮਨ ਜ਼ਬਾਨ ਵਿੱਚ ਕਾਉਟਸਕੀ ਦੇ ਸੰਪਾਦਕ ਵਿੱਚ ਪ੍ਰਕਾਸ਼ਤ ਹੋਇਆ। ਇਸ ਐਡੀਸ਼ਨ ਵਿੱਚ ਪ੍ਰਕਾਸ਼ਨ ਨਾਲ਼ ਸਬੰਧਤ ਮੁਖ ਮੰਗਾਂ ਦੀ ਉਲੰਘਨਾ ਕੀਤੀ ਗਈ ਸੀ ਤੇ ਮਾਰਕਸਵਾਦ ਦੇ ਸਿਧਾਂਤ ਗਲਤ ਰੰਗ ਵਿੱਚ ਪੇਸ਼ ਕੀਤੇ ਗਏ ਸਨ। ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ

ਦੇ ਮਾਰਕਸਵਾਦ-ਲੈਨਿਨਵਾਦ ਇੰਸਟੀਚਿਊਟ ਨੇ ਪਹਿਲੀ ਵਾਰੀ 1862-63 ਦੀ ਹੱਥ-ਲਿਖਤ ਦੇ ਅਨੁਸਾਰ 'ਵਾਧੂ ਕਦਰ ਦੇ ਸਿਧਾਂਤ' ("ਸਰਮਾਇਆ" ਦੀ ਚੌਥੀ ਸੈਂਚੀ) ਦਾ ਐਡੀਸ਼ਨ 1955-1961 ਵਿੱਚ ਪ੍ਰਕਾਸ਼ਤ ਕੀਤਾ ਸੀ।

79. ਏਥੇ ਫ਼. ਏਂਗਲਜ਼ ਵੱਲੋਂ 15 ਅਕਤੂਬਰ, 1884 ਨੂੰ ਏ. ਫ਼. ਬੇਕਰ ਨੂੰ ਲਿਖੀ ਗਈ ਚਿੱਠੀ ਵੱਲ ਸੰਕੇਤ ਹੈ।

80. ਵੇਖੋ : ਕਾ. ਮਾਰਕਸ, "ਕੌਮਾਂਤਰੀ ਮਜ਼ਦੂਰ ਸੰਘ ਦੀ 'ਨੇਮਾਵਲੀ' "ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ" ਦੇ 1890 ਵਿੱਚ ਪ੍ਰਕਾਸ਼ਤ ਜਰਮਨ ਐਡੀਸ਼ਨ ਦਾ ਫ਼. ਏਂਗਲਜ਼ ਦਾ ਲਿਖਿਆ ਮੁੱਖਬੰਦ।

81. "ਮਾਰਕਸਵਾਦ ਦੇ ਤਿੰਨ ਸੋਮੇ ਤੇ ਤਿੰਨ ਅੰਗ-ਰੂਪ ਹਿੱਸੇ" ਨਾਂ ਦਾ ਆਪਣਾ ਲੇਖ ਵ. ਇ. ਲੈਨਿਨ ਨੇ ਕਾਰਲ ਮਾਰਕਸ ਦੇ ਤੀਹਵੇਂ ਵਰ੍ਹੀਨੇ ਦੇ ਮੌਕੇ 'ਤੇ ਲਿਖਿਆ।

82. ਵੇਖੋ : ਫ਼. ਏਂਗਲਜ਼, "ਲੁਡਵਿਗ ਫਿਊਰਬਾਖ ਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ", ਫ਼. ਏਂਗਲਜ਼, "ਡੂਹਰਿੰਗ ਵਿਰੁੱਧ", ਕਾ. ਮਾਰਕਸ ਤੇ ਫ਼. ਏਂਗਲਜ਼, "ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ"।

83. ਇੱਥੇ ਲੈਨਿਨ ਦਾ ਇਸ਼ਾਰਾ 1905-1907 ਦੇ ਬੁਰਜੂਆ ਰੂਸੀ ਇਨਕਲਾਬ ਦੇ ਦੌਰ ਵੱਲ ਅਤੇ 1907-1910 ਵਿੱਚ ਪਿਛਾਖੜ ਦੇ ਗਲਬੇ ਵੱਲ ਹੈ ਜਿਹੜਾ ਇਸ ਇਨਕਲਾਬ ਦੀ ਹਾਰ ਤੋਂ ਪਿੱਛੋਂ ਹੋ ਗਿਆ ਸੀ।

84. **ਰਾਜ ਦੂਮਾ** — ਜ਼ਾਰਸ਼ਾਹੀ ਰੂਸ ਦੀ ਪ੍ਰਤੀਨਿੱਧ ਸਭਾ, ਜੋ 1905-1907 ਦੇ ਇਨਕਲਾਬ ਦੇ ਨਤੀਜੇ ਵਜੋਂ ਕਾਇਮ ਕੀਤੀ ਗਈ ਸੀ। ਰਸਮੀ ਤੌਰ 'ਤੇ ਦੂਮਾ ਕਾਨੂੰਨ-ਘੜਣੀ ਸੰਸਥਾ ਸੀ, ਪਰ ਅਸਲ ਵਿੱਚ ਉਹਦੇ ਹੱਥ ਤਾਕਤ ਕੋਈ ਨਹੀਂ ਸੀ। ਰਾਜ ਦੂਮਾ ਦੀਆਂ ਚੋਣਾਂ ਅਸਿੱਧੀਆਂ, ਅ-ਸਮਾਨ ਸਨ ਤੇ ਇਹਨਾਂ ਵਿੱਚ ਸਭ ਲੋਕ ਹਿੱਸਾ ਨਹੀਂ ਲੈ ਸਕਦੇ ਸਨ।

85. "**ਵੇਖੀ**" (ਮੀਲ-ਪੱਥਰ) — ਪ੍ਰਮੁੱਖ ਕੈਟ ਪੱਤਰਕਾਰਾਂ ਤੇ ਉਲਟ-ਇਨਕਲਾਬੀ ਉਦਾਰਵਾਦੀ ਸਰਮਾਏਦਾਰਾਂ ਦੇ ਪ੍ਰਤੀਨਿੱਧਾਂ ਰਾਹੀਂ ਕੱਢਿਆ ਗਿਆ ਲੇਖ-ਸੰਗ੍ਰਹਿ। ਲੇਖ-ਸੰਗ੍ਰਹਿ 1909 ਦੀ ਬਸੰਤ ਰੁੱਤੇ ਮਾਸਕੋ ਤੋਂ ਪ੍ਰਕਾਸ਼ਤ ਹੋਇਆ। ਰੂਸੀ ਬੁੱਧੀਮਾਨਾਂ ਬਾਰੇ ਆਪਣੇ ਲੇਖਾਂ ਵਿੱਚ "ਵੇਖੀਵਾਦੀਆਂ" ਨੇ ਰੂਸ ਵਿੱਚ ਅਜ਼ਾਦੀ ਦੀ ਲਹਿਰ ਨੂੰ ਭੰਡਣ ਤੇ 1905 ਦੇ ਇਨਕਲਾਬੀ ਘੋਲ਼ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਤੇ ਜ਼ਾਰਸ਼ਾਹੀ ਲਈ ਆਪਣਾ ਸ਼ੁਕਰਾਨਾ ਇਸ ਲਈ ਪ੍ਰਗਟ ਕੀਤਾ ਕਿ ਉਹਨੇ ਆਪਣੀਆਂ "ਜੇਲ੍ਹਾਂ ਤੇ ਸੰਗੀਨਾ ਨਾਲ਼" ਸਰਮਾਏਦਾਰਾਂ ਨੂੰ "ਲੋਕਾਂ ਦੇ ਰੋਹ ਤੋਂ" ਬਚਾਇਆ।

86. **ਕੱਟੜ** — ਰੂਸ ਦੇ ਰਾਜਸੀ ਸਾਹਿਤ ਵਿੱਚ ਪਿਛਾਂਹਖਿਚੂ ਜਾਗੀਰਦਾਰਾਂ ਦੇ ਅਤਿ ਸੱਜੇ-ਪੱਖੀ ਪ੍ਰਤੀਨਿੱਧਾਂ ਨੂੰ ਇਹ ਨਾਂ ਦਿੱਤਾ ਗਿਆ ਸੀ।

87. **ਓਤਜ਼ੋਵਵਾਦ** (ਰੂਸੀ ਸ਼ਬਦ — ਓਤਜ਼ੀਵਾਤਯ — ਵਾਪਸ ਬੁਲਾਉਣਾ) — ਇੱਕ ਮੌਕਾਪ੍ਰਸਤ ਰੁਝਾਣ, ਜਿਹੜਾ 1905-1907 ਦੇ ਇਨਕਲਾਬ ਦੀ ਹਾਰ ਤੋਂ ਪਿੱਛੋਂ

ਬਾਲਸ਼ਵਿਕਾਂ ਦੇ ਇੱਕ ਹਿੱਸੇ ਵਿੱਚ ਪੈਦਾ ਹੋਇਆ। ਇਸ ਨੇ ਐਲਾਨ ਕੀਤਾ ਕਿ ਪਿਛਾਖੜ ਦੇ ਦੌਰ ਵਿੱਚ ਪਾਰਟੀ ਸਿਰਫ਼ ਗ਼ੈਰ-ਕਾਨੂੰਨੀ ਕੰਮ ਕਰਦੀ ਹੈ ਤੇ ਇਸ ਲਈ ਉਹ ਚਾਹੁੰਦੇ ਸਨ ਕਿ ਦੂਮਾ ਤੋਂ ਸੋਸ਼ਲ-ਡੈਮੋਕਰੈਟਿਕ ਪ੍ਰਤੀਨਿੱਧਾਂ ਨੂੰ ਵਾਪਸ ਬੁਲਾਉਣਾ ਤੇ ਹਰ ਕਾਨੂੰਨੀ ਤੇ ਅੱਧ-ਕਾਨੂੰਨੀ ਜਥੇਬੰਦੀ ਦਾ ਕੰਮ ਖ਼ਤਮ ਕਰਨਾ। ਉਹ ਇਹ ਜ਼ਰੂਰੀ ਸਮਝਦੇ ਸਨ ਕਿ ਪਾਰਟੀ ਦੀਆਂ ਸਾਰੀਆਂ ਸਰਗਰਮੀਆਂ ਨੂੰ ਗ਼ੈਰ-ਕਾਨੂੰਨੀ ਜਥੇਬੰਦੀ ਦੇ ਢਾਂਚੇ ਵਿੱਚ ਇਕਾਗਰ ਕੀਤਾ ਜਾਏ।

ਓਤਜ਼ੋਵਵਾਦੀਆਂ ਨੇ ਪਾਰਟੀ ਨੂੰ ਬੜਾ ਨੁਕਸਾਨ ਪਹੁੰਚਾਇਆ। ਉਹਨਾਂ ਦੀ ਨੀਤੀ ਦੇ ਸਿੱਟੇ ਵਜੋਂ ਪਾਰਟੀ ਜਨਤਾ ਨਾਲ਼ੋਂ ਟੁੱਟ ਗਈ ਅਤੇ ਸੰਕੀਰਣਤਾਵਾਦੀ ਜਥੇਬੰਦੀ ਬਣ ਗਈ ਜਿਹੜੀ ਨਵੇਂ ਇਨਕਲਾਬੀ ਉਭਾਰਾਂ ਲਈ ਜਨਤਾ ਦੀਆਂ ਸ਼ਕਤੀਆਂ ਨੂੰ ਇਕੱਠਾ ਕਰਨ ਦੇ ਸਮੱਰਥ ਨਹੀਂ ਸੀ ਰਹੀ।

88. ਵ. ਇ. ਲੈਨਿਨ ਨੇ 'ਕਾਰਲ ਮਾਰਕਸ ਦੇ ਮੱਤ ਦੀ ਇਤਿਹਾਸਕ ਹੋਣੀ' ਨਾਂ ਦਾ ਆਪਣਾ ਲੇਖ ਮਾਰਕਸ ਦੇ ਤੀਹਨ ਵਰ੍ਹੀਨੇ ਮੌਕੇ 'ਤੇ ਲਿਖਿਆ ਸੀ।

89. **ਨਰੋਦਵਾਦ** — ਰੂਸੀ ਇਨਕਲਾਬੀ ਲਹਿਰ ਦੇ ਅੰਦਰ ਨਿੱਕ-ਬੁਰਜੂਆ ਰੁਝਾਣ ਜਿਹੜਾ 1860ਵਿਆਂ ਅਤੇ 1870ਵਿਆਂ ਵਿੱਚ ਹੋਂਦ ਵਿੱਚ ਆਇਆ।

ਨਰੋਦਵਾਦੀਆਂ ਇਸ ਗੱਲ ਨੂੰ ਉਭਾਰ ਕੇ ਪੇਸ਼ ਕੀਤਾ ਕਿ ਰੂਸ ਵਿੱਚ ਪੂੰਜੀਵਾਦ ਇੱਕ "ਸਬੱਬੀ" ਘਟਨਾ ਹੈ ਅਤੇ ਇਸ ਲਈ ਇੱਥੇ ਪ੍ਰੋਲੇਤਾਰੀ ਦਾ ਵਿਕਾਸ ਨਹੀਂ ਹੋਵੇਗਾ। ਇਸ ਲਈ ਉਹ ਸਮਝਦੇ ਸਨ ਕਿ ਮੁੱਖ ਇਨਕਲਾਬੀ ਸ਼ਕਤੀ ਕਿਸਾਨੀ ਹੋਵੇਗੀ ਅਤੇ ਪੇਂਡੂ ਕਮਿਊਨ ਨੂੰ ਸਮਾਜਵਾਦ ਦਾ ਧੁਰਾ ਮੰਨਦੇ ਸਨ। ਉਹਨਾਂ ਦਾ ਸਮਾਜਵਾਦ ਯੂਟੋਪੀਆਈ ਸਮਾਜਵਾਦ ਸੀ ਕਿਉਂਕਿ ਇਹ ਸਮਾਜ ਦੇ ਅਸਲ ਵਿਕਾਸ ਤੇ ਅਧਾਰਤ ਨਹੀਂ ਸੀ ਸਗੋਂ ਇੱਕ ਕਲਪਨਾ ਅਤੇ ਸ਼ੁਭ-ਇੱਛਾ ਦਾ ਪ੍ਰਤੀਨਿੱਧ ਸੀ।

ਇੱਕ ਪੁਰਖਾਸ਼ਾਹੀ ਦੇ ਖ਼ਿਲਾਫ਼ ਲੋਕਾਂ ਨੂੰ ਉਭਾਰਨ ਦੀ ਕੋਸ਼ਿਸ਼ ਵਿੱਚ ਉਹ ਪਿੰਡਾਂ ਵਿੱਚ "ਲੋਕਾਂ ਵਿੱਚ" ਗਏ (ਇਸੇ ਤੋਂ ਹੀ ਨਰੋਦਨਿਕ ਨਾਂ ਪਿਆ) ਪਰ ਉਹਨਾਂ ਨੂੰ ਉੱਥੋਂ ਕੋਈ ਸਮਰਥਨ ਨਾ ਮਿਲਿਆ।

20ਵੀਂ ਸਦੀ ਦੇ ਸ਼ੁਰੂ ਵਿੱਚ ਨਰੋਦਵਾਦ ਦੇ ਵਿਚਾਰ ਸੋਸ਼ਲ-ਇਨਕਲਾਬੀਆਂ ਅਤੇ ਦੂਜੀਆਂ ਨਿੱਕ-ਬੁਰਜੂਆ ਪਾਰਟੀਆਂ ਨੇ ਅਪਣਾ ਲਏ।

90. ਵੇਖੋ ਨੋਟ ਨੰ: 7।

91. ਵੇਖੋ ਨੋਟ ਨੰ: 15।

92. **ਬਰਨਸ਼ਟਾਈਨਵਾਦ** — ਜਰਮਨ ਤੇ ਕੌਮਾਂਤਰੀ ਸੋਸ਼ਲ-ਡੈਮੋਕ੍ਰੈਸੀ ਵਿੱਚ ਇੱਕ ਮਾਰਕਸਵਾਦ-ਵਿਰੋਧੀ ਰੁਚੀ। ਇਹ ਉਨ੍ਹੀਵੀਂ ਸਦੀ ਦੇ ਅੰਤ ਸਮੇਂ ਹੋਂਦ ਵਿੱਚ ਆਈ ਤੇ ਇਹ ਦਾ ਨਾਂ ਸੋਸ਼ਲ-ਡੈਮੋਕ੍ਰੈਟ ਐ. ਬਰਨਸ਼ਟਾਈਨ ਦੇ ਨਾਂ ਨਾਲ਼ ਸਬੰਧਤ ਸੀ।

1896 ਵਿੱਚ ਬਰਨਸ਼ਟਾਈਨ ਨੇ ਜਰਮਨ ਸੋਸ਼ਲ-ਡੈਮੋਕਰੈਸੀ ਦੇ ਸਿਧਾਂਤਕ ਰਸਾਲੇ "Die Neue Zeit" ("ਨਵਾਂ ਜ਼ਮਾਨਾ") ਵਿੱਚ ਕਈ ਲੇਖ ਲਿਖੇ ਜਿਨ੍ਹਾਂ ਵਿੱਚ ਖ਼ੁੱਲੇ

ਤੌਰ 'ਤੇ ਉਸ ਨੇ ਇਨਕਲਾਬੀ ਮਾਰਕਸਵਾਦ ਦੀਆਂ ਦਾਰਸ਼ਨਿਕ, ਆਰਥਕ ਤੇ ਰਾਜਨੀਤਕ ਬੁਨਿਆਦਾਂ ਨੂੰ ਸੋਧਨ ਦੀ ਕੋਸ਼ਿਸ਼ ਕੀਤੀ। ਉਸ ਨੇ ਮਜ਼ਦੂਰ ਜਮਾਤ ਦੇ ਜਮਾਤੀ ਘੋਲ਼ ਨੂੰ, ਪੂੰਜੀਵਾਦ ਦੇ ਅਟੱਲ ਤੌਰ 'ਤੇ ਢਹਿ ਢੇਰੀ ਹੋਣ ਬਾਰੇ ਅਤੇ ਸੋਸ਼ਲਿਸਟ ਇਨਕਲਾਬ ਤੇ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਬਾਰੇ ਮਾਰਕਸਵਾਦੀ ਸਿਧਾਂਤ ਨੂੰ ਰੱਦ ਕੀਤਾ। ਬਰਨਸ਼ਟਾਈਨ ਨੇ ਐਲਾਨ ਕੀਤਾ ਕਿ ਮਜ਼ਦੂਰ ਲਹਿਰ ਦਾ ਇੱਕੋ-ਇੱਕ ਕਾਰਜ ਪੂੰਜੀਵਾਦ ਹੇਠ ਮਜ਼ਦੂਰਾਂ ਦੀ ਆਰਥਕ ਹਾਲਤ ਬਿਹਤਰ ਬਣਾਉਣ ਲਈ ਸੁਧਾਰਾਂ ਦਾ ਘੋਲ਼ ਹੈ ਤੇ ਇੱਕ ਸੁਧਾਰਵਾਦੀ ਫਾਰਮੂਲਾਂ ਪੇਸ਼ ਕੀਤਾ — "ਲਹਿਰ ਸਭ ਕੁੱਝ ਹੈ, ਅੰਤਮ ਨਿਸ਼ਾਨਾ ਕੁੱਝ ਵੀ ਨਹੀਂ।" ਬਰਨਸ਼ਟਾਈਨ ਦੇ ਸਿਧਾਂਤਕ ਵਿਚਾਰ ਤੇ ਉਹ ਦੇ ਅਨੁਆਈਆਂ ਦੀ ਅਮਲੀ ਸੁਧਾਰਵਾਦੀ ਸਰਗਰਮੀ ਮਜ਼ਦੂਰ ਜਮਾਤ ਦੇ ਹਿੱਤਾਂ ਨਾਲ਼ ਸਿੱਧੀ ਗ਼ੱਦਾਰੀ ਸੀ।

93. ਇੱਥੇ ਸੰਕੇਤ ਸੋਸ਼ਲਿਸਟ-ਇਨਕਲਾਬੀ ਵੱਲ ਹੈ। **ਸੋਸ਼ਲਿਸਟ-ਇਨਕਲਾਬੀ** — ਰੂਸ ਦੀ ਇੱਕ ਪੈਟੀ-ਬੁਰਜੂਆ ਪਾਰਟੀ। 1901 ਦੇ ਅਖ਼ੀਰ ਤੇ 1902 ਦੇ ਸ਼ੁਰੂ ਵਿੱਚ ਵੱਖ ਵੱਖ ਨਰੋਦਵਾਦੀ ਗਰੁੱਪਾਂ ਤੇ ਹਲਕਿਆਂ ਦੇ ਰਲਣ ਨਾਲ਼ ਇਹ ਦੀ ਸਥਾਪਨਾ ਹੋਈ।

ਸੋਸ਼ਲਿਸਟ ਇਨਕਲਾਬੀਆਂ ਦੇ ਵਿਚਾਰ ਨਰੋਦਵਾਦ ਅਤੇ ਸੋਧਵਾਦ ਦਾ ਮਿਲਗੋਭਾ ਸਨ। ਉਹ ਪ੍ਰੋਲੇਤਾਰੀ ਅਤੇ ਛੋਟੇ ਮਾਲਕ ਵਿੱਚ ਜਮਾਤੀ ਫਰਕ ਨਹੀਂ ਕਰਦੇ, ਕਿਸਾਨਾਂ ਵਿਚਕਾਰ ਜਮਾਤੀ ਫਰਕ ਤੇ ਵਿਰੋਧਾਂ ਉੱਤੇ ਪਰਦਾ ਪਾਉਂਦੇ ਸਨ, ਇਨਕਲਾਬ ਵਿੱਚ ਪ੍ਰੋਲੇਤਾਰੀ ਦੇ ਆਗੂ ਰੋਲ਼ ਨੂੰ ਰੱਦ ਕਰਦੇ ਸਨ। ਵਿਅਕਤੀਗਤ ਦਹਿਸ਼ਤ, ਜਿਸ ਦਾ ਉਹ ਪ੍ਰਚਾਰ ਕਰਦੇ ਸਨ, ਇਨਕਲਾਬੀ ਲਹਿਰ ਨੂੰ ਨੁਕਸਾਨ ਪਹੁੰਚਾਉਂਦੀ ਸੀ ਅਤੇ ਲੋਕਾਂ ਨੂੰ ਇਨਕਲਾਬੀ ਘੋਲ਼ ਵੱਲ ਖਿਚਣ ਵਿੱਚ ਰੁਕਾਵਟ ਬਣਦੀ ਸੀ।

ਆਪਣੇ ਜ਼ਰੱਈ ਪ੍ਰੋਗਰਾਮ ਵਿੱਚ ਉਹਨਾਂ ਮੰਗ ਕੀਤੀ ਕਿ ਜ਼ਮੀਨ ਦੀ ਨਿੱਜੀ ਜਾਇਦਾਦ ਖ਼ਤਮ ਕੀਤੀ ਜਾਏ, ਜ਼ਮੀਨ ਕਮਿਊਨ ਦੇ ਹਵਾਲੇ ਕੀਤੀ ਜਾਏ ਅਤੇ ਉਸ ਨੂੰ ਕਿਸਾਨਾਂ ਵਿੱਚ ਬਰਾਬਰ ਬਰਾਬਰ ਵੰਡਿਆ ਜਾਏ। ਇਹਨਾਂ ਸਾਰੀਆਂ ਗੱਲਾਂ ਨੂੰ ਜ਼ਮੀਨ ਦੇ "ਸਮਾਜੀਕਰਨ" ਦਾ ਨਾਂ ਦੇਂਦੇ ਸਨ। ਸੋਸ਼ਲਿਸਟ-ਇਨਕਲਾਬੀਆਂ ਦੀ ਰਾਏ ਦੇ ਵਿਰੁੱਧ, ਲੈਨਿਨ ਨੇ ਦਰਸਾਇਆ ਕਿ ਇਸ ਪ੍ਰੋਗਰਾਮ ਨੂੰ ਅਮਲ ਵਿੱਚ ਲਿਆਉਣ ਦਾ ਮਤਲਬ ਸਮਾਜਵਾਦ ਵਿੱਚ ਅਵਸਥਾ-ਪਰਿਵਰਤਨ ਨਹੀਂ ਹੋਵੇਗਾ ਕਿਉਂਕਿ ਕੇਵਲ ਜ਼ਮੀਨ ਦੀ ਹੀ ਨਿੱਜੀ ਜਾਇਦਾਦ ਨੂੰ ਖ਼ਤਮ ਕਰਨ ਨਾਲ਼ ਪੂੰਜੀ ਦਾ ਗਲਬਾ ਖ਼ਤਮ ਨਹੀਂ ਹੋਵੇਗਾ, ਲੋਕਾਂ ਦੀ ਕੰਗਾਲੀ ਖ਼ਤਮ ਨਹੀਂ ਹੋਵੇਗੀ। ਪੂੰਜੀ ਦੇ ਸਮਾਜੀਕਰਨ ਤੋਂ ਬਿਨਾਂ ਹੀ ਜ਼ਮੀਨ ਦਾ ਸਮਾਜੀਕਰਨ ਦਾ ਵਿਚਾਰ, ਪੂੰਜੀ ਅਤੇ ਜਿਣਸ ਆਰਥਕਤਾ ਦੇ ਹੁੰਦਿਆਂ ਜ਼ਮੀਨ ਦੀ ਸਮਾਨ ਵਰਤੋਂ ਦੀ ਸੰਭਾਵਨਾ ਦਾ ਵਿਚਾਰ ਇੱਕ ਭਰਮ ਸੀ।

94. **ਨਵ-ਕਾਂਤਵਾਦੀ** — ਬੁਰਜੂਆ ਦਰਸ਼ਨ ਦੀ ਇੱਕ ਪਿਛਾਂਹਖਿਚੂ ਰੁਚੀ ਦੇ ਪ੍ਰਤੀਨਿੱਧ ਜੋ ਉਨ੍ਹੀਵੀਂ ਸਦੀ ਦੇ ਅੱਧ ਵਿੱਚ ਜਰਮਨੀ ਵਿੱਚ ਸਾਹਮਣੇ ਆਏ। ਨਵਕਾਂਤਵਾਦੀਆਂ ਨੇ

ਕਾਂਤ ਦੇ ਦਰਸ਼ਨ ਦੇ ਭੌਤਿਕ ਪੱਖਾਂ ਨੂੰ ਰੱਦ ਕਰਕੇ ਉਹ ਦੀਆਂ ਸਭ ਤੋਂ ਪਿਛਾਂਹਖਿਚੂ ਤੇ ਆਦਰਸ਼ਵਾਦੀ ਸਿੱਖਿਆਵਾਂ ਨੂੰ ਪੁਨਰ-ਸੁਰਜੀਤ ਕੀਤਾ। 'ਵਾਪਸ, ਕਾਂਤ ਵੱਲ ਚੱਲੀਏ' ਨਾਅਰਾ ਲਾ ਕੇ ਨਵਕਾਂਤਵਾਦੀ ਕਾਂਤ ਦੇ ਆਦਰਸ਼ਵਾਦ ਦੇ ਪ੍ਰਚਾਰ ਕਰਦੇ ਸਨ ਅਤੇ ਦਵੰਦਾਤਮਕ ਤੇ ਇਤਿਹਾਸਕ ਪਦਾਰਥਵਾਦ ਦੇ ਵਿਰੁੱਧ ਲੜਦੇ ਸਨ।

ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਨਵਕਾਂਤਵਾਦੀਆਂ (ਐ. ਬਰਨਸ਼ਟਾਈਨ, ਕਾ. ਸ਼ਮੀਡਟ ਆਦਿ) ਨੇ ਮਾਰਕਸਵਾਦੀ ਦਰਸ਼ਨ, ਮਾਰਕਸ ਦੀ ਆਰਥਕ ਸਿੱਖਿਆ ਤੇ ਜਮਾਤੀ ਘੋਲ਼ ਤੇ ਪ੍ਰੋਲੇਤਾਰੀ ਦੀ ਡਿਕਟੇਟਰੀ ਦੇ ਮਾਰਕਸ ਦੇ ਸਿਧਾਂਤ ਦੀ 'ਸੋਧ' ਕੀਤੀ।

95. ਵੇਖੋ : ਕਾਰਲ ਮਾਰਕਸ, "ਸਰਮਾਇਆ", ਸੈਂਚੀ ਪਹਿਲੀ ਦੇ ਦੂਜੇ ਐਡੀਸ਼ਨ ਦੀ ਅੰਤਿਕਾ।

96. ਛੇਤੀ ਹੀ ਵ. ਇ. ਲੈਨਿਨ ਨੇ ਆਪਣੇ ਲਿਖਤ "ਪਦਾਰਥਵਾਦ ਤੇ ਅਨੁਭਵ-ਸਿੱਧ ਆਲੋਚਨਾ" ਲਿਖੀ। ਮਈ 1909 ਵਿੱਚ ਉਹ ਪ੍ਰਕਾਸ਼ਤ ਕੀਤੀ ਗਈ। ਇਸ ਕਿਤਾਬ ਵਿੱਚ ਉਹ ਨੇ ਬੋਗਦਾਨੋਵ ਤੇ ਦੂਜੇ ਸੋਧਵਾਦੀਆਂ ਤੇ ਨਾਲ਼ੇ ਉਹਨਾਂ ਦੇ ਦਾਰਸ਼ਨਿਕ ਸਿੱਖਿਅਕਾਂ ਮਾਖ਼ ਤੇ ਅਵਨਾਰੀਅਸ, ਦੀ ਸਖ਼ਤ ਆਲੋਚਨਾ ਕੀਤੀ। ਲੈਨਿਨ ਦੀ ਇਸ ਲਿਖਤ ਵਿੱਚ ਮਾਰਕਸਵਾਦ ਦੇ ਸਭਨਾਂ ਸਿਧਾਂਤਕ ਅਧਾਰਾਂ ਦੀ ਵਿਆਖਿਆ ਤੇ ਨਾਲ਼ੇ ਉਹਨਾਂ ਦਾ ਹੋਰ ਵਿਕਾਸ ਕੀਤਾ ਗਿਆ ਹੈ। ਇਹਦੇ ਵਿੱਚ ਵਿਗਿਆਨ ਤੇ ਖਾਸ ਤੌਰ 'ਤੇ ਪ੍ਰਕਿਰਤੀ ਵਿਗਿਆਨ ਦੀਆਂ, ਏਂਗਲਜ਼ ਦੀ ਮੌਤ ਤੋਂ ਪਿੱਛੋਂ ਦੀਆਂ ਸਭਨਾਂ ਪ੍ਰਾਪਤੀਆਂ ਦੇ ਪਦਾਰਥਵਾਦੀ ਸਿੱਟੇ ਕੱਢੇ ਗਏ ਸਨ।

97. ਇੱਥੇ ਇਸ਼ਾਰਾ 1878 ਦੀ ਪੈਰਿਸ ਕਮਿਊਨ ਤੇ 1905 ਦੇ ਪਹਿਲੇ ਰੂਸੀ ਇਨਕਲਾਬ ਸਮੇਂ ਮਾਸਕੋ ਅਤੇ ਦੂਜੇ ਸ਼ਹਿਰਾਂ ਵਿੱਚ ਦਸੰਬਰ ਵਿੱਚ ਹੋਈ ਹਥਿਆਰਬੰਦ ਬਗਾਵਤ ਵੱਲ ਹੈ ਜੋ 1905-1907 ਦੇ ਰੂਸੀ ਇਨਕਲਾਬ ਦਾ ਉੱਚਤਮ ਪੜਾਅ ਸੀ।

98. **ਕੈਡਿਟ** — ਵਿਧਾਨਿਕ-ਜਮਹੂਰੀ ਪਾਰਟੀ ਦੇ ਮੈਂਬਰ। ਇਹ ਪਾਰਟੀ ਰੂਸੀ ਉਦਾਰਵਾਦੀ ਸ਼ਾਹ-ਪਸੰਦ ਬੁਰਜੂਆਜ਼ੀ ਦੀ ਮੁਖੀ ਪਾਰਟੀ ਸੀ। ਪਾਰਟੀ 1905 ਵਿੱਚ ਕਾਇਮ ਹੋਈ ਤੇ ਇਹਦੇ ਮੈਂਬਰਾਂ ਵਿੱਚ ਬੁਰਜੂਆਜ਼ੀ, ਜਾਗੀਰਦਾਰਾਂ ਤੇ ਬੁਰਜੂਆ ਬੁੱਧੀਮਾਨਾਂ ਦੇ ਪ੍ਰਤੀਨਿੱਧ ਸ਼ਾਮਲ ਸਨ।

99. **ਮਿਲੇਰਾਂਦਵਾਦ** — 19ਵੀਂ ਸਦੀ ਦੇ ਅਖ਼ੀਰ ਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਪੱਛਮੀ ਯੂਰਪੀ ਸੋਸ਼ਲ-ਡੈਮੋਕ੍ਰੈਟ ਪਾਰਟੀਆਂ ਅੰਦਰਲੀ ਇੱਕ ਮੌਕਾ-ਪ੍ਰਸਤ ਰੁਚੀ। ਇਹ ਰੁਚੀ ਫ਼ਰਾਂਸੀਸੀ ਸੋਸ਼ਲ-ਡੈਮੋਕ੍ਰੈਟ ਪਾਰਟੀਆਂ ਅੰਦਰਲੀ ਇੱਕ ਮੌਕਾ-ਪ੍ਰਸਤ ਰੁਚੀ। ਇਹ ਰੁਚੀ ਫ਼ਰਾਂਸੀਸੀ ਸੋਸ਼ਲ-ਡੈਮੋਕ੍ਰੈਟ ਮਿਲੇਰਾਂਦ ਦੇ ਨਾਂ ਨਾਲ਼ ਪ੍ਰਸਿੱਧ ਹੋਈ। ਮਿਲੇਰਾਂਦ 1899 ਵਿੱਚ ਫ਼ਰਾਂਸ ਦੀ ਪਿਛਾਂਹਖਿਚੂ ਬੁਰਜੂਆ ਸਰਕਾਰ ਵਿੱਚ ਸ਼ਾਮਲ ਹੋ ਗਿਆ ਤੇ ਉਹਦੀ ਲੋਕ-ਵਿਰੋਧੀ ਪਾਲਸੀ ਦਾ ਹਿਮਾਇਤੀ ਬਣਿਆ ਰਿਹਾ। ਮਿਲੇਰਾਂਦਵਾਦ ਨੂੰ ਸੋਧਵਾਦ ਤੇ ਗ਼ੱਦਾਰੀ ਆਖ ਕੇ ਵ. ਇ. ਲੈਨਿਨ ਨੇ ਦੱਸਿਆ ਕਿ ਬੁਰਜੂਆ ਸਰਕਾਰ

ਦੇ ਮੈਂਬਰ ਬਣ ਕੇ ਸਮਾਜਕ-ਸੁਧਾਰਵਾਦੀ ਸਦਾ ਹੀ ਸਰਕਾਰ ਦੀਆਂ ਕੱਠਪੁਤਲੀਆਂ ਦਾ ਰੋਲ਼ ਅਦਾ ਕਰਦੇ ਹਨ, ਪਰਦਾਪੋਸ਼ੀ ਲਈ ਸਰਮਾਏਦਾਰਾਂ ਦੇ ਕੰਮ ਆਉਂਦੇ ਹਨ ਤੇ ਸਰਕਾਰ ਰਾਹੀਂ ਆਮ ਲੋਕਾਂ ਨੂੰ ਧੋਖਾ ਦੇਣ ਦਾ ਸਾਧਨ ਬਣਦੇ ਹਨ।

100. **ਕੱਟੜ ਮੱਤ** — ਇੱਥੇ ਇਸ਼ਾਰਾ ਜਰਮਨ ਸੋਸ਼ਲ-ਡੈਮੋਕਰੈਟਾਂ ਵੱਲ ਹੈ ਜਿਹੜੇ ਮਾਰਕਸਵਾਦ ਦੀ ਸੋਧ ਦੇ ਖ਼ਿਲਾਫ਼ ਸਨ।

101. ਦੇਖੋ, ਨੋਟ ਨੰ. 92।

102. **ਗੇਦੇਵਾਦੀ** — 19ਵੀਂ ਸਦੀ ਦੇ ਅਖ਼ੀਰ ਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਫ਼ਰਾਂਸੀਸੀ ਸੋਸ਼ਲਿਸਟ ਲਹਿਰ ਵਿਚਲਾ ਇੱਕ ਇਨਕਲਾਬੀ ਮਾਰਕਸਵਾਦੀ ਰੁਝਾਣ, ਜਿਸ ਦੇ ਆਗੂ ਗੇਦ ਤੇ ਲਫਾਰਗ ਸਨ।

1901 ਵਿੱਚ, ਗੇਦ ਦੀ ਅਗਵਾਈ ਹੇਠ ਇਨਕਲਾਬੀ ਜਮਾਤੀ ਘੋਲ਼ ਦੇ ਸਮਰਥਕ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਨਾਲ਼ ਮਿਲ ਗਏ (ਜਿਸ ਕਰਕੇ ਉਸ ਦੇ ਮੈਂਬਰਾਂ ਨੂੰ ਉਸ ਦੇ ਆਗੂ ਗੇਦ ਦੇ ਨਾਂ 'ਤੇ ਬੁਲਾਉਣਾ ਸ਼ੁਰੂ ਕਰ ਦਿੱਤਾ ਗਿਆ)।

**ਜੋਰੇਸਵਾਦੀ** — ਫ਼ਰਾਂਸੀਸੀ ਸੋਸ਼ਲਿਸਟ ਜਾਨ ਜੋਰੇਸ ਦੇ ਅਨੁਆਈ। ਜੋਰੇਸ ਫ਼ਰਾਂਸੀਸੀ ਸੋਸ਼ਲਿਸਟ ਲਹਿਰ ਦੇ ਸੱਜੇ ਪੱਖੀ, ਸੁਧਾਰੀਵਾਦੀ ਪੱਖ ਦਾ ਆਗੂ ਸੀ। 1902 ਵਿੱਚ ਉਹਨਾਂ ਨੇ ਫ਼ਰਾਂਸੀਸੀ ਇਨਕਲਾਬੀ ਪਾਰਟੀ ਕਾਇਮ ਕੀਤੀ ਜਿਹੜੀ ਸੁਧਾਰਵਾਦੀ ਪੁਜ਼ੀਸ਼ਨਾਂ ਲੈਂਦੀ ਸੀ।

**ਬਰੂਸਵਾਦੀ** (ਸੰਭਾਵਨਾਵਾਦੀ) (ਪੀ. ਬਰੂਸ, ਬੀ. ਮਾਲੋਂ ਆਦਿ) ਪੈਟੀ-ਬੁਰਜੂਆ, ਸੁਧਾਰਵਾਦੀ ਰੁਝਾਣ, ਜਿਹੜਾ ਫ਼ਰਾਂਸ ਦੀ ਸੋਸ਼ਲਿਸਟ ਲਹਿਰ ਵਿੱਚ 19ਵੀਂ ਸਦੀ ਦੇ 80ਵਿਆਂ ਵਿੱਚ ਸਾਹਮਣੇ ਆਇਆ। ਸੰਭਾਵਨਾਵਾਦੀਆਂ ਨੇ "ਮਜ਼ਦੂਰ ਸਮਾਜਕ-ਇਨਕਲਾਬੀ ਪਾਰਟੀ" ਕਾਇਮ ਕੀਤੀ। ਉਹ ਇਨਕਲਾਬੀ ਪ੍ਰੋਗਰਾਮ ਤੇ ਇਨਕਲਾਬੀ ਦਾਅ-ਪੇਚਾਂ ਤੋਂ ਇਨਕਾਰ ਕਰਦੇ ਸਨ, ਮਜ਼ਦੂਰ ਲਹਿਰ ਦੇ ਸੋਸ਼ਲਿਸਟ ਉਦੇਸ਼ਾਂ ਉੱਪਰ ਪਰਦਾ ਪਾਉਂਦੇ ਸਨ, ਮਜ਼ਦੂਰਾਂ ਦੇ ਘੋਲ਼ ਨੂੰ ਸੰਭਾਵਨਾ ਦੇ ਚੌਖਟੇ ਦੇ ਅੰਦਰ ਰੱਖਣ ਦੀ ਸਲਾਹ ਦੇਂਦੇ ਸਨ, ਜਿੱਥੋਂ ਇਸ ਪਾਰਟੀ ਦਾ ਨਾਂ ਪਿਆ।

ਅੱਗੇ ਚੱਲ ਕੇ ਸੰਭਾਵਨਾਵਾਦੀਆਂ ਦੀ ਬਹੁ-ਗਿਣਤੀ ਨੇ 1902 ਵਿੱਚ ਜ. ਜੋਰੇਸ ਦੀ ਅਗਵਾਈ ਹੇਠ ਫ਼ਰਾਂਸ ਦੀ ਸੁਧਾਰਵਾਦੀ ਸੋਸ਼ਲਿਸਟ ਪਾਰਟੀ ਦੀ ਨੀਂਹ ਰੱਖੀ।

1905 ਵਿੱਚ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਫ਼ਰਾਂਸ ਦੀ ਸੁਧਾਰਵਾਦੀ ਸੋਸ਼ਲਿਸਟ ਪਾਰਟੀ ਨਾਲ਼ ਇੱਕ-ਮਿਕ ਹੋ ਗਈ।

103. **ਇੰਗਲੈਂਡ ਦੀ ਸੋਸ਼ਲ-ਡੈਮੋਕਰੈਟਿਕ ਫੈਡਰੇਸ਼ਨ** (Social-Democratic Federation) ਦੀ ਨੀਂਹ 1884 ਵਿੱਚ ਰੱਖੀ ਗਈ ਸੀ। ਸੁਧਾਰਵਾਦੀਆਂ ਦੇ ਨਾਲ਼ ਨਾਲ਼ ਸੋਸ਼ਲ-ਡੈਮੋਕਰੈਟਿਕ ਫੈਡਰੇਸ਼ਨ ਵਿੱਚ ਇਨਕਲਾਬੀ ਸੋਸ਼ਲ-ਡੈਮੋਕਰੈਟਾਂ ਦਾ ਵੀ ਇੱਕ ਗਰੁੱਪ ਸ਼ਾਮਲ ਹੋ ਗਿਆ, ਜਿਹੜੇ ਮਾਰਕਸਵਾਦ ਦੇ ਹਿਮਾਇਤੀ ਸਨ, ਤੇ ਜਿਹੜੇ ਇੰਗਲੈਂਡ ਦੀ ਸੋਸ਼ਲਿਸਟ ਲਹਿਰ ਦਾ ਖੱਬਾ ਪੱਖ ਸਨ।

1907 ਵਿੱਚ ਸੋਸ਼ਲ-ਡੈਮੋਕਰੈਟਿਕ ਫੈਡਰੇਸ਼ਨ ਨੂੰ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਨਾਂ ਦਿੱਤਾ ਗਿਆ ਅਤੇ ਇਸ ਨੇ 1911 ਵਿੱਚ, ਇੰਡੀਪੈਂਡੈਂਟ ਲੇਬਰ ਪਾਰਟੀ ਦੇ ਖੱਬੇ ਅਨਸਰਾਂ ਨਾਲ਼ ਮਿਲ ਕੇ, ਬਰਤਾਨਵੀ ਸੋਸ਼ਲਿਸਟ ਪਾਰਟੀ ਦੀ ਨੀਂਹ ਰੱਖੀ; 1920 ਵਿੱਚ ਇਸ ਪਾਰਟੀ ਨੇ ਕਮਿਊਨਿਸਟ ਏਕਤਾ ਦੇ ਇੱਕ ਗਰੁੱਪ ਨਾਲ਼ ਮਿਲ ਕੇ ਬਰਤਾਨੀਆ ਦੀ ਕਮਿਊਨਿਸਟ ਪਾਰਟੀ ਸਥਾਪਤ ਕਰਨ ਵਿੱਚ ਵੱਡਾ ਰੋਲ਼ ਅਦਾ ਕੀਤਾ।

**ਇੰਡੀਪੈਂਡੈਂਟ ਲੇਬਰ ਪਾਰਟੀ** (Independent Labour Party) — ਇੱਕ ਸੁਧਾਰਵਾਦੀ ਪਾਰਟੀ ਜੋ 1893 ਵਿੱਚ ਬਰਤਾਨੀਆ ਦੀਆਂ "ਨਵੀਆਂ ਟਰੇਡ ਯੂਨੀਅਨਾਂ" ਦੇ ਆਗੂਆਂ ਨੇ ਕਾਇਮ ਕੀਤੀ। ਇਹ ਦੇ ਮੈਂਬਰ "ਨਵੀਆਂ ਟਰੇਡ ਯੂਨੀਅਨਾਂ" ਤੇ ਕੁੱਝ ਪੁਰਾਣੀਆਂ ਟਰੇਡ ਯੂਨੀਅਨਾਂ ਦੇ ਮੈਂਬਰ ਬਣ ਗਏ। ਇਹ ਦੇ ਵਿੱਚ ਬੁੱਧੀਮਾਨਾਂ ਤੇ ਨਿੱਕ-ਬੁਰਜੂਆਜ਼ੀ ਦੇ ਪ੍ਰਤੀਨਿੱਧ ਵੀ ਸ਼ਾਮਲ ਸਨ।

ਸ਼ੁਰੂ ਤੋਂ ਹੀ ਇੰਡੀਪੈਂਡੈਂਟ ਲੇਬਰ ਪਾਰਟੀ ਨੇ ਬੁਰਜੂਆ ਸੁਧਾਰਵਾਦੀਆਂ ਰੁਖ ਅਪਣਾਇਆ ਤੇ ਆਪਣਾ ਮੁੱਖ ਧਿਆਨ ਘੋਲ਼ ਦੇ ਪਾਰਲੀਮੈਂਟਰੀ ਤਰੀਕਿਆਂ ਤੇ ਲਿਬਰਲ ਪਾਰਟੀ ਨਾਲ਼ ਪਾਰਲੀਮੈਂਟਰੀ ਸਮਝੌਤੇ ਵੱਲ ਦਿੱਤਾ। ਵ. ਇ. ਲੈਨਿਨ ਨੇ ਇੰਡੀਪੈਂਡੈਂਟ ਲੇਬਰ ਪਾਰਟੀ ਦਾ ਵਰਣਨ ਕਰਦਿਆਂ ਲਿਖਿਆ ਕਿ "ਅਸਲ ਵਿੱਚ ਇਹ ਸਦਾ ਸਰਮਾਏਦਾਰਾਂ 'ਤੇ ਨਿਰਭਰ ਕਰਨ ਵਾਲ਼ੀ ਪਾਰਟੀ ਸੀ" ਤੇ ਉਹ "ਸਿਰਫ਼ ਸੋਸ਼ਲਿਜ਼ਮ ਤੋਂ ਅਜ਼ਾਦ ਸੀ, ਜਦੋਂ ਕਿ ਉਦਾਰਵਾਦ 'ਤੇ ਉਹ ਵੱਡੀ ਹੱਦ ਤੱਕ ਨਿਰਭਰ ਕਰਦੀ ਸੀ।"

104. ਬੇਲਜੀਅਨ ਲੇਬਰ ਪਾਰਟੀ ਵਿੱਚ ਬਰੂਕੇਰ ਤੇ ਉਸ ਦੇ ਹਮਾਇਤੀ ਪਿਛਾਂਹਖਿਚੂ ਬੁਰਜੂਆ ਸਰਕਾਰ ਵਿੱਚ ਸੋਸ਼ਲਿਸਟਾਂ ਦੇ ਸ਼ਾਮਲ ਹੋਣ ਦੇ ਵਿਰੁੱਧ ਸਨ ਅਤੇ ਵਾਂਡਰਵੇਲਡੇ ਦੇ ਖ਼ਿਲਾਫ਼ ਲੜੇ ਜਿਹੜਾ ਬੈਲਜੀਅਨ ਦੇ ਸੋਧਵਾਦੀਆਂ ਦਾ ਆਗੂ ਸੀ।

105. **ਅਖੰਡਤਾਵਾਦੀ** — ਅਖੌਤੀ "ਅਖੰਡ" ਸਮਾਜਵਾਦ ਦੇ ਹਮਾਇਤੀ, ਜਿਹੜਾ ਨਿੱਕ-ਬੁਰਜੂਆ ਸਮਾਜਵਾਦ ਦੀ ਇੱਕ ਕਿਸਮ ਸੀ।ਐਨਰੀਕੋ ਫ਼ੇਰੀ ਅਖੰਡਤਾਵਾਦੀਆਂ ਦਾ ਆਗੂ ਸੀ। ਇਟਲੀ ਦੀ ਸਮਾਜਵਾਦੀ ਪਾਰਟੀ ਦੀ ਕੇਂਦਰਵਾਦੀ ਰੁਚੀ ਹੋਣ ਕਰਕੇ, ਅਖੰਡਤਾਵਾਦੀਆਂ ਨੇ ਧਰਮ-ਸੁਧਾਰ ਲਹਿਰ ਦੇ ਖ਼ਿਲਾਫ਼ ਕਈ ਸਵਾਲਾਂ ਉੱਤੇ ਘੋਲ਼ ਕੀਤਾ। ਧਰਮ-ਸੁਧਾਰਵਾਦੀਆਂ ਨੇ ਅਤਿ ਦੀ ਮੌਕਾਪ੍ਰਸਤ ਪੁਜ਼ੀਸ਼ਨ ਲਈ ਅਤੇ ਪਿਛਾਂਹਖਿਚੂ ਬੁਰਜੂਆਜ਼ੀ ਨਾਲ਼ ਰਲ਼ ਗਏ।

106. **ਬਾਲਸ਼ਵਿਕ ਤੇ ਮੈਨਸ਼ਵਿਕ** — ਰੂਸੀ ਸੋਸ਼ਲ-ਡੈਮੋਕਰੈਟ। 1903 ਵਿੱਚ ਰੂ. ਸੋ. ਡੈ. ਲੇ. ਪਾ. ਦੀ ਦੂਜੀ ਕਾਂਗਰਸ ਵਿੱਚ ਲੈਨਿਨ ਦਾ ਸਮਰਥਨ ਕਰਦੇ ਪਾਰਟੀ ਦੇ ਇਨਕਲਾਬੀ ਧੜੇ ਤੇ ਮਾਰਤੋਵ ਦੀ ਅਗਵਾਈ ਹੇਠ ਇਸਦੇ ਮੌਕਾਪ੍ਰਸਤ ਧੜੇ ਵਿਚਕਾਰ ਦੁਫੇੜ ਪੈ ਗਈ।ਪਾਰਟੀ ਦੀਆਂ ਕੇਂਦਰੀ ਸੰਸਥਾਵਾਂ ਦੀਆਂ ਚੋਣਾਂ ਦੇ ਸਮੇਂ ਇਨਕਲਾਬੀ ਸੋਸ਼ਲ-ਡੈਮੋਕਰੈਟਾਂ ਨੇ ਬਹੁ-ਗਿਣਤੀ (ਰੂਸੀ ਵਿੱਚ 'ਬੋਲਸ਼ਿੰਸਤਵੋ') ਪ੍ਰਾਪਤ ਕੀਤੀ ਤੇ

ਮੌਕਾਪ੍ਰਸਤ ਘੱਟ ਗਿਣਤੀ (ਰੂਸੀ ਵਿੱਚ 'ਮੇਨਸ਼ਿੰਸਤਵੋ') ਵਿੱਚ ਰਹਿ ਗਏ। ਉਸ ਸਮੇਂ ਤੋਂ ਬਾਲਸ਼ਵਿਕ ਤੇ ਮੈਨਸ਼ਵਿਕ ਨਾਂ ਪੈ ਗਏ.

ਮੈਨਸ਼ਵਿਕ ਰੂ. ਸੋ. ਡੈ. ਲੇ. ਪਾ. ਦੇ ਇਨਕਲਾਬੀ ਪ੍ਰੋਗਰਾਮ ਦੇ ਖ਼ਿਲਾਫ਼ ਸਨ, ਇਨਕਲਾਬ ਵਿੱਚ ਮਜ਼ਦੂਰ ਜਮਾਤ ਦੀ ਸਰਦਾਰੀ ਦੇ ਖ਼ਿਲਾਫ਼ ਸਨ, ਮਜ਼ਦੂਰ ਜਮਾਤ ਦੇ ਕਿਸਾਨੀ ਨਾਲ਼ ਇਤਿਹਾਦ ਦੇ ਖ਼ਿਲਾਫ਼ ਸਨ। ਉਹ ਉਦਾਰ ਬੁਰਜੂਆਜ਼ੀ ਨਾਲ਼ ਸਮਝੌਤਾ ਕਰਨ ਦੀ ਹਮਾਇਤ ਕਰਦੇ ਸਨ। ਰੂਸ ਵਿੱਚ ਸਮਾਜਵਾਦੀ ਇਨਕਲਾਬ ਦੀ ਜਿੱਤ ਮਗਰੋਂ ਉਹਨਾਂ ਨੇ ਸੋਵੀਅਤ ਸੱਤ੍ਹਾਂ ਦੇ ਖ਼ਿਲਾਫ਼ ਉਲਟ-ਇਨਕਲਾਬੀ ਘੋਲ਼ ਵਿੱਚ ਹਿੱਸਾ ਲਿਆ।

107. "**ਇਨਕਲਾਬੀ ਸਿੰਡੀਕੇਟਵਾਦ**" — ਇੱਕ ਨਿੱਕ-ਬੁਰਜੂਆ ਅੱਧ-ਅਰਾਜਕਤਾਵਾਦੀ ਰੁਚੀ ਜੋ ਪੱਛਮੀ ਯੂਰਪ ਦੇ ਕਈ ਦੇਸ਼ਾਂ ਦੀ ਮਜ਼ਦੂਰ ਲਹਿਰ ਵਿੱਚ ਉਨ੍ਹੀਵੀਂ ਸਦੀ ਦੇ ਅੰਤ ਵਿੱਚ ਉਭਰੀ ਸੀ।

ਸਿੰਡੀਕੇਟਵਾਦੀ ਇਸ ਗੱਲ ਤੋਂ ਇਨਕਾਰ ਕਰਦੇ ਸਨ ਕਿ ਮਜ਼ਦੂਰ ਜਮਾਤ ਲਈ ਰਾਜਸੀ ਘੋਲ਼ ਤੇ ਪ੍ਰੋਲੇਤਾਰੀ ਡਿਕਟੇਟਰੀ ਸਥਾਪਤ ਕਰਨਾ ਜ਼ਰੂਰੀ ਹੈ ਤੇ ਪਾਰਟੀ ਨੂੰ ਮਜ਼ਦੂਰ ਲਹਿਰ ਦੀ ਅਗਵਾਈ ਕਰਨੀ ਚਾਹੀਦੀ ਹੈ। ਇਹ ਲੋਕ ਸਮਝਦੇ ਸਨ ਕਿ ਇੱਕ ਆਮ ਹੜਤਾਲ਼ ਦੀ ਜਥੇਬੰਦੀ ਰਾਹੀਂ ਟਰੇਡ ਯੂਨੀਅਨਾਂ (ਸਿੰਡੀਕੇਟ) ਬਿਨਾਂ ਇਨਕਲਾਬ ਤੋਂ ਸਰਮਾਏਦਾਰੀ ਦਾ ਤਖ਼ਤਾ ਉਲਟ ਸਕਦੀਆਂ ਹਨ ਤੇ ਪੈਦਾਵਾਰ ਦੀ ਅਗਵਾਈ ਆਪਣੇ ਹੱਥਾਂ ਵਿੱਚ ਲੈ ਸਕਦੀਆਂ ਹਨ।

# ਨਾਮਾਵਲੀ

**ਅ**

**ਆਡਲੇਰ (Adler), ਵਿਕਟਰ** (1852–1918) — ਆਸਟਰੀਆ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਇੱਕ ਜਥੇਬੰਦਕ ਤੇ ਆਗੂ; ਉਹਨੇ ਉਨ੍ਹੀਵੀਂ ਸਦੀ ਦੇ ਨੌਂਵੇਂ ਤੇ ਦਸਵੇਂ ਦਹਾਕਿਆਂ ਵਿੱਚ ਏਂਗਲਜ਼ ਨਾਲ਼ ਸੰਪਰਕ ਰੱਖਿਆ, ਪਰ ਏਂਗਲਜ਼ ਦੀ ਮੌਤ ਤੋਂ ਛੇਤੀ ਹੀ ਪਿੱਛੋਂ ਮੌਕਾਪ੍ਰਸਤੀ ਵੱਲ ਚਲਾ ਗਿਆ।

**ੲ**

**ਏਂਗਲਜ਼ (Engels), ਫ਼੍ਰੈਡਰਿਕ** (1820–1895)

**ਏਪੀਕਿਉਰਸ** (ਪੂਰਵ-ਈਸਾ 341–270) — ਯੂਨਾਨੀ ਪਦਾਰਥਵਾਦੀ ਦਰਸ਼ਨਵੇਤਾ, ਨਾਸਤਕ।

**ਏਵਲਿੰਗ (Aveling), ਐਲੀਨਰ** (1855–1898) — ਬਰਤਾਨਵੀ ਤੇ ਕੌਮਾਂਤਰੀ ਲਹਿਰ ਦੀ ਕਾਰਕੁਨ। ਕਾਰਲ ਮਾਰਕਸ ਦੀ ਸਭ ਤੋਂ ਛੋਟੀ ਧੀ ਤੇ ਐਡਵਰਡ ਏਵਲਿੰਗ ਦੀ ਪਤਨੀ।

**ਸ**

**ਸਟਾਈਨ (Stein), ਲੋਰੇਂਤਸ** (1815–1890) — ਜਰਮਨ ਵਕੀਲ, ਇਤਿਹਾਸਕਾਰ, ਗੰਵਾਰੂ ਅਰਥਵੇਤਾ ਤੇ ਆਪਣੇ ਸੰਸਾਰ ਦ੍ਰਿਸ਼ਟੀਕੋਣ ਵਿੱਚ ਵਿਚਾਰਵਾਦ ਤੇ ਪਦਾਰਥਵਾਦ ਦਾ ਮਿਲਗੋਭਾ।

**ਸਮਿੱਥ (Smith), ਐਡਮ** (1723–1790) — ਅੰਗਰੇਜ਼ ਅਰਥਸ਼ਾਸਤਰੀ, ਕਲਾਸੀਕੀ ਬੁਰਜੂਆ ਰਾਜਸੀ ਆਰਥਕਤਾ ਦਾ ਇੱਕ ਸਭ ਤੋਂ ਮਹਾਨ ਪ੍ਰਤੀਨਿੱਧ।

**ਸ਼ੈਪਰ (Schapper), ਕਾਰਲ** (1812–1870) — ਜਰਮਨ ਤੇ ਕੌਮਾਂਤਰੀ ਮਜ਼ਦੂਰ ਜਮਾਤ ਲਹਿਰ ਦੀ ਸਿਰਕੱਢ ਹਸਤੀ। ਕਮਿਊਨਿਸਟਾਂ ਦੀ ਲੀਗ ਦੀ ਕੇਂਦਰੀ ਕਮੇਟੀ ਦਾ ਮੈਂਬਰ। ਉਹਨੇ 1848–49 ਦੇ ਇਨਕਲਾਬ ਵਿੱਚ ਹਿੱਸਾ ਲਿਆ। 1850 ਵਿੱਚ, ਜਦੋਂ ਲੀਗ ਵਿੱਚ ਫੁੱਟ ਪੈ ਗਈ, ਤੰਗ ਨਜ਼ਰ "ਖੱਬ ਪੱਖੀ" ਗਰੁੱਪ ਦਾ ਆਗੂ। 1856 ਵਿੱਚ ਫੇਰ ਮਾਰਕਸ ਨਾਲ਼ ਸਬੰਧਤ ਰਿਹਾ।

**ਹ**

**ਹਕਸਲੇ (Huxley), ਥਾਮਸ ਹੇਨਰੀ** (1825–1895) — ਅੰਗਰੇਜ਼ ਪ੍ਰਕਿਰਤੀਵਾਦੀ। ਦਰਸ਼ਨ ਵਿੱਚ ਉਹ ਹਿਊਮ ਦਾ ਪੱਖੀ ਅਖਵਾਉਂਦਾ ਸੀ, ਪਰ ਪ੍ਰਕਿਰਤੀ-ਵਿਗਿਆਨ ਦੀਆਂ ਨਿੱਗਰ ਸਮੱਸਿਆਵਾਂ ਨੂੰ ਵਿਚਾਰਨ ਸਮੇਂ ਉਹਦੇ ਵਿਚਾਰ ਪਦਾਰਥਵਾਦੀ ਸਨ।

**ਹਿਊਮ (Hume), ਡੇਵਿਡ** (1711-1776) — ਅੰਗਰੇਜ਼ ਦਰਸ਼ਨਵੇਤਾ, ਅੰਤਰਮੁਖੀ ਵਿਚਾਰਵਾਦੀ, ਅਗਿਆਨਾਸਤਕਵਾਦੀ।

**ਹੀਗਲ (Hegel), ਜਾਰਜ ਵਿਲਹੇਲਮ ਫ਼ਰੀਡਰੀਖ਼** (1770-1831) — ਮਹਾਨ ਜਰਮਨ ਦਰਸ਼ਨਵੇਤਾ, ਬਾਹਰ-ਮੁਖੀ ਵਿਚਾਰਵਾਦੀ। ਹੀਗਲ ਦੀ ਪ੍ਰਾਪਤੀ ਦਵੰਦਵਾਦ ਦੀ ਡੂੰਘੀ ਤੇ ਬਹੁ-ਪੱਖੀ ਰੂਪਰੇਖਾ ਉਲੀਕਣਾ ਸੀ, ਜੋ ਦਵੰਦਵਾਦੀ ਪਦਾਰਥਵਾਦ ਦਾ ਇੱਕ ਸਿਧਾਂਤਕ ਸੋਮਾ ਬਣੀ।

ਮਾਰਕਸ ਅਤੇ ਏਂਗਲਜ਼ ਨੇ ਹੀਗਲ ਦੇ ਦਵੰਦਵਾਦ ਨੂੰ ਆਲੋਚਨਾਤਮਕ ਢੰਗ ਨਾਲ਼ ਸੋਧਿਆ ਜਿਹੜਾ ਬਾਹਰਮੁਖੀ ਸੰਸਾਰ ਅਤੇ ਮਨੁੱਖ ਦੀ ਚੇਤਨੰਤਾ ਦੇ ਵਿਕਾਸ ਦੇ ਆਮ ਨੇਮਾਂ ਨੂੰ ਪ੍ਰਤੀਬਿੰਬਤ ਕਰਦਾ ਹੈ।

**ਹੋਲਯੋਆਕ (Holyoake), ਜਾਰਜ ਜੈਕਬ** (1817-1906) — ਅੰਗਰੇਜ਼ ਸਹਿਕਾਰੀ ਲਹਿਰ ਦੀ ਇੱਕ ਹਸਤੀ, ਸੁਧਾਰਵਾਦੀ।

## ਕ

**ਕਾਂਤ (Kant), ਈਮਾਨੂਏਲ** (1724-1804) — ਜਰਮਨ ਦਰਸ਼ਨਵੇਤਾ, ਜਰਮਨ ਕਲਾਸੀਕੀ ਵਿਚਾਰਵਾਦ ਦਾ ਮੋਢੀ। ਕਾਂਤ ਦੇ ਗਿਆਨ ਦੇ ਸਿਧਾਂਤ ਦੀ ਵਿਸ਼ੇਸ਼ਤਾ ਪਦਾਰਥਵਾਦ ਦੇ ਵਿਚਾਰਵਾਦ ਦੇ ਅੰਸ਼ਾਂ ਦਾ ਜੋੜ ਹੈ।

**ਕੁਗੇਲਮਾਨ (Kugelmann), ਲੁਡਵਿਗ** (1830-1902) — ਜਰਮਨ ਸੋਸ਼ਲ-ਡੈਮੋਕਰੈਟ, ਕਾਰਲ ਮਾਰਕਸ ਦਾ ਦੋਸਤ। ਉਹਨੇ ਜਰਮਨੀ ਦੇ 1848-49 ਦੇ ਇਨਕਲਾਬ ਵਿੱਚ ਹਿਸਾ ਲਿਆ। 1862-74 ਵਿੱਚ ਮਾਰਕਸ ਨਾਲ਼ ਚਿੱਠੀ-ਪੱਤਰ ਕਰਦਾ ਰਿਹਾ ਤੇ ਉਹਨੂੰ ਜਰਮਨੀ ਦੀਆਂ ਘਟਨਾਵਾਂ ਤੋਂ ਸੂਚਿਤ ਕਰਦਾ ਰਿਹਾ।

## ਗ

**ਗੀਜ਼ੋ (Guizot), ਫ਼ਰਾਂਸੂਆ** (1787-1874) — ਫ਼ਰਾਂਸੀਸੀ ਬੁਰਜੂਆ ਇਤਿਹਾਸਕਾਰ ਤੇ ਨੀਤੀਵਾਨ; ਉਹਨੇ ਵੱਡੀ ਵਿੱਤ-ਬੁਰਜੂਆਜ਼ੀ ਦੇ ਹਿੱਤਾਂ ਦੀ ਪ੍ਰਤੀਨਿੱਧਤਾ ਕੀਤੀ।

**ਗੇਦ (Guesde), ਜੂਲ** (1845-1922) — ਫ਼ਰਾਂਸੀਸੀ ਸੋਸ਼ਲਿਸਟ ਲਹਿਰ ਤੇ "ਦੂਜੀ ਇੰਟਰਨੈਸ਼ਨਲ" ਦਾ ਇੱਕ ਜੱਥੇਬੰਦਕ ਤੇ ਆਗੂ।

## ਜ

**ਜਾਸੂਲਿਚ, ਵੇਰਾ ਈਵਾਨੋਵਨਾ** (1849-1919) — ਰੂਸ ਵਿੱਚ ਨਰੋਦਵਾਦੀ ਤੇ ਪਿੱਛੋ ਸੋਸ਼ਲ-ਡੈਮੋਕਰੈਟਕ ਲਹਿਰ ਵਿੱਚ ਸਰਗਰਮੀ ਨਾਲ਼ ਹਿਸਾ ਲੈਣ ਵਾਲ਼ੀ ਹਸਤੀ। ਮਗਰੋਂ ਮੈਨਸ਼ਵਿਕ ਬਣਿਆ।

**ਜ਼ੋਰਗੇ (Sorge), ਫ਼ਰੀਡਰੀਖ** (1828-1906) — ਜਰਮਨ ਸੋਸ਼ਲਿਸਟ, ਅਮਰੀਕਨ ਤੇ ਸੰਸਾਰ ਮਜ਼ਦੂਰ ਜਮਾਤ ਤੇ ਸੋਸ਼ਲਿਸਟ ਲਹਿਰ ਵਿੱਚ ਸਰਗਰਮੀ ਨਾਲ਼ ਹਿੱਸਾ ਲੈਣ ਵਾਲ਼ੀ ਹਸਤੀ। ਮਾਰਕਸ ਤੇ ਏਂਗਲਜ਼ ਦਾ ਮਿੱਤਰ ਤੇ ਸਹਿਕਾਰ।

**ਜੋਰੇਸ (JaurËs), ਜਾਨ** (1859-1914) — ਫ਼ਰਾਂਸੀਸੀ ਤੇ ਕੌਮਾਂਤਰੀ ਸੋਸ਼ਲਿਸਟ ਲਹਿਰ

ਦੀ ਇੱਕ ਸਿਰਕੱਢ ਹਸਤੀ, "LíHumanitÈ" ਦਾ ਮੋਢੀ ਤੇ ਮੁੱਖ ਸੰਪਾਦਕ। ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਸੁਧਾਰਵਾਦੀ ਸੱਜੇ ਪੱਖ ਦਾ ਆਗੂ। ਲਸ਼ਕਰਸ਼ਾਹੀ ਵਿਰੁੱਧ ਸਰਗਰਮ ਸੰਗਰਾਮੀਆ। ਪਹਿਲੀ ਸੰਸਾਰ ਜੰਗ ਦੇ ਪੂਰਵ-ਸਮੇਂ ਲਸ਼ਕਰਸ਼ਾਹਾਂ ਵੱਲੋਂ ਭਾੜੇ 'ਤੇ ਕੀਤੇ ਇੱਕ ਕਾਤਲ ਹੱਥੋਂ ਮਾਰ ਦਿੱਤਾ ਗਿਆ।

**ਡ**

**ਡੂਹਰਿੰਗ (D¸hring), ਓਏਗਿਨ** (1833-1921) — ਜਰਮਨ ਦਰਸ਼ਨਵੇਤਾ ਤੇ ਅਰਥਸ਼ਾਸਤਰੀ। ਉਹਦੇ ਦਾਰਸ਼ਨਿਕ ਵਿਚਾਰ ਨਿਸਚੇਵਾਦ, ਅਧਿਆਤਮਵਾਦ, ਪਦਾਰਥਵਾਦ ਤੇ ਵਿਚਾਰਵਾਦ ਦਾ ਚੰਗਾ ਜੋੜ ਸਨ।

**ਥ**

**ਥੀਏਰ (Thiers), ਅਡੋਲ਼ਫ** (1797-1877) — ਫ਼ਰਾਂਸੀਸੀ ਬੁਰਜੂਆ ਇਤਿਹਾਸਕਾਰ ਤੇ ਨੀਤੀਵਾਨ, ਪੈਰਿਸ ਕਮਿਊਨ ਦਾ ਕਾਤਲ।

**ਥੀਏਰੀ (Thierry), ਔਗੁਸਤੀਨ** (1795-1856) — ਪੁਨਰ-ਸਥਾਪਤੀ ਦੇ ਯੁੱਗ ਦਾ ਫ਼ਰਾਂਸੀਸੀ ਬੁਰਜੂਆ ਇਤਿਹਾਸਕਾਰ। ਆਪਣੀਆਂ ਪੁਸਤਕਾਂ ਵਿੱਚ ਉਹ ਇਤਿਹਾਸ ਵਿੱਚ ਜਮਾਤੀ ਘੋਲ਼ ਦੇ ਰੋਲ਼ ਦਾ ਵਰਣਨ ਕਰਦਾ ਹੈ।

**ਪ**

**ਪਰੂਧੋਂ (Proudhon), ਪੀਏਰ ਜੋਜ਼ਫ** (1809-1865) — ਫ਼ਰਾਂਸੀਸੀ ਪੱਤਰਕਾਰ, ਅਰਥਸ਼ਾਸਤਰੀ ਤੇ ਸਮਾਜ ਵਿਗਿਆਨੀ, ਨਿੱਕ-ਬੁਰਜੂਆਜ਼ੀ ਦਾ ਵਿਚਾਰਵੇਤਾ ਮਾਹਿਰ ਤੇ ਅਰਾਜਕਤਾਵਾਦ ਦਾ ਇੱਕ ਮੋਢੀ।

**ਪਲੈਖਾਨੋਵ, ਗੇਓਰਗੀ ਵਾਲੇਨਤੀਨੋਵਿਚ** (1856-1918) — ਰੂਸੀ ਤੇ ਸੰਸਾਰ ਮਜ਼ਦੂਰ ਜਮਾਤ ਲਹਿਰ ਦੀ ਸਿਰਕੱਢ ਹਸਤੀ; ਰੂਸ ਵਿੱਚ ਮਾਰਕਸਵਾਦ ਦਾ ਇੱਕ ਸਭ ਤੋਂ ਪਹਿਲਾ ਪ੍ਰਚਾਰਕ।

ਦੂਜੀ ਪਾਰਟੀ ਕਾਂਗਰਸ ਤੋਂ ਪਿੱਛੋਂ (1903) ਉਹਨੇ ਮੌਕਾ-ਪ੍ਰਸਤੀ ਨਾਲ਼ ਸੁਲਾਹ-ਸਫ਼ਾਈ ਦੀ ਪ੍ਰੋੜ੍ਹਤਾ ਕੀਤੀ ਤੇ ਫੇਰ ਉਹ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਿਆ।

ਅਕਤੂਬਰ ਇਨਕਲਾਬ ਵੱਲ ਉਹਦਾ ਵਤੀਰਾ ਨਾ-ਪੱਖੀ ਸੀ, ਪਰ ਉਹਨੇ ਸੋਵੀਅਤ ਸੱਤਾਂ ਵਿਰੁੱਧ ਘੋਲ਼ ਵਿੱਚ ਹਿੱਸਾ ਨਾ ਲਿਆ।

**ਫ**

**ਫਿਊਰਬਾਖ (Feuerbach), ਲੁਡਵਿਗ** (1804-1872) — ਜਰਮਨ ਦਰਸ਼ਨਵੇਤਾ, ਪਦਾਰਥਵਾਦੀ ਤੇ ਨਾਸਤਕ; ਭਾਵੇਂ ਉਹਦਾ ਪਦਾਰਥਵਾਦ ਸੀਮਿਤ ਤੇ ਕਲਪਿਤ ਖਾਸੇ ਵਾਲ਼ਾ ਸੀ, ਉਹ ਮਾਰਕਸਵਾਦੀ ਦਰਸ਼ਨ ਦੇ ਇੱਕ ਸਿਧਾਂਤਕ ਸੋਮੇ ਦੇ ਤੌਰ 'ਤੇ ਕੰਮ ਆਇਆ।

**ਫ਼ੋਗਟ (Vogt), ਕਾਰਲ** (1817-1895) — ਜਰਮਨ ਪ੍ਰਕਿਰਤੀਵਾਦੀ, ਗੰਵਾਰੂ ਪਦਾਰਥਵਾਦੀ, ਨਿੱਕ-ਬੁਰਜੂਆ ਜਮਹੂਰੀਅਤ ਪਸੰਦ। ਪ੍ਰੋਲੇਤਾਰੀ ਇਨਕਲਾਬੀਆਂ 'ਤੇ ਅੰਨ੍ਹੇ ਵਾਹ ਊਜਾਂ ਲਾਉਣ ਵਾਲ਼ੇ ਸਰਗਰਮ ਲੋਕਾਂ ਵਿੱਚੋਂ ਇੱਕ।

## ਬ

**ਬੇਰਕਲੇ (Berkeley), ਜਾਰਜ** (1685–1753) ਅੰਗਰੇਜ਼ ਦਰਸ਼ਨਵੇਤਾ, ਅੰਤਮਮੁਖੀ ਵਿਚਾਰਵਾਦੀ ਬੇਕਲੇ ਦਾ ਦਰਸ਼ਨ ਬੁਰਜੂਆ ਦਰਸ਼ਨ ਦੀਆਂ ਕਈ ਪ੍ਰਵਿਰਤੀਆਂ ਦਾ ਇੱਕ ਸਿਧਾਂਤਕ ਸੋਮਾਂ ਬਣਿਆਂ।

**ਬਰਨਸ਼ਟਾਈਨ (Bernstein), ਐਡੁਆਰਡ** (1850–1932) — ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਤੇ "ਦੂਜੀ ਇੰਟਰਨੈਸ਼ਨਲ" ਦੇ ਅਤਿ ਮੌਕਾ-ਪ੍ਰਸਤ ਪੱਖ ਦਾ ਆਗੂ, ਸੁਧਾਰਵਾਦ ਦਾ ਸਿਧਾਂਤਕਾਰ।

**ਬਰੂਕੇਰ (BrouckËre), ਲੂਈ ਦੇ** (ਜਨਮ : 1870) — ਬੇਲਜੀਅਨ ਮਜ਼ਦੂਰ ਪਾਰਟੀ ਦਾ ਇੱਕ ਆਗੂ ਤੇ ਸਿਧਾਂਤਕਾਰ। ਪਹਿਲੀ ਸੰਸਾਰ ਜੰਗ ਤੋਂ ਪਹਿਲੋਂ ਉਹਦੇ ਖੱਬੇ-ਪੱਖ ਦਾ ਮੁਖੀ।

**ਬਾਕੂਨਿਨ, ਮਿਖਾਇਲ ਅਲੇਕਸਾਂਦਰੋਵਿਚ** (1814–1876) — ਰੂਸੀ ਇਨਕਲਾਬੀ ਲਹਿਰ ਦਾ ਕਾਰਕੁਨ, ਅਰਾਜਕਤਾਵਾਦ ਦਾ ਵਿਚਾਰਵੇਤਾ। 1848–1849 ਦੇ ਜਰਮਨ ਇਨਕਲਾਬ ਵਿੱਚ ਸਰਗਰਮ ਹਿੱਸਾ ਲਿਆ, ਪਹਿਲੀ 'ਇੰਟਰਨੈਸ਼ਨਲ' ਦਾ ਮੈਂਬਰ, ਜਿਸ ਵਿੱਚ ਉਹ ਮਾਰਕਸ ਤੇ ਏਂਗਲਜ਼ ਦੇ ਖ਼ਿਲਾਫ਼ ਫੁੱਟਪਾਊ ਸਰਗਰਮੀਆਂ ਕਰਨ ਅਤੇ ਕੌਮਾਂਤਰੀ ਮਜ਼ਦੂਰ ਲਹਿਰ ਦੀ ਅਗਵਾਈ ਆਪਣੇ ਹੱਥਾਂ ਵਿੱਚ ਲੈਣ ਦੀ ਕੋਸ਼ਿਸ਼ ਕਰਨ ਵਾਲ਼ਾ ਸੀ। 1872 ਵਿੱਚ ਆਪਣੀ ਫੁੱਟਪਾਊ ਸਰਗਰਮੀ ਕਾਰਨ ਇੰਟਰਨੈਸ਼ਨਲ ਵਿੱਚੋਂ ਕੱਢ ਦਿੱਤਾ ਗਿਆ।

**ਬਾਜ਼ਾਰੋਵ, (ਰੂਦਨੇਵ, ਵਲਾਦੀਮੀਰ ਅਲੇਕਸਾਂਤਰੋਵਿਚ)** (1874–1939) — ਰੂਸੀ ਸੋਸ਼ਲ-ਡੈਮੋਕਰੈਟ, ਅਰਥਸ਼ਾਸਤਰੀ ਅਤੇ ਦਰਸ਼ਨਵੇਤਾ। ਉਹ ਮਾਰਕਸਵਾਦੀ ਦਰਸ਼ਨ ਨੂੰ ਵਿਚਾਰਵਾਦੀ ਪੁਜ਼ੀਸ਼ਨ ਤੋਂ ਸੋਧਣ ਵਾਲ਼ਿਆਂ ਵਿੱਚੋਂ ਇੱਕ ਸੀ। ਲੈਨਿਨ ਨੇ ਉਸ ਨੂੰ ਅਤੇ ਏ. ਬਗਦਾਨੋਵ ਨੂੰ "ਨਵ-ਹਿਊਮਵਾਦੀ ਅਤੇ ਨਵ-ਬੇਰਕਲੇਵਾਦੀ ਸੋਧਵਾਦੀ" ਆਖਿਆ ਕਿਉਂਕਿ ਦਰਸ਼ਨ ਵਿੱਚ ਉਹਨਾਂ ਦੇ ਵਿਚਾਰ ਅਸਲ ਵਿੱਚ 18ਵੀਂ ਸਦੀ ਦੇ ਅੰਗਰੇਜ਼ ਦਰਸ਼ਨਵੇਤਾਵਾਂ ਬੇਰਕਲੇ ਅਤੇ ਹੂਮ ਦੇ ਵਿਚਾਰਵਾਦ ਨੂੰ ਪੁਨਰ-ਸੁਰਜੀਤ ਕਰਦੇ ਸਨ।

**ਬਾਵੇਰ (Bauer), ਏਡਗਾਰ** (1820–1886) — ਜਰਮਨ ਪੱਤਰਕਾਰ, ਨੌਜਵਾਨ ਹੀਗਲੀਅਨ, ਬਰੂਨੋ ਬਾਵੇਰ ਦਾ ਭਰਾ।

**ਬਾਵੇਰ (Bauer), ਬਰੂਨੋ** (1809–1882) — ਜਰਮਨ ਵਿਚਾਰਵਾਦੀ ਦਰਸ਼ਨਵੇਤਾ, ਸਿਰਕੱਢ ਨੌਜਵਾਨ ਹੀਗਲੀਅਨ। ਉਹਦੇ ਵਿਚਾਰਵਾਦੀ ਵਿਚਾਰਾਂ ਦੀ ਮਾਰਕਸ ਤੇ ਏਂਗਲਜ਼ ਦੀਆਂ ਲਿਖਤਾਂ "ਪਵਿੱਤਰ ਪਰਿਵਾਰ ਜਾਂ ਆਲੋਚਨਾਤਮਕ ਆਲੋਚਨਾ ਦੀ ਆਲੋਚਨਾ" (1844) ਤੇ "ਜਰਮਨ ਵਿਚਾਰਧਾਰਾ" (1845–1846) ਵਿੱਚ ਆਲੋਚਨਾ ਕੀਤੀ ਗਈ ਹੈ।

**ਬਿਸਮਾਰਕ (Bismarck), ਓਟੋ** (1815–1898) — ਪਰੂਸ਼ੀਅਨ (ਤੇ ਪਿੱਛੋਂ ਜਰਮਨ) ਰਾਜਦੂਤਕ ਅਧਿਕਾਰੀ ਤੇ ਨੀਤੀਵਾਨ। ਉਸ ਨੇ ਪਰੂਸ਼ੀਆ ਦੀ ਅਗਵਾਈ ਹੇਠਾਂ ਜਰਮਨ ਸ਼ਹਿਨਸ਼ਾਹੀ ਨੂੰ ਇੱਕਮੁਠ ਕੀਤਾ। ਜਨਵਰੀ 1871 ਵਿੱਚ ਉਹ ਜਰਮਨੀ ਦਾ ਪ੍ਰਧਾਨ ਮੰਤਰੀ ਬਣਿਆ ਅਤੇ 20 ਸਾਲਾਂ ਦਾ ਸਮਾਂ ਜਰਮਨੀ ਦੀ ਘਰੇਲੂ ਅਤੇ ਵਿਦੇਸ਼ ਨੀਤੀ ਦਾ ਇੰਚਾਰਜ

ਰਿਹਾ।

1888 ਵਿੱਚ ਉਸ ਨੇ ਸੋਸ਼ਲਿਸਟਾਂ ਦੇ ਖ਼ਿਲਾਫ਼ ਅਸਾਧਾਰਨ ਕਾਨੂੰਨ ਜਾਰੀ ਕੀਤਾ, ਪਰ ਮਜ਼ਦੂਰ ਲਹਿਰ ਦੀ ਸੰਘੀ ਘੋਪਣ ਦੇ ਉਸ ਦੇ ਯਤਨ ਅਸਫਲ ਰਹੇ। 1890 ਵਿੱਚ ਅਸਾਧਾਰਨ ਕਾਨੂੰਨ ਮਨਸੂਖ ਕਰ ਦਿੱਤਾ ਅਤੇ ਉਸ ਨੇ ਅਸਤੀਫਾ ਦੇ ਦਿੱਤਾ।

**ਬੂਖਨੇਰ (B¸chner), ਫਰੀਡਰਿਖ ਕਾਰਲ ਕ੍ਰਿਸਟਾਈਨ ਲੁਡਵਿਗ** (1824-1899) — ਜਰਮਨ ਦਰਸ਼ਨਵੇਤਾ, ਗੰਵਾਰੂ ਪਦਾਰਥਵਾਦ ਦੇ ਮੁਖ ਪ੍ਰਤੀਨਿੱਧਾਂ ਵਿੱਚੋਂ ਇੱਕ।

**ਬੋਹਮ-ਬਾਵੇਰਕ (B^hm-Bawerk), ਯੂਜੇਨ** (1851-1914) — ਬੁਰਜੂਆ ਅਰਥਸ਼ਾਸਤਰੀ, ਰਾਜਸੀ ਆਰਥਕਤਾ ਦੇ ਅਖੌਤੀ ਆਸਟਰੀਅਨ ਸਕੂਲ ਦਾ ਪ੍ਰਤੀਨਿੱਧ।

**ਬੋਗਦਾਨੋਵ, ਅਲੇਕਸਾਂਦਰ ਅਲੇਕਸਾਂਦਰੋਵਿਚ** (1873-1928) — ਰੂਸੀ ਸੋਸ਼ਲ-ਡੈਮੋਕਰੈਟ, ਦਰਸ਼ਨਵੇਤਾ, ਸਮਾਜ-ਵਿਗਿਆਨੀ ਤੇ ਅਰਥਸ਼ਾਸਤਰੀ। ਉਹਨੇ ਅਨੁਭਵ-ਸਿਧ-ਇੱਕਵਾਦ (ਝੂਠੀ ਮਾਰਕਸਵਾਦੀ ਲੱਫ਼ਾਜ਼ੀ ਨਾਲ਼ ਕੱਜੇ ਅੰਤਰ-ਮੁਖੀ, ਵਿਚਾਰਵਾਦੀ ਮਾਖੀ ਦਰਸ਼ਨ ਦਾ ਇੱਕ ਬਦਲ) ਦੀ ਆਪਣੀ ਪ੍ਰਣਾਲੀ ਰਚਣ ਦੀ ਕੋਸ਼ਿਸ਼ ਕੀਤੀ।

**ਮ**

**ਮਾਖ਼ (Mach), ਅਰਨੈਸਟ** (1838-1916) — ਆਸਟਰੀਅਨ ਭੌਤਿਕਵਾਦੀ ਤੇ ਦਰਸ਼ਨਵੇਤਾ, ਅੰਤਰਮੁਖੀ ਵਿਚਾਰਵਾਦੀ, ਲੈਨਿਨ ਨੇ ਆਪਣੀ ਪੁਸਤਕ "ਪਦਾਰਥਵਾਦ ਅਤੇ ਅਨੁਭਤਾਤਮਕ ਆਲੋਚਨਾ" ਵਿੱਚ ਉਸ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਉਸ ਦੀ ਸਰਬਪੱਖੀ ਆਲੋਚਨਾ ਕੀਤੀ।

**ਮਾਜ਼ਿਨੀ (Mazzini), ਜਿਊਜ਼ੇਪੇ** (1805-1872) — ਪ੍ਰਮੁੱਖ ਅਤਾਲਵੀ ਇਨਕਲਾਬੀ, ਬੁਰਜੂਆ-ਡੈਮੋਕਰੈਟ, ਅਤਾਲਵੀ ਕੌਮੀ ਸੁਤੰਤਰਤਾ ਲਹਿਰ ਦਾ ਇੱਕ ਆਗੂ। ਉਸ ਨੇ "ਹੇਠਾਂ ਤੋਂ" ਇਟਲੀ ਦੀ ਇੱਕ ਸੁਤੰਤਰ ਬੁਰਜੂਆ ਗਣਰਾਜ ਦੇ ਰੂਪ ਵਿੱਚ ਏਕਤਾ ਦਾ ਪ੍ਰੋਗਰਾਮ ਪੇਸ਼ ਕੀਤਾ। ਉਹ ਸਮਝਦਾ ਸੀ ਕਿ ਘੋਲ਼ ਦਾ ਮੁਖ ਢੰਗ ਬਗਾਵਤ ਹੈ। ਉਸ ਨੇ ਇੱਕ ਯੂਟੋਪੀਆਈ ਨਿੱਕ-ਬੁਰਜੂਆ ਯੋਜਨਾ — ਕਿਰਤ ਅਤੇ ਪੂੰਜੀ ਦਾ ਸਹਿਯੋਗ — ਨਾਲ਼ ਮਜ਼ਦੂਰ ਮਸਲੇ ਦੇ ਹੱਲ ਦਾ ਪ੍ਰਚਾਰ ਕੀਤਾ।

**ਮਾਰਕਸ (Marx), ਹੈਨਰੀ** (1782-1838) — ਕਾਰਲ ਮਾਰਕਸ ਦੇ ਪਿਤਾ, ਐਡਵੋਕੇਟ, ਪਿੱਛੋਂ ਤਰੀਅਰ ਵਿੱਚ ਸਲਾਹਕਾਰ ਜਸਟਿਸ; ਉਦਾਰਵਾਦੀ ਵਿਚਾਰਾਂ ਦੇ ਧਾਰਨੀ।

**ਮਾਰਕਸ (Marx), ਕਾਰਲ** (1818-1883)

**ਮਾਰਕਸ (ਵਿਆਹੋਂ ਪਹਿਲਾਂ ਨਾਂ ਫ਼ਾਨ ਵੈਸਟਫਾਲੇਨ) (Marx; von Westphalen), ਜੈਨੀ,** (1814-1881) — ਕਾਰਲ ਮਾਰਕਸ ਦੀ ਪਤਨੀ; ਉਹਦੀ ਵਫਾਦਾਰ ਦੋਸਤ ਤੇ ਸਹਾਇਕ।

**ਮਿਨਿਏ (Mignet), ਫ਼ਰਾਂਸੂਆ-ਅਗਯੂਸਟ** (1796-1884) — ਉਦਾਰਵਾਦੀ ਰੁਚੀ ਵਾਲਾ ਫ਼ਰਾਂਸੀਸੀ ਬੁਰਜੂਆ ਇਤਿਹਾਸਕਾਰ।

**ਮਿਲੇਰਾਂਦ (Millerand), ਏਟਿਐਨ-ਅਲੇਕਸਾਂਦਰ** (1859-1943) — ਫ਼ਰਾਂਸੀਸੀ

ਨੀਤੀਵਾਨ; ਦਸਵੇਂ ਦਹਾਕੇ ਵਿੱਚ ਉਹਨੇ ਸੋਸ਼ਲਿਸਟਾਂ ਦਾ ਪੱਖ ਪੂਰਿਆਂ ਤੇ ਫ਼ਰਾਂਸੀਸੀ ਸੋਸ਼ਲਿਸਟ ਲਹਿਰ ਵਿੱਚ ਮੌਕਾਪ੍ਰਸਤ ਰੁਚੀ ਦਾ ਆਗੂ। 1899 ਵਿੱਚ ਉਹ ਪਿਛਾਂਹਖਿਚੂ ਬੁਰਜੂਆ ਹਕੂਮਤ ਦਾ ਮੰਤਰੀ ਬਣਿਆ।

**ਮੂਲਬਰਗਰ (M¸lberger), ਆਰਟੂਰ** (1847–1907) — ਜਰਮਨ ਨਿੱਕ-ਬੁਰਜੂਆ ਪੱਤਰਕਾਰ, ਪਰੂਧੋਂਵਾਦੀ, ਮਾਰਕਸਵਾਦ ਦੀ ਆਲੋਚਨਾ ਕੀਤੀ।

**ਮੋਸਟ (Most), ਯੋਹਨ** (1846–1906) — ਜਰਮਨ ਸੋਸ਼ਲ-ਡੈਮੋਕਰੈਟ, ਪਿੱਛੋਂ ਅਰਾਜਕਤਾਵਾਦੀ। 1878 ਵਿੱਚ ਸੋਸ਼ਲਿਸਟ-ਵਿਰੋਧੀ ਕਾਨੂੰਨ ਦੇ ਲਾਗੂ ਕੀਤੇ ਜਾਣ ਤੋਂ ਪਿੱਛੋਂ ਲੰਦਨ ਆ ਗਿਆ ਤੇ 1882 ਵਿੱਚ ਅਮਰੀਕਾ ਚਲਾ ਗਿਆ, ਜਿੱਥੇ ਉਹਨੇ ਅਰਾਜਕਤਾਵਾਦ ਦਾ ਪ੍ਰਚਾਰ ਜਾਰੀ ਰੱਖਿਆ।

**ਮੋਲੇਸ਼ੋਟ (Moleschott), ਜੈਕੋਬ** (1822–1893) — ਸਰੀਰ-ਵਿਗਿਆਨੀ; ਗੰਵਾਰੂ ਪਦਾਰਥਵਾਦ ਦਾ ਇੱਕ ਮੁੱਖ ਪ੍ਰਤੀਨਿੱਧ।

## ਰ

**ਰਾਡਬਰਟਸ-ਯਾਗੇਤਸਾਊ, (Rodbertus-Jagetzow), ਯੋਹਾਨ ਕਾਰਲ** (1805–1875) — ਜਰਮਨ ਗੰਵਾਰੂ ਅਰਥਸ਼ਾਸਤਰੀ।

**ਰੀਕਾਰਡੋ (Ricardo), ਡੇਵਿਡ** (1772–1823) — ਅੰਗਰੇਜ਼ ਅਰਥਸ਼ਾਸਤਰੀ, ਕਲਾਸੀਕੀ ਬੁਰਜੂਆ ਰਾਜਸੀ ਆਰਥਕਤਾ ਦਾ ਇੱਕ ਸਭ ਤੋਂ ਸਿਰਕੱਢ ਪ੍ਰਤੀਨਿੱਧ।

**ਰੂਗੇ (Ruge), ਆਰਨੋਲਡ** (1802–1880) — ਜਰਮਨ ਪੱਤਰਕਾਰ, ਨੌਜਵਾਨ ਹੀਗੇਲੀਅਨ।

## ਲ

**ਲਾਸਾਲ (Lassale), ਫ਼ਰਡੀਨੈਂਡ** (1825–1864) — ਜਰਮਨ ਨਿੱਕ-ਬੁਰਜੂਆ ਸੋਸ਼ਲਿਸਟ; ਜਰਮਨ ਮਜ਼ਦੂਰਾਂ ਦੀ ਆਮ ਸੰਸਥਾ (1863) ਦਾ ਇੱਕ ਜਥੇਬੰਦਕ; ਇਸ ਸੰਸਥਾ ਨੇ ਮਜ਼ਦੂਰ ਜਮਾਤ ਲਹਿਰ ਉੱਤੇ ਲਾਹੇਵੰਦਾ ਅਸਰ ਪਾਇਆ। ਪਰ, ਲਾਸਾਲ ਨੇ, ਜੋ ਇਹਦਾ ਪ੍ਰਧਾਨ ਚੁਣਿਆ ਗਿਆ, ਉਹਨੂੰ ਮੌਕਾਪ੍ਰਸਤੀ ਦੇ ਰਾਹ ਉੱਤੇ ਪਾ ਦਿੱਤਾ।

**ਲਾਗਰਡੇਲ (Lagardelle), ਯੂਬੇਰ** (1874–1958) — ਫ਼ਰਾਂਸੀਸੀ ਨਿੱਕ-ਬੁਰਜੂਆ ਰਾਜਸੀ ਆਗੂ, ਅਰਾਜਕੀ-ਸਿੰਡੀਕਲਵਾਦੀ। ਫ਼ਰਾਂਸ ਵਿੱਚ ਅਰਾਜਕੀ-ਸਿੰਡੀਕਲਵਾਦ ਦੇ ਇਤਿਹਾਸ ਬਾਰੇ ਕਈ ਕਿਰਤਾਂ ਦਾ ਕਰਤਾ।

**ਲਾਂਗੇ (Longuet), ਜਾਨ** (1876–1938) — ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਅਤੇ ਦੂਜੀ ਇੰਟਰਨੈਸ਼ਨਲ ਦੇ ਆਗੂਆਂ ਵਿੱਚੋਂ ਇੱਕ, ਪੱਤਰਕਾਰ। ਜੈਨੀ ਮਾਰਕਸ ਦਾ ਪੁੱਤਰ।

**ਲਾਂਗੇ (Longuet), ਜੈਨੀ** (1844–1883) — ਸੰਸਾਰ ਮਜ਼ਦੂਰ-ਜਮਾਤ ਲਹਿਰ ਦੀ ਕਾਰਕੁਨ, ਮਾਰਕਸ ਦੀ ਵੱਡੀ ਧੀ, ਫ਼ਰਾਂਸੀਸੀ ਮਜ਼ਦੂਰ ਲਹਿਰ ਦੇ ਸਿਰਕੱਢ ਆਗੂ ਸ਼ਾਰਲੇ ਲਾਂਗੇ ਦੀ ਪਤਨੀ।

**ਲਾਫ਼ਾਰਗ (Lafargue), ਲੌਰਾ** (1845–1911) — ਫ਼ਰਾਂਸੀਸੀ ਮਜ਼ਦੂਰ ਜਮਾਤ ਲਹਿਰ

ਦੀ ਕਾਰਕੁਨ, ਮਾਰਕਸ ਦੀ ਧੀ ਤੇ ਪਾਲ ਲਾਫ਼ਾਰਗ ਦੀ ਪਤਨੀ।

**ਲਾਬਰੀਓਲਾ (Labriola), ਆਰਤੂਰੋ** (1873–1959) — ਅਤਾਲਵੀ ਸਿਆਸਤਦਾਨ, ਕਾਨੂੰਨਦਾਨ ਤੇ ਅਰਥਸ਼ਾਤਰੀ; ਇਟਲੀ ਵਿੱਚ ਸਿੰਡੀਕਲਵਾਦੀ ਲਹਿਰ ਦਾ ਇੱਕ ਆਗੂ; ਸਿੰਡੀਕਲਵਾਦ ਦੇ ਸਿਧਾਂਤ ਸਬੰਧੀ ਕਿਤਾਬਾਂ ਦਾ ਕਰਤਾ। ਇਹਨਾਂ ਕਿਤਾਬਾਂ ਵਿੱਚ ਉਹਨੇ ਅਖੌਤੀ ਇਨਕਲਾਬੀ ਸਿੰਡੀਕਲਵਾਦ ਦੇ ਆਪਣੇ ਪ੍ਰੋਗਰਾਮ ਨੂੰ ਮਾਰਕਸਵਾਦ ਦੀ ਸੋਧ ਕਰਦਿਆਂ, ਮਾਰਕਸਵਾਦ ਨਾਲ਼ ਅਨੁਕੂਲਣ ਦੀ ਕੋਸ਼ਿਸ਼ ਕੀਤੀ।

**ਲੀਬਕਨੇਖਤ (Liebknecht), ਵਿਲਹੇਲਮ** (1826–1900) — ਜਰਮਨ ਤੇ ਸੰਸਾਰ ਮਜ਼ਦੂਰ-ਜਮਾਤ ਲਹਿਰ ਦੀ ਸਿਰਕੱਢ ਹਸਤੀ, ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਇੱਕ ਮੋਢੀ ਤੇ ਆਗੂ। ਉਹ ਪਹਿਲੀ ਇੰਟਰਨੈਸ਼ਨਲ ਦੇ ਕੰਮ ਤੇ ਦੂਜੀ ਇੰਟਰਨੈਸ਼ਨਲ ਦੀ ਜੱਥੇਬੰਦੀ ਵਿੱਚ ਸਰਗਰਮ ਰਿਹਾ।

**ਵ**

**ਵਾਂਡਰਵੇਲਡੇ (Vanderwelde), ਐਮੀਲ** (1866–1938) — ਬੇਲਜੀਅਨ ਮਜ਼ਦੂਰ ਪਾਰਟੀ ਦਾ ਆਗੂ, ਦੂਜੀ ਇੰਟਰਨੈਸ਼ਨਲ ਦੇ ਕੌਮਾਂਤਰੀ ਸੋਸ਼ਲਿਸਟ ਬਿਊਰੋ ਦਾ ਪ੍ਰਧਾਨ, ਅਤਿ ਮੌਕਾਪ੍ਰਸਤ ਵਿਚਾਰਾਂ ਦਾ ਧਾਰਨੀ।

**ਵਿਲਿਖ (Willich), ਅਵਗੁਸਟ** (1810–1878) — ਪਰੂਸ਼ੀਅਨ ਅਫ਼ਸਰ, ਕਮਿਊਨਿਸਟਾਂ ਦੀ ਲੀਗ ਦਾ ਮੈਂਬਰ। ਉਸ ਤੰਗਨਜ਼ਰ ਮਾਅਰਕੇਬਾਜ਼ ਗੁੱਟ ਦਾ ਆਗੂ, ਜੋ 1850 ਵਿੱਚ ਲੀਗ ਤੋਂ ਵੱਖ ਹੋ ਗਿਆ।

**ਵੈਸਟਫਾਲੇਨ (Westphalen), ਫ਼ਰਡੀਨੈਂਡ ਓਟੋ ਵੀਲਹੇਲਮ** (1799–1876) — ਪਿਛਾਂਹਖਿਚੂ ਪਰੂਸ਼ੀਅਨ ਰਾਜਨੇਤਾ, ਪਰੂਸ਼ੀਅਨ ਜਾਗੀਰਦਾਰਾ ਰਈਸਸ਼ਾਹੀ ਦਾ ਇੱਕ ਪ੍ਰਤੀਨਿੱਧ। ਕਾਰਲ ਮਾਰਕਸ ਦੀ ਪਤਨੀ ਜੈਨੀ ਵੇਸਟਫ਼ਾਲੇਨ ਦਾ ਭਰਾ। 1850–1858 ਤੱਕ ਪਰੂਸ਼ੀਆ ਦਾ ਗ੍ਰਹਿ-ਮੰਤਰੀ ਰਿਹਾ।

**'ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ'** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਪੂੰਜੀਪਤੀ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ 'ਤੇ ਅੱਗੇ ਵੱਧ ਰਿਹਾ ਹੈ।

ਮਾਰਕਸ ਤੇ ਏਂਗਲਜ਼ ਵੱਲੋਂ ਮਜ਼ਦੂਰ ਜਮਾਤ ਦੀ ਕੀਤੀ ਗਈ ਸੇਵਾ ਨੂੰ ਕੁੱਝ ਲਫਜ਼ਾਂ ਵਿੱਚ ਇਸ ਤਰ੍ਹਾਂ ਪ੍ਰਗਟ ਕੀਤਾ ਜਾ ਸਕਦਾ ਹੈ: ਉਹਨਾਂ ਨੇ ਮਜ਼ਦੂਰ ਜਮਾਤ ਨੂੰ ਸਿਖਾਇਆ ਕਿ ਇਹ ਆਪਣੇ ਆਪ ਨੂੰ ਜਾਣੇ, ਆਪਣੇ ਆਪ ਤੋਂ ਚੇਤੰਨ ਹੋਵੇ ਤੇ ਉਹਨਾਂ ਨੇ ਸੁਪਨਿਆਂ ਦੀ ਥਾਂ ਵਿਗਿਆਨ ਦਾ ਬਦਲ ਪੇਸ਼ ਕੀਤਾ।

—ਵ. ਇ. ਲੈਨਿਨ



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ – 35.00 ਰੁ.